# ਸੰਪਾਦਕੀ

ਏ. ਹਕਸਲੇ ਆਪਣੀ ਪੁਸਤਕ ਪਿਰੀਨੀਅਲ ਫਿਲੌਸਫੀ ਵਿਚ ਜੀਵਨ ਦੇ ਰਹੱਸ ਸਬੰਧੀ ਵਿਚਾਰ ਕਰਦਾ ਲਿਖਦਾ ਹੈ ਕਿ ਜੀਵਨ ਦਾ ਭੇਦ ਜਾਨਣ ਲਈ ਤੀਖਣ ਜਗਿਆਸਾ ਅਤੇ ਲੰਮੇ ਸਾਹਸ ਦੀ ਲੋੜ ਹੈ। ਇਸ ਗਿਆਨ ਦਾ ਪੈਂਡਾ ਕਾਫੀ ਲੰਮੇਰਾ ਹੈ ਪਰ ਜੇ ਮਨੁੱਖ ਨੂੰ ਕੋਈ ਐਸਾ ਮਹਾਂਪੁਰਸ਼, ਤੱਤ ਬੇਤਾ, ਗਿਆਨਵਾਨ ਸਤਿ ਪੁਰਸ਼ ਮਿਲ ਜਾਵੇ ਜਿਸ ਨੇ ਜੀਵਨ ਰਹੱਸ ਨੂੰ ਸਮਝ ਲਿਆ ਹੋਵੇ, ਅਨੁਭਵ ਕਰ ਲਿਆ ਹੋਵੇ ਅਤੇ ਜੇ ਉਸ ਵਿਚ ਸਾਡਾ ਵਿਸ਼ਵਾਸ਼ ਦ੍ਰਿੜ੍ਹ ਹੋ ਜਾਵੇ ਤਾਂ ਇਸ ਖੋਜ ਦਾ ਅੱਧਾ ਪੈਂਡਾ ਉਸੇ ਸਮੇਂ ਹੀ ਮੁੱਕ ਗਿਆ ਸਮਝ ਲਵੋ। ਬਾਕੀ ਪੰਧ ਉਸ ਦੀ ਅਗਵਾਈ ਵਿਚ ਸੌਖਾ ਕੱਟਿਆ ਜਾ ਸਕਦਾ ਹੈ। ਐਸਾ ਕਿਉਂ ਹੈ? ਅੱਜ ਜਦ ਕਿ ਮਨੁੱਖ ਨੇ ਗਿਆਨ ਵਿਗਿਆਨ ਰਾਹੀਂ ਬੇਇੰਤਹਾ ਤਰੱਕੀ ਕਰ ਲਈ ਹੈ, ਤਾਰਿਆਂ ਸਤਾਰਿਆਂ ਤਕ ਪੁੱਜਣ ਲਗ ਪਿਆ ਹੈ ਤਾਂ ਜੀਵਨ ਰਹੱਸ ਜਾਣਨਾ ਕਿਵੇਂ ਕਠਨ ਬਾਤ ਹੋ ਸਕਦੀ ਹੈ? ਐਸਾ ਸ਼ੰਕਾ ਉਤਪੰਨ ਹੋਣਾ ਕੁਦਰਤੀ ਗੱਲ ਹੈ।

ਅਸੀਂ ਭਾਗਸ਼ੀਲ ਹਾਂ ਜਿਨ੍ਹਾਂ ਨੂੰ ਗੁਰੂ-ਰੂਪ ਬਾਣੀ, ਜੀਵਨ ਸੇਧ ਦੇਣ ਹਿਤ ਪ੍ਰਾਪਤ ਹੈ। ਗੁਰਬਾਣੀ ਸਾਡੇ ਸਭ ਸ਼ੰਕੇ ਨਵਿਰਤ ਕਰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ -

***ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ॥***
***ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥***
***ਪੰਨਾ - 592***

ਇਹ ਪੜ੍ਹ ਕੇ ਮਨ ਸੋਚ ਵਿਚ ਪੈ ਜਾਂਦਾ ਹੈ - ਕੇਵਲ ਸਤਿਗੁਰੂ ਹੀ ਜਾਗਦਾ ਹੈ। ਕੇਵਲ ਸਤਿਗੁਰੂ ਹੀ ਸੁਚੇਤ ਹੈ। ਹੋਰ ਸਾਰਾ ਸੰਸਾਰ, ਸਾਰੀ ਮਨੁੱਖਤਾ ਸੁੱਤੀ ਪਈ ਹੈ? ਅਵੇਸਲੀ ਹੋਈ ਪਈ ਹੈ ਤਿਨਾਂ ਗੁਣਾਂ ਵਿਚ, ਮੋਹ ਵਿਚ, ਤ੍ਰਿਸ਼ਨਾ ਵਿਚ!!! ਕਿਸ ਦਾ ਮੋਹ? ਕਾਹਦੀ ਤ੍ਰਿਸ਼ਨਾ? ਫਿਰ ਪ੍ਰਸ਼ਨ ਉਠਦਾ ਹੈ ਕੀ ਸਤਿਗੁਰੂ ਤੋਂ ਬਿਨਾਂ ਕੋਈ ਹੋਰ ਵੀ ਐਸਾ ਵਿਅਕਤੀ ਹੈ ਜੋ ਜਾਗਦਾ ਹੈ, ਸੁਚੇਤ ਹੈ? ਏਸੇ ਬਾਣੀ ਵਿਚ ਉਤਰ ਦਿਤਾ ਹੈ ਕਿ ਜੋ ਸਤਿਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ, ਜਿਨ੍ਹਾਂ ਸੁੱਤਿਆਂ ਨੂੰ ਸਤਿਗੁਰੂ ਜਗਾ ਦਿੰਦਾ ਹੈ, ਮਾਇਆ ਦੇ ਮੋਹ ਅਤੇ ਤ੍ਰਿਸ਼ਨਾ ਤੋਂ ਬਚਾ ਕੇ ਸੱਚੇ ਨਾਮ ਨਾਲ ਜੋੜ ਦਿੰਦਾ ਹੈ, ਉਹ ਵੀ ਜਾਗਦੇ ਹਨ। ***ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ (ਪੰਨਾ-920)*** ਬੜਾ ਗੰਭੀਰ ਪ੍ਰਸ਼ਨ ਹੈ - ਮਨੁੱਖਤਾ ਸਾਮ੍ਹਣੇ। ਕੇਵਲ ਗੁਰੂ ਜਾਗਦਾ ਹੈ, ਜਾਂ ਗੁਰੂ ਘੇਰੇ ਵਿਚ ਵਸਦੇ ਗੁਰੂ ਦੇ ਸਿੱਖ, ਗੁਰਮੁਖਿ ਪਿਆਰੇ। ਉਹ ਹੀ ਸੁਚੇਤ ਹਨ ਜੀਵਨ ਹੋਂਦ ਬਾਰੇ, ਜੀਵਨ ਰਹੱਸ ਬਾਰੇ, ਜੀਵਨ ਆਦਰਸ਼ ਬਾਰੇ, ਜੀਵਨ ਦੀਆਂ ਸਹੀ ਕਦਰਾਂ ਕੀਮਤਾਂ ਬਾਰੇ। ਕੇਵਲ ਓਹੀ ਗੁਰੂ ਤੋਂ ਪ੍ਰਾਪਤ ਗਿਆਨ ਰਾਹੀਂ ਜਾਣਦੇ ਹਨ ਕਿ ਇਥੇ ਇਸ ਸੰਸਾਰ ਵਿਚ, ਬ੍ਰਹਿਮੰਡ ਵਿਚ, ਸਾਰੀ ਕਾਇਨਾਤ ਵਿਚ ਪ੍ਰਮਾਤਮ-ਜੋਤਿ ਹੀ ਪਸਰ ਰਹੀ ਹੈ, ਅੰਦਰ, ਬਾਹਰ, ਧਰਤੀ, ਅਕਾਸ਼, ਪੁਲਾੜ ਸਭ ਥਾਂਈ।

ਗੁਰਮਤਿ ਅਨੁਸਾਰ ਜੋ ਸਮਰਥ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ, ਇਸਦੇ ਬਿਪ੍ਰੀਤ ਆਪਣੀ ਹਉਂ, ਆਪਣੇ ਗਿਆਨ ਵਿਗਿਆਨ ਆਸਰਿਤ ਰਹਿੰਦੇ ਹਨ, ਉਹ ਪਰਮ ਤੱਤ ਨੂੰ ਜਾਣ ਨਹੀਂ ਸਕਦੇ, ਉਨ੍ਹਾਂ ਦਾ ਸੰਸਾਰ ਮਾਇਆ ਦਾ ਸੰਸਾਰ ਹੈ, ਉਨ੍ਹਾਂ ਦਾ ਹਭੋ ਕੁਝ ਸੰਸਾਰਕ ਵਸਤੂਆਂ ਦੀ ਪ੍ਰਾਪਤੀ, ਸੰਸਾਰਕ ਰਸਾਂ ਦੇ ਭੋਗ, ਸੰਸਾਰਕ ਰਿਸ਼ਤਿਆਂ ਦੇ ਦੁਖ ਸੁਖ, ਵੈਰ, ਵਿਰੋਧ, ਦੋਸਤੀਆਂ, ਸੱਚ, ਝੂਠ ਦਾ ਵਰਤਾਰਾ ਹੁੰਦਾ ਹੈ। ਗੁਰੂ ਮਹਾਰਾਜ ਐਸੇ ਮਨ ਪਿਛੇ ਲਗੇ ਰਹਿਣ ਵਾਲੇ ਮਨੁੱਖਾਂ ਲਈ ਮਨਮੁਖ ਸ਼ਬਦ ਵਰਤਦੇ ਉਨ੍ਹਾਂ ਦੀ ਸਥਿਤੀ ਦਸਦੇ ਕਹਿੰਦੇ ਹਨ -

***ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ॥***
***ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ***
***ਜਿਨ ਕੰਉ ਧੁਰਿ ਪੂਰਬਿ ਲਿਖਿਆਸਿ॥ ਪੰਨਾ - 593***

ਐਸੇ ਗੁਰੂ ਤੋਂ ਬੇਮੁਖ ਅਗਿਆਨੀ ਪਰਮ ਤੱਤ ਤੋਂ ਅੰਨ੍ਹੇ ਹਨ, ਅਚੇਤ ਹਨ, ਪ੍ਰਭੂ ਨੂੰ ਸਿਮਰਦੇ ਨਹੀਂ ਅਤੇ ਜਨਮ ਮਰਨ ਦੇ ਗੇੜ ਵਿਚ ਪੈ ਕੇ ਤਬਾਹ ਹੋ ਰਹੇ ਹਨ। ਅਜਿਹੇ ਲੋਕ ਹੀ ਤਿਨਾਂ ਗੁਣਾਂ ਦੇ ਅਸਰ ਅਧੀਨ ਸੁੱਤੇ ਪਏ ਹਨ ਅਤੇ ਸੰਸਾਰ ਵਿਚ ਮਨੁੱਖਾਂ ਦੀ ਬਹੁਤੀ ਗਿਣਤੀ ਇਸ ਗੂੜ੍ਹੀ ਨੀਂਦ ਵਿਚ ਸੁੱਤੀ ਪਈ ਹੈ। ਕੋਈ ਵਿਰਲਾ ਹੀ ਜਾਗਦਾ ਹੈ।

ਮਨੁੱਖ ਦਾ ਸਰੀਰ ਬੜੀ ਦੁਰਲੱਭ ਵਸਤੂ ਹੈ ਕਿਉਂਕਿ ਇਹ ਹਰੀ ਦਾ ਮੰਦਰ ਹੈ, ਇਸ ਵਿਚ ਪਰਮਾਤਮ ਜੋਤਿ ਦਾ ਵਾਸਾ ਹੈ। ਇਸ ਦੇ ਹੱਥ ਪੈਰ, ਅੱਖਾਂ, ਕੰਨ, ਰਸਨਾ, ਮਨ, ਬੁੱਧੀ ਸਭ ਉਸ ਜੋਤਿ ਵਲੋਂ ਪ੍ਰਾਪਤ ਸ਼ਕਤੀ ਕਾਰਨ ਕਿਰਿਆਸ਼ੀਲ ਹਨ ਅਤੇ ਕਮਾਲ ਦੇ ਕਾਰਜ ਕਰਨ ਦੀ ਸਮਰਥਾ ਰਖਦੇ ਹਨ ਪਰ ਜਦੋਂ ਇਨ੍ਹਾਂ ਦਾ ਮਾਲਕ, ਮਨੁੱਖ ਹੀ ਮਾਇਆ ਅਤੇ ਅਗਿਆਨਤਾ ਦੀ ਗੂੜ੍ਹੀ ਨੀਂਦ ਸੌਂ ਜਾਵੇ, ਤਾਂ ਇਸ ਘਰ ਦਾ ਕੀ ਬਣੇਗਾ? ਇਸ ਨੂੰ ਚੋਰਾਂ ਨੇ ਹੀ ਲੁਟਣਾ ਹੈ। ਸੁੱਤੇ ਮਨੁੱਖ ਦੀ ਕੀ ਹਾਲਤ ਹੁੰਦੀ ਹੈ? ਜਿਹੜੀਆਂ ਅੱਖਾਂ ਪ੍ਰਭੂ ਦਰਸ਼ਨ ਦੀਦਾਰ ਕਰਨ ਦੀ ਸਮਰੱਥਾ ਰਖਦੀਆਂ ਹਨ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥ ਪੰਨਾ - 922***

ਪਰ ਨੇਤਰਾਂ ਨੇ ਮਾਲਕ ਪ੍ਰਤੀ ਗਫਲਤ ਦੀ ਨੀਂਦ ਕਾਰਨ ਵਿਕਾਰ ਦ੍ਰਿਸ਼ਟੀ ਧਾਰਨ ਕਰ ਲਈ ਹੈ -

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਪੰਨਾ - 182***

ਕੰਨ ਕਿਸ ਕਾਰਜ ਲਈ ਮਿਲੇ ਸੀ -

***ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥***
***ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥***
***ਪੰਨਾ - 922***

ਪਰ ਸੁੱਤੇ ਮਨੁੱਖ ਦੀ ਕੀ ਹਾਲਤ ਹੈ -



Sri Satguru Jagjit Singh Ji eLibrary NamdhariElibrary@gmail.com

*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥ ਪੰਨਾ - 182*

ਇਹੀ ਹਾਲਤ ਬਾਕੀ ਸਭ ਅੰਗਾਂ ਦੀ ਹੈ। ਜਿਸ ਮਨ ਨੇ ਸੱਚ ਦੀ ਸੰਭਾਲ ਕਰਨੀ ਸੀ -

*ਇਹ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥*
*ਪੰਨਾ - 918*

ਉਹ ਮਨ ਮਾਇਆ ਦੀ ਮਸਤੀ ਵਿਚ ਬੇਹੋਸ਼ ਸੁੱਤਾ ਪਿਆ ਹੈ -

*ਮਨੁ ਸੋਇਆ ਮਾਇਆ ਬਿਸਮਾਦਿ॥ ਪੰਨਾ - 182*

ਇਸ ਤਰ੍ਹਾਂ ਸੰਸਾਰ ਸੁੱਤਾ ਪਿਆ ਹੈ ਅਤੇ ਸੁਤਿਆਂ ਹੀ ਜ਼ਿੰਦਗੀ ਦੀ ਰਾਤ ਬੀਤ ਜਾਂਦੀ ਹੈ।

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥*
*ਪੰਨਾ - 920*

ਸਾਨੂੰ ਸੁੱਤਿਆਂ ਨੂੰ ਜਗਾਉਣਾ ਹੀ ਆਤਮ ਮਾਰਗ ਦਾ ਮੂਲ ਮਨੋਰਥ ਹੈ। ਆਤਮ ਮਾਰਗ ਦੇ ਪਾਂਧੀਆਂ ਨੂੰ ਜਨਮ ਜਨਮ ਦੀ ਅਗਿਆਨਤਾ ਦੀ ਗੂੜ੍ਹੀ ਨੀਂਦਰ ਤੋਂ ਜਗਾ ਕੇ ਜੀਵਨ ਦੇ ਰਹੱਸ ਤੋਂ ਸੁਚੇਤ ਕਰਨਾ ਹੀ ਆਤਮ ਮਾਰਗ ਦਾ ਨਿਸ਼ਾਨਾ ਹੈ। ਇਸ ਦੀ ਵਾਗ ਡੋਰ ਐਸੀ ਸਖਸ਼ੀਅਤ ਦੇ ਹੱਥ ਹੈ, ਜੋ ਪ੍ਰਭੂ ਕ੍ਰਿਪਾ ਸਦਕਾ ਸਦਾ ਜਾਗਰੂਪ ਹਨ, ਗੁਰੂ ਨਦਰ ਸਦਕਾ ਸਦੀਵ ਸੁਚੇਤ ਹਨ, ਜੋ ਅਨਦਿਨ ਨਾਮ ਸਿਮਰਨ ਵਿਚ ਲਿਵਲੀਨ ਰਹਿੰਦੇ ਹਨ। ਐਸੇ ਪ੍ਰਭੂ ਪਿਆਰਿਆਂ ਹਰਿ ਦਾਸਾਂ ਪ੍ਰਤੀ ਗੁਰ ਫੁਰਮਾਨ ਹੈ -

*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥*
*ਪੰਨਾ - 459*

ਸੁੱਤੀ ਮਨੁੱਖਤਾ ਨੂੰ ਜਗਾਣਾ ਹੀ ਮਹਾਂਪੁਰਸ਼ਾਂ ਦਾ ਜੀਵਨ ਆਦਰਸ਼ ਹੈ। ਇਸ ਆਦਰਸ਼ ਦੀ ਪੂਰਤੀ ਲਈ ਹੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਹੋਂਦ ਵਿਚ ਆਇਆ, ਸੁੱਤੀ ਲੋਕਾਈ ਨੂੰ ਗੁਰੂ ਪ੍ਰਤੀ ਜਾਗਰੂਪ ਕਰਨ ਲਈ ਹੀ ਆਤਮ ਮਾਰਗ ਅਤੇ ਪੁਸਤਕਾਂ ਦੀ ਪ੍ਰਕਾਸ਼ਨਾ ਹੋਈ, ਆਡੀਓ ਵੀਡੀਓ ਕੈਸਟਾਂ ਤਿਆਰ ਹੋਈਆਂ, ਰਤਵਾੜਾ ਸਾਹਿਬ ਹੋਂਦ ਵਿਚ ਆਇਆ ਅਤੇ ਹੁਣ ਇਕ ਆਦਰਸ਼ ਸਕੂਲ ਦੀ ਸਿਰਜਨਾ ਦੀ ਵਿਉਂਤ ਬਣ ਰਹੀ ਹੈ ਜਿਸ ਵਿਚ ਉਚ ਕੋਟੀ ਦੀ ਗਿਆਨ ਵਿਗਿਆਨ ਦੀ ਸੰਸਾਰਕ ਵਿਦਿਆ ਤਾਂ ਹੋਵੇਗੀ ਪਰ ਪ੍ਰਥਮ ਸਥਾਨ ਹੋਵੇਗਾ, ਸੱਚਾ ਸੁੱਚਾ ਆਚਰਨ। ਇਥੇ ਮਨੁੱਖਾਂ ਦੀ ਘਾੜਤ ਘੜੀ ਜਾਵੇਗੀ ਤਾਂ ਕਿ ਇਥੋਂ ਪੜ੍ਹਿਆ ਡਾਕਟਰ ਪਹਿਲਾਂ ਆਪ ਜਾਗਰੂਪ ਮਨੁੱਖ ਹੋਵੇ ਤੇ ਮਨੁਖਤਾ ਦੀ ਸੇਵਾ ਉਸ ਦਾ ਆਦਰਸ਼। ਇਥੋਂ ਦਾ ਇੰਜਨੀਅਰ ਕਾਬਲੀਅਤ ਦੇ ਨਾਲ-ਨਾਲ ਲੋਕ ਨਿਰਮਾਨਤਾ ਦਾ ਦਿਲੋਂ ਹਿਤੈਸ਼ੀ ਹੋਵੇ। ਇਥੋਂ ਪੜ੍ਹੇ ਹਰ ਵਿਦਿਆਰਥੀ ਉਪਰ ਗੁਰੂ ਦੇ ਸ਼ਬਦ ਦੀ ਸੱਚੀ ਟਕਸਾਲ ਦੀ ਮੋਹਰ ਛਾਪ ਹੋਵੇਗੀ ਤੇ ਉਹ ਜਿਥੇ ਵੀ ਜਾ ਕੇ ਕਿਰਿਆਸ਼ੀਲ ਹੋਵੇਗਾ, ਰਤਵਾੜਾ ਸਾਹਿਬ, ਗੁਰਮਤਿ ਰੂਹਾਨੀ ਮਿਸ਼ਨ ਅਤੇ ਆਤਮ ਮਾਰਗ ਦਾ ਪ੍ਰਤੀਨਿਧ ਦੂਤ (Ambassador) ਹੋ ਕੇ ਵਿਚਰੇਗਾ।

'ਆਤਮ ਮਾਰਗ' ਅਤੇ ਹੋਰ ਲਿਖਤਾਂ ਰਾਹੀਂ ਮਹਾਂਪੁਰਸ਼ ਸਾਨੂੰ ਸੁੱਤਿਆਂ ਨੂੰ ਕਿਵੇਂ ਸੁਚੇਤ ਕਰਦੇ ਹਨ, ਇਸਦੀ ਇਕ ਵੰਨਗੀ ਦੇਣੀ ਕੁਥਾਂ ਨਹੀਂ ਹੋਵੇਗੀ। ਆਪ ਜੀ ਇਕ ਪ੍ਰਵਚਨ ਵਿਚ ਦਸਦੇ ਹਨ, "ਗੱਲੀਂ ਸਾਰੀ ਦੁਨੀਆਂ ਗਿਆਨੀ ਹੈ - ਪਰ ਮਨ ਦੇ ਅੰਧੇ ਹੋਣ ਕਾਰਨ ਘਟ ਘਟ ਵਿਚ ਵਾਹਿਗੁਰੂ ਪਰੀਪੂਰਨ ਨਹੀਂ ਦਿਸਦਾ, ਅਸੀਂ ਸਹਿਸੇ ਵਿਚ ਭਰੇ ਰਹਿੰਦੇ ਹਾਂ। ਵਿਚਾਰ ਕੇ ਦੇਖੋ, ਅਸੀਂ ਕਿਥੇ ਖੜ੍ਹੇ ਹਾਂ। ਸਾਡਾ ਕਹਿਣਾ ਹੈ ਆਹ ਮੇਰਾ ਸਰੀਰ,....ਸਰੀਰ ਨਾਲ ਚਿੰਬੜੇ ਹੋਏ ਅਨੇਕ ਕਿਸਮ ਦੇ ਸੰਸਕਾਰ ਕਿ ਮੈਂ ਸਿੱਖ ਹਾਂ, ਹਿੰਦੂ ਹਾਂ, ਮੁਸਲਮਾਨ ਹਾਂ, ਖਾਲਸਾ ਹਾਂ, ਪੰਡਤ ਹਾਂ, ਪਾਦਰੀ ਹਾਂ, ਮੇਰੀ ਜਾਤ, ਮੇਰੀ ਗੋਤ, ਮੇਰੀ ਪਛਾਣ, ਇਹ ਭਾਵ ਮਨ ਵਿਚੋਂ ਨਿਕਲਦੇ ਹੀ ਨਹੀਂ। ਇਸ ਦੇ ਪਿਛੋਂ ਸਰੀਰਕ ਸਬੰਧ ਕਰਕੇ ਮੇਰੀ-ਮੇਰੀ-ਮੇਰੀ ਸਾਡੇ ਰੋਮ ਰੋਮ ਵਿਚ ਸਮਾਈ ਹੋਈ ਹੈ। ਮੇਰੀ ਕੋਠੀ, ਮੇਰਾ ਫਾਰਮ, ਧਨ, ਬਿਜ਼ਨਸ, ਰਿਸ਼ਤੇਦਾਰ, ਮੇਰੇ ਧੀਆਂ ਪੁਤ, ਕੁੜਮ-ਕਬੀਲਾ ਪਿਆਰਿਆ! ਕਿਥੇ ਨੱਠ ਕੇ ਜਾਏਂਗਾ? ਇਨ੍ਹਾਂ ਮੇਰੀਆਂ ਮੇਰੀਆਂ 'ਚੋਂ ਕੋਈ ਹੈ ਤਰੀਕਾ ਨਿਕਲਣ ਦਾ? ......ਸਾਡਾ ਵਿਹਾਰ ਕੀ ਹੈ? ਉਹ ਜਜ਼ਬੇ, ਉਹ ਭਾਵ ਜਿਹੜੇ ਸਾਨੂੰ ਹਰ ਪਲ ਪਰਮ ਅਨੰਦ ਦੇ ਰਸਤੇ ਤੋਂ ਹਟਾ ਕੇ ਨਰਕਾਂ ਵਲ ਲਈ ਜਾ ਰਹੇ ਹਨ, ਉਹ ਸਾਡੇ ਮਿਤਰ ਬਣੇ ਹੋਏ ਹਨ। ਜਿਸ ਵਾਹਿਗੁਰੂ ਨੇ ਸਰੀਰ ਦਿਤਾ ਹੈ, ਉਸ ਨੂੰ ਅਸੀਂ ਛਿਨ ਮਾਤਰ ਵੀ ਆਪਣੇ ਅੰਦਰ ਨਹੀਂ ਵਸਾਉਂਦੇ, ਯਾਦ ਵਿਚ ਨਹੀਂ ਵਸਾਉਂਦੇ। ਸਾਨੂੰ ਕਿਤੇ ਇਕ ਜਨਮ ਮਿਲਿਆ ਹੈ? ਅਸੀਂ ਇਕ ਵਾਰੀ ਮਨੁੱਖ ਬਣੇ ਹਾਂ? ਅਨੇਕਾਂ ਵਾਰੀ ਮਾਨਸ ਦੇਹੀ ਮਿਲੀ ਹੈ ਪਰ ਅਸੀਂ ਹਰ ਵਾਰ ਠੱਗੇ ਜਾਂਦੇ ਹਾਂ।...ਸੁਰਤ ਤੋਂ ਖੋਪੇ ਲਾਹ ਕੇ ਵੇਖੋ, ਅਸੀਂ ਕਿਥੇ ਕੁ ਪਹੁੰਚੇ ਹਾਂ। ਓਹੀ ਪੈੜ ਹੈ ਜਿਸ ਵਿਚ ਅਸੀਂ ਬਾਰ-ਬਾਰ ਘੁੰਮ ਰਹੇ ਹਾਂ। ਓਹੀ ਕਾਮ, ਕ੍ਰੋਧ, ਲੋਭ, ਮੋਹੁ, ਅਹੰਕਾਰ ਦੇ ਵਿਹੁ ਵਾਲੇ ਕੰਡਿਆਲੇ ਫਲ ਹਨ, ਓਹੀ ਈਰਖਾ, ਵੈਰ, ਨਫਰਤ, ਸੰਸੇ ਮਨ ਨੂੰ ਘੇਰੀ ਰਖਦੇ ਹਨ।......ਅਸਲੀ ਕੰਮ ਜਿਸ ਕਰਕੇ ਜੀਵ ਸਰੀਰਧਾਰੀ ਹੋਇਆ, ਉਹ ਹੈ ਭਜਨ ਕਰਨਾ, ਨਾਮ ਜਪਣਾ। ਉਸ ਕਾਰਜ ਨੂੰ ਕਰਨ ਵਾਸਤੇ ਤੱਤ ਬੇਤੇ ਸਾਧੂਆਂ, ਮਹਾਂਪੁਰਸ਼ਾਂ, ਗੁਰਸਿੱਖਾਂ ਦੀ ਸੰਗਤ ਵਿਚ ਜਾਹ.......ਐਸੇ ਮਹਾਂਪੁਰਸ਼ ਜੋ ਸਦਾ ਵਾਹਿਗੁਰੂ ਵਿਚ ਲੀਨ ਰਹਿੰਦੇ ਹਨ" (ਪੁਸਤਕ - ਸੁਰਤਿਆਂ ਉਪਜੈ ਚਾਉ, ਪੰਨਾ 188-191)

ਸੁੱਤਿਆਂ ਨੂੰ ਜਾਗਰੂਪ ਕਰਨ ਵਾਲੇ ਐਸੇ ਅੰਮ੍ਰਿਤ ਮਈ ਪ੍ਰਵਚਨ ਆਪ ਜੀ ਨੂੰ ਆਤਮ ਮਾਰਗ ਰਾਹੀਂ ਹਰ ਮਹੀਨੇ ਪ੍ਰਾਪਤ ਹੁੰਦੇ ਹਨ। ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਅਸੀਂ ਸਰਬ ਮਨੁੱਖਤਾ ਦੇ ਹਿਤ ਲਈ, 'ਆਤਮ ਮਾਰਗ' ਦਾ ਸੁਨੇਹਾ ਘਰ ਘਰ ਦੇਈਏ, "ਸੰਗੀ ਸਾਥੀ ਸਗਲ ਤਰਾਈ" ਸਾਡਾ ਆਦਰਸ਼ ਹੋਵੇ, ਅਸੀਂ ਆਪ ਗੂੜ੍ਹੀ ਨੀਂਦ ਤੋਂ ਜਾਗੀਏ ਅਤੇ ਦੂਜਿਆਂ ਨੂੰ ਸੁਚੇਤ ਕਰੀਏ। ਉਮਰਾ ਸੁੱਤਿਆਂ ਹੀ ਨਾ ਬੀਤ ਜਾਵੇ। ਸੇਵਾ ਸਿਮਰਨ ਵਿਚ ਜੀਵਨ ਸਫਲ ਹੋਵੇ। ਸਭ ਦਾ ਗੁਰੂ ਰਾਖਾ, ਰੱਬ ਰਾਖਾ ਹੋਵੇ, ਇਹੋ ਲੋਚਾ ਹੈ।

***(ਡਾ.) ਜਗਜੀਤ ਸਿੰਘ***

'ਆਤਮ ਮਾਰਗ', ਮਾਰਚ, 1999



Sri Satguru Jagjit Singh Ji eLibrary NamdhariElibrary@gmail.com

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

ਸਾਧਸੰਗਤ ਜੀ! ਅੱਜ ਆਪ ਨੇ ਸਾਰਿਆਂ ਨੇ ਹੀ ਮਹਿਸੂਸ ਕੀਤਾ ਹੈ ਕਿ ਸਤਿਸੰਗ ਆਉਣ ਸਮੇਂ ਅਤੇ ਹੁਣ ਵੀ ਬਹੁਤ ਹੀ ਗਹਿਰੀ ਧੁੰਧ ਪੈ ਰਹੀ ਹੈ, ਹੱਥ ਮਾਰਿਆਂ ਨਜ਼ਰ ਨਹੀਂ ਆਉਂਦਾ। ਗੱਡੀਆਂ ਦਾ ਚਾਨਣ ਹਨ੍ਹੇਰੇ ਨੂੰ ਘਟਾਉਂਦਾ ਨਹੀਂ, ਹੋਰ ਵਧਾ ਦਿੰਦਾ ਹੈ। ਟੋਹਾਂ ਲਾ ਲਾ ਕੇ ਆਪਾਂ ਸਤਿਸੰਗ ਸਮਾਗਮ ਵਿਚ ਪਹੁੰਚੇ ਹਾਂ। ਹਨ੍ਹੇਰਾ ਦੂਰ ਕਰਨਾ ਕੋਈ ਔਖੀ ਚੀਜ਼ ਨਹੀਂ ਹੁੰਦੀ, ਛੋਟਾ ਜਿਹਾ ਦੀਵਾ ਬਹੁਤ ਵੱਡੇ ਕਮਰੇ ਵਿਚੋਂ ਹਨ੍ਹੇਰਾ ਦੂਰ ਕਰ ਦਿੰਦਾ ਹੈ, ਛੋਟਾ ਜਿਹਾ ਬਲਬ ਦੂਰ ਤਕ ਪ੍ਰਕਾਸ਼ ਦੇ ਦਿੰਦਾ ਹੈ ਪਰ ਧੁੰਦ ਦੇ ਵਿਚ ਇਸ ਪ੍ਰਕਾਸ਼ ਦੀ ਵੀ ਕੋਈ ਸਮਰਥਾ ਨਹੀਂ, ਸੂਰਜ ਕਿੰਨੀ ਚਮਕਦਾਰ ਸ਼ਕਤੀ ਹੈ ਪਰ ਜਦੋਂ ਧੁੰਧ ਪੈਂਦੀ ਹੈ, ਉਸ ਵੇਲੇ ਕੁਝ ਵੀ ਨਜ਼ਰ ਨਹੀਂ ਆਉਂਦਾ, ਕਿੰਨੇ ਐਕਸੀਡੈਂਟ ਇਸ ਧੁੰਧ ਵਿਚ ਹੁੰਦੇ ਹਨ, ਸਾਰੇ ਬਚ ਬਚ ਕੇ ਚਲਦੇ ਹਨ ਪਰ ਫੇਰ ਵੀ ਧੁੰਧ ਵਿਚ ਕੁਝ ਨਜ਼ਰ ਨਾ ਆਉਣ ਕਰਕੇ ਕਿੰਨੀਆਂ ਕਾਰਾਂ, ਟਰੱਕਾਂ ਦੀਆਂ ਟਕਰਾਂ ਹੋ ਜਾਂਦੀਆਂ ਹਨ ਅਤੇ ਕਿੰਨੀਆਂ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ, ਇਹ ਧੁੰਧ ਜਿਥੇ ਰਸਤਾ ਰੋਕਦੀ ਹੈ, ਕੁਝ ਵੀ ਦਿਸਣ ਨਹੀਂ ਦਿੰਦੀ, ਉਥੇ ਸਾਡੇ ਜੀਵਨ ਉਪਰ ਵੀ ਬਹੁਤ ਮਾਰੂ ਅਸਰ ਕਰਦੀ ਹੈ। ਅਸਾਡੇ ਸਰੀਰ ਨੂੰ ਨਿਯਮਤ ਰੂਪ ਵਿਚ ਸੂਰਜ ਦੀ ਰੋਸ਼ਨੀ ਅਤੇ ਸੂਰਜ ਦੀ ਨਿੱਘ ਦੀ ਲੋੜ ਹੈ। ਜਦੋਂ ਇਹ ਨਹੀਂ ਮਿਲਦੀ ਤਾਂ ਸਰਦੀ ਤੋਂ ਬਚਣ ਵਾਸਤੇ ਅਸੀਂ ਗਰਮ ਕਪੜੇ ਪਹਿਨਦੇ ਹਾਂ, ਫੇਰ ਵੀ ਸਰਦੀ ਨਹੀਂ ਹਟਦੀ। ਫਸਲਾਂ ਦੀ ਉਪਜ ਬਹੁਤ ਘਟ ਹੋ ਜਾਂਦੀ ਹੈ।

ਮੇਰੇ ਯਾਦ ਹੈ ਇਕ ਵਾਰੀ ਜਦੋਂ ਮੈਂ ਯੂ.ਪੀ. ਵਿਚ ਫਾਰਮ ਚਲਾਉਂਦਾ ਸਾਂ, ਉਸ ਵੇਲੇ ਫਰਵਰੀ ਦੇ ਅਖੀਰ ਵਿਚ ਬਹੁਤ ਹੀ ਧੁੰਧ ਪੈਣੀ ਸ਼ੁਰੂ ਹੋ ਗਈ ਅਤੇ ਉਸ ਦੇ ਨਾਲ ਹੀ ਬਹੁਤ ਸਖਤ ਸਰਦੀ ਵੀ ਪੈਣੀ ਸ਼ੁਰੂ ਹੋ ਗਈ, ਨਤੀਜਾ ਇਹ ਹੋਇਆ ਕਿ ਜਦੋਂ ਸਾਡੀਆਂ ਕਣਕਾਂ ਪੱਕ ਗਈਆਂ ਤਾਂ ਬੱਲੀਆਂ ਵਿਚ ਕੋਈ ਵੀ ਦਾਣਾ ਨਹੀਂ ਸੀ ਉਨ੍ਹਾਂ ਦਾ ਰੰਗ ਵੀ ਲੋਹੇ ਰੰਗਾ ਹੋ ਗਿਆ ਸੀ।

ਇਹ ਚੀਜ਼ਾਂ ਤਾਂ ਵਕਤੀ ਤੌਰ ਉਪਰ ਅਸਰ ਕਰਦੀਆਂ ਹਨ, ਧੁੰਧ ਸਦਾ ਨਹੀਂ ਰਹਿੰਦੀ, ਹਵਾ ਚਲ ਪਵੇ ਤਾਂ ਧੁੰਧ ਦੇ ਬੱਦਲਾਂ ਨੂੰ ਛਿਨ ਭਿੰਨ ਕਰਕੇ ਉਸੇ ਵੇਲੇ ਸੂਰਜ ਦੀ ਰੋਸ਼ਨੀ ਦਿਸਣ ਲਗ ਪੈਂਦੀ ਹੈ ਜਿਸ ਨੂੰ ਦੇਖ ਕੇ ਫਸਲਾਂ ਹੁਲਾਰੇ ਮਾਰਨ ਲਗ ਜਾਂਦੀਆਂ ਹਨ, ਪੰਛੀ ਖੁਸ਼ੀ ਵਿਚ ਗੀਤ ਗਾਂਦੇ ਹਨ, ਆਪਣਾ ਚੋਗਾ ਭਾਲ ਲੈਂਦੇ ਹਨ, ਆਦਮੀ ਦੇ ਸਰੀਰ ਉਪਰ ਵੀ ਬਹੁਤ ਫਰਕ ਪੈਂਦਾ ਹੈ ਗਰਮ ਕਪੜੇ ਲਾਹ ਕੇ ਸੂਰਜ ਦੀ ਨਿੱਘ ਲੈਂਦਾ ਅਨੰਦ ਲੈਂਦਾ ਪ੍ਰਤੀਤ ਦਿੰਦਾ ਹੈ। ਇਹ ਸਾਰਾ ਕੁਝ ਸੂਰਜ ਦੀ ਅਣਹੋਂਦ ਕਰਕੇ ਵਾਪਰਿਆ। ਇਸੇ ਤਰ੍ਹਾਂ ਨਾਲ ਆਦਮੀ ਦੇ ਮਨ ਵਿਚ ਵੀ ਬਹੁਤ ਹੀ ਗਹਿਰੀ ਧੁੰਧ ਪਈ ਹੋਈ ਹੈ ਜਿਸ ਨੇ ਅੰਦਰ ਦੇ ਪ੍ਰਕਾਸ਼ ਨੂੰ ਪੂਰੀ ਤਰ੍ਹਾਂ ਢਕਿਆ ਹੋਇਆ ਹੈ ਅਤੇ ਆਪਣੇ ਬਾਹਰਲੇ ਵਜੂਦ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਦਿਸਣ ਦਿੰਦੀ। ਮਨ ਦੀ ਧੁੰਧ ਕੀ ਹੋਈ? ਜੇ ਇਸ ਨੂੰ ਮਨ ਦਾ ਹਨ੍ਹੇਰਾ ਕਹਿ ਦੇਈਏ ਤਾਂ ਇਹ ਬਹੁਤ ਖਤਰਨਾਕ ਚੀਜ਼ ਨਹੀਂ ਹੈ, ਹਨ੍ਹੇਰਾ ਪ੍ਰਕਾਸ਼ ਦੇ ਛੋਟੇ ਤੋਂ ਛੋਟੇ ਯੰਤਰ ਨਾਲ ਵੀ ਦੂਰ ਹੋ ਜਾਂਦਾ ਹੈ ਪਰ ਇਹ ਧੁੰਧ ਦਾ ਪਾਇਆ ਹੋਇਆ ਹਨ੍ਹੇਰਾ ਕਿਸੇ ਤਰ੍ਹਾਂ ਦੂਰ ਨਹੀਂ ਹੁੰਦਾ, ਜ਼ਿੰਦਗੀ ਦੀ ਸਾਰੀ ਚਾਲ ਠੱਪ ਹੋ ਜਾਂਦੀ ਹੈ। ਸੋ ਆਦਮੀ ਦੇ ਅੰਦਰ ਪਿਆ ਹੋਇਆ ਹਨ੍ਹੇਰਾ ਬਹੁਤ ਹੀ ਭਿਆਨਕ ਨਤੀਜੇ ਕੱਢਦਾ ਹੈ ਅਤੇ ਮਨੁੱਖ ਦਾ ਸਾਰਾ ਜਨਮ ਬਰਬਾਦ ਹੋ ਜਾਂਦਾ ਹੈ, ਬਹੁਤ ਮੁਸ਼ਕਲ ਦੇ ਨਾਲ ਇਹ ਮਾਨਸ ਦੇਹ ਹੱਥ ਆਈ ਸੀ ਪਰ ਇਸ ਮਾਨਸਕ ਧੁੰਧ ਨੇ, ਨਾ ਹੀ ਸਤਿ ਦੀ ਰੋਸ਼ਨੀ ਤਕ ਪਹੁੰਚਣ ਦਿਤਾ, ਨਾ ਹੀ ਸਤਿ ਦੇ ਦਰਸ਼ਨ ਹੋਏ। ਸੱਚ ਦਾ ਸੂਰਜ ਸਭ ਦੇ ਅੰਦਰ ਪ੍ਰਕਾਸ਼ਤ ਹੋ ਰਿਹਾ ਹੈ ਪਰ ਰੋਸ਼ਨੀ ਉਸ ਦੀ ਅਸਾਡੇ ਤਕ ਨਾ ਪਹੁੰਚਣ ਕਰਕੇ ਅਸੀਂ ਆਤਮ ਸਰੂਪ ਤੋਂ ਗਿਰ ਕੇ ਜੀਵ ਭਾਵ ਵਿਚ ਆਏ ਅਤੇ ਹੁਣ ਆਪਣੇ ਆਪ ਨੂੰ ਅਸੀਂ ਐਨਾ ਨੀਵਾਂ ਕਰ ਲਿਆ ਹੈ ਕਿ ਅਸੀਂ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ, ਪੰਜਾਂ ਤੱਤਾਂ ਦੀ, ਮਲਮੂਤਰ ਦੀ ਮਹਾਂ ਅਪਵਿੱਤਰ ਦੇਹ ਸਮਝਦੇ ਹਾਂ, ਇਸ ਦੇਹ ਨੂੰ ਹੀ ਅਸੀਂ ਆਪਣਾ ਆਪ ਸਮਝਦੇ ਹਾਂ, ਇਹ ਮਾਨਸਕ ਧੁੰਧ ਹੈ ਜੋ ਸਾਰੀਆਂ ਪਰੇਸ਼ਾਨੀਆਂ ਪੈਦਾ ਕਰਨ ਦੀ ਸਮਰਥਕ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਇਹ ਧੁੰਧ ਸਮੁੱਚੀ ਮਾਨਵਤਾ ਵਿਚ ਫੈਲੀ ਹੋਈ ਸੀ, ਵਾਹਿਗੁਰੂ ਜੀ ਸਭ ਦੇ ਅੰਦਰ ਬਿਰਾਜਮਾਨ ਹਨ ਅਤੇ ਬਾਹਰ ਵੀ ਹਨ। ਇਸ ਗੱਲ ਵਲ ਸਾਡਾ ਕੋਈ ਵੀ ਧਿਆਨ ਨਹੀਂ ਸੀ ਜਾਂਦਾ। ਮਨੁੱਖਤਾ ਕਰਮਾਂ ਕਾਂਡਾਂ ਵਿਚ ਉਲਝੀ ਪਈ ਸੀ। ਕੋਈ ਸੂਰਜ ਨੂੰ ਮੱਥੇ ਟੇਕਦਾ ਸੀ, ਕੋਈ ਚੰਦਰਮਾ ਦੀ ਪੂਜਾ ਕਰਦਾ ਸੀ, ਕੋਈ ਤਾਰਿਆਂ ਨਖਤ੍ਰਾਂ ਦੇ ਅਧੀਨ ਆਪਣੀ ਜੀਵਨ ਨਈਆ ਦੀ ਚਾਲ ਸਮਝਦਾ ਸੀ। ਸ਼ਨਿੱਛਰ ਦੀ ਪੂਜਾ ਕੀਤੀ ਜਾਂਦੀ ਸੀ ਸ਼ਨਿੱਛਰ ਗ੍ਰਹਿ ਤੋਂ ਸਾਰੇ ਹੀ ਡਰਦੇ ਸਨ ਅਤੇ ਅਨੇਕਾਂ ਯਤਨ ਆਪਣੇ ਬਚਾਵ ਤੇ ਸੁਖੀ ਜੀਵਨ ਦੇ ਕਰ ਰਹੇ ਸਨ। ਮੰਗਲ ਗ੍ਰਹਿ ਤੋਂ ਸਾਰੇ ਹੀ ਡਰਦੇ ਸਨ ਇਸ ਨੂੰ ਕਲਾ ਕਲੇਸ਼ ਦਾ ਗ੍ਰਹਿ ਸਮਝਦੇ ਸਨ ਅਤੇ ਅਨੇਕਾਂ ਕਿਸਮ ਦੇ ਛੋਟੇ ਛੋਟੇ ਪੁੰਨ ਕੀਤੇ ਜਾਂਦੇ ਸਨ, ਦਰਿਆਵਾਂ ਨੂੰ ਮੱਥੇ ਟੇਕੇ ਜਾਂਦੇ ਸਨ, ਮਰ ਚੁੱਕੇ ਬੰਦਿਆਂ ਦੀ ਪੂਜਾ ਸ਼ੁਰੂ ਹੋਈ ਹੋਈ ਸੀ, ਕਬਰਾਂ ਨੂੰ ਪੂਜਿਆ ਜਾਂਦਾ ਸੀ ਅਤੇ ਉਨ੍ਹਾਂ ਤੋਂ ਆਪਣੀਆਂ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੰਗਾਂ ਮੰਗੀਆਂ ਜਾਂਦੀਆਂ ਸਨ, ਕੋਈ ਧਰਮਰਾਜ ਦੀ ਹੀ ਪੂਜਾ ਕਰਦਾ ਸੀ, ਜੇ ਕਿਤੇ ਆਦਮੀ ਬਿਮਾਰ ਹੋ ਜਾਵੇ ਅਤੇ ਮਾਤਾ ਨਿਕਲ ਆਵੇ ਤਾਂ ਗਧੇ



Sri Satguru Jagjit Singh Ji eLibrary NamdhariElibrary@gmail.com

ਉਪਰ ਲਾਲ ਕਪੜਾ ਪਾ ਕੇ ਉਸ ਨੂੰ ਮਾਤਾ ਰਾਣੀ ਦਾ ਵਾਹਨ ਜਾਣ ਕੇ ਪੂਜਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਹੇ ਗਧਾ ਦੇਵਤਾ! ਆਪਣੀ ਸਵਾਰੀ ਕਰਨ ਵਾਲੀ ਮਾਤਾ ਰਾਣੀ ਨੂੰ ਸਾਡੀ ਬੇਨਤੀ ਪਹੁੰਚਾ ਕਿ ਉਹ ਬੱਚੇ ਉਪਰ ਹੋ ਰਹੀ ਮਾਤਾ ਦੀ ਸਖਤੀ ਨੂੰ ਨਰਮ ਕਰੇ। ਇਸੇ ਤਰ੍ਹਾਂ ਹੀ ਪਿਪਲਾਂ ਨੂੰ ਪੂਜਿਆ ਜਾਂਦਾ ਸੀ, ਰੋਹੀ ਦੇ ਜੰਡ ਦੀ ਅਤੇ ਕਿੱਕਰ ਦੀ ਬਹੁਤ ਹੀ ਮਹਾਨਤਾ ਮੰਨੀ ਜਾਂਦੀ ਸੀ, ਫਰਜ਼ੀ ਭੂਤਾਂ ਪ੍ਰੇਤਾਂ ਨੂੰ ਦੂਰ ਕਰਨ ਲਈ ਉਨ੍ਹਾਂ ਦੀਆਂ ਜੜ੍ਹਾਂ ਵਿਚ ਖਾਣ ਪੀਣ ਦੀਆਂ ਚੀਜ਼ਾਂ ਰੱਖ ਕੇ ਮੰਗ ਮੰਨੀ ਜਾਂਦੀ ਸੀ ਕਿ ਸਾਡੀ ਭੂਤਾਂ ਪ੍ਰੇਤਾਂ ਤੋਂ ਰਾਖੀ ਕਰਨ। ਚੁਰਾਹਿਆਂ ਵਿਚ ਟੂਣੇ ਕੀਤੇ ਜਾਂਦੇ ਸਨ। ਅੱਗ ਅਤੇ ਪਾਣੀ ਨੂੰ ਬਹੁਤ ਵੱਡਾ ਦੇਵਤਾ ਸਮਝ ਕੇ ਉਸ ਅੱਗੇ ਮੱਥੇ ਟੇਕੇ ਜਾਂਦੇ ਸਨ। ਆਦਮੀ ਦੇ ਮਨ ਵਿਚ ਐਨੀ ਜ਼ਬਰਦਸਤ ਧੁੰਧ ਪੈ ਚੁਕੀ ਸੀ ਕਿ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਚੁਕਿਆ ਸੀ ਕਿ ਉਹ 84 ਲੱਖ ਜੀਵਾਂ ਵਿਚੋਂ ਸਭ ਤੋਂ ਉਤਮ ਹਸਤੀ ਹੈ। ਐਨਾ ਪਾਕ ਹੈ ਕਿ ਉਸ ਦੇ ਅੰਦਰ ਵਾਹਿਗੁਰੂ ਜੀ ਨੇ ਆਪਣਾ ਆਸਣ ਲਾ ਕੇ ਮਨੁੱਖ ਦੀ ਸੋਝੀ ਦਾ ਝਰੋਖਾ ਖੋਲ੍ਹਿਆ ਹੋਇਆ ਹੈ।

ਐਸੀ ਇਕ ਕਥਾ ਆਉਂਦੀ ਹੈ ਕਿ ਜਦੋਂ ਖੁਦਾ ਨੇ ਮਨੁੱਖ ਦਾ ਜੁੱਸਾ ਤਿਆਰ ਕਰ ਲਿਆ ਉਸ ਵਿਚ ਆਪਣੀ ਜੋਤ ਰੱਖ ਦਿਤੀ, ਜੋ ਮਹਾਂ ਪ੍ਰਕਾਸ਼ ਦੀ ਪ੍ਰਤੀਕ ਸੀ ਅਤੇ ਉਸ ਦੇ ਵਿਚ ਹੀ ਅਨਹਦ ਸ਼ਬਦ ਦੀਆਂ ਧੁਨੀਆਂ ਦੀ ਗੁੰਜਾਰ ਭਰ ਦਿਤੀ ਅਤੇ ਖੁਦਾ ਨੇ ਕਿਹਾ ਕਿ ਮੇਰਾ ਜੇ ਕੋਈ ਸਾਰੀ ਸ੍ਰਿਸ਼ਟੀ ਵਿਚੋਂ ਸਰੂਪ ਦੇਖਣਾ ਚਾਹੁੰਦਾ ਹੈ ਤਾਂ ਉਹ ਇਸ ਮਨੁੱਖ ਦੇ ਜੁੱਸੇ ਵਿਚ ਪ੍ਰਗਟ ਹੈ, ਉਸ ਨੇ ਦੇਵਤਿਆਂ ਨੂੰ, ਫਰਿਸ਼ਤਿਆਂ ਨੂੰ ਕਿਹਾ ਕਿ ਸਾਰੇ ਇਸ ਮਨੁੱਖ ਵਜੂਦ ਨੂੰ ਜਿਸ ਵਿਚ ਮੈਂ ਆਪਣਾ ਪ੍ਰਗਟ ਆਸਣ ਲਾਇਆ ਹੋਇਆ ਹੈ ਇਸ ਨੂੰ ਸਿਜਦਾ ਕਰੋ। ਇਹ ਐਨਾ ਉਤਮ ਸਰੀਰ ਹੈ ਕਿ ਇਸ ਦੇ ਰਾਹੀਂ ਹੀ, ਗੁਪਤ ਰਸਤੇ ਰਾਹੀਂ ਮੇਰੇ ਤਕ ਪਹੁੰਚਿਆ ਜਾ ਸਕਦਾ ਹੈ। ਸਾਰੇ ਫਰਿਸ਼ਤਿਆਂ ਨੇ ਖੁਦਾਵੰਦ ਤਾਲਾ ਦਾ ਹੁਕਮ ਮੰਨ ਕੇ ਮਨੁੱਖ ਨੂੰ ਸਿਜਦਾ ਕੀਤਾ ਪਰ ਇਕ ਨੂੰ ਜਿਸਨੂੰ ਪਿਛੋਂ ਸ਼ੈਤਾਨ ਦਾ ਨਾਮ ਦਿਤਾ ਗਿਆ ਉਸ ਨੇ ਸਿਜਦਾ ਨਾ ਕੀਤਾ, ਉਸ ਨੂੰ ਦਰਗਾਹ ਵਿਚੋਂ ਕੱਢ ਦਿਤਾ ਗਿਆ। ਇਹ ਕਥਾ ਇਸ ਗੱਲ ਦੀ ਪ੍ਰਤੀਕ ਹੈ ਕਿ ਮਨੁੱਖ ਦਾ ਜਾਮਾ ਸਭ ਤੋਂ ਪਵਿੱਤਰ ਜਾਮਾ ਹੈ, ਜਿਸ ਦੀ ਲੋਚਾ ਦੇਵਤਾ ਲੋਕ ਆਪਣੇ ਸਵਰਗਾਂ ਵਿਚ ਬੈਠੇ ਹੋਏ ਕਰਦੇ ਹਨ ਕਿਉਂਕਿ ਇਸ ਮਨੁੱਖ ਜਾਮੇ ਵਿਚ ਅਜਿਹੇ ਕਰਤੱਵ ਕੀਤੇ ਜਾ ਸਕਦੇ ਹਨ ਜਿਨ੍ਹਾਂ ਨਾਲ ਇਹ ਮਨੁੱਖ ਆਪਣੇ ਅਸਲੀ ਸਰੂਪ ਨੂੰ ਜਾਣ ਕੇ ਪ੍ਰਮੇਸ਼ਰ ਤਕ ਪਹੁੰਚ ਸਕਦਾ ਹੈ ਅਤੇ ਉਸ ਵਿਚ ਅਭੇਦ ਹੋ ਸਕਦਾ ਹੈ ਪਰ ਮਾਨਸਕ ਧੁੰਧ ਨੇ ਇਸ ਨੂੰ ਪੂਰੀ ਤਰ੍ਹਾਂ ਭੁਲਾ ਦਿਤਾ ਅਤੇ ਇਹ ਦੁਖੀ ਹੁੰਦਾ ਹੋਇਆ ਜੰਮਦਾ ਹੈ, ਮਰਦਾ ਹੈ, ਇਹ ਇਸ ਸਤਿ ਅਵਸਥਾ ਨੂੰ ਭੁੱਲ ਗਿਆ ਕਿ ਇਹ ਆਪ ਹੀ ਪ੍ਰਮੇਸ਼ਰ ਹੈ, ਪਰ ਇਸ ਦੇ ਵਿਪਰੀਤ ਇਹ ਆਪਣੇ ਆਪ ਨੂੰ ਪ੍ਰਮੇਸ਼ਰ ਤੋਂ ਵਖਰਾ ਕਰਕੇ ਨਿਮਾਣਾ ਤੇ ਨਿਤਾਣਾ ਜੀਵਨ ਸਮਝਣ ਲਗ ਗਿਆ ਅਤੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਕੁਰਲਾਅ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਇਸ ਧੁੰਧ ਨੂੰ ਮਿਟਾਉਣ ਲਈ ਸੰਸਾਰ ਉਪਰ ਗੁਰੂ ਪ੍ਰਮੇਸ਼ਰ ਦੇ ਰੂਪ ਵਿਚ ਪ੍ਰਗਟ ਹੋਏ, ਉਨ੍ਹਾਂ ਦੇ ਉਪਦੇਸ਼ ਨਾਲ ਮਨੁੱਖ ਦੇ ਅੰਦਰੋਂ ਅਤੇ ਬਾਹਰੋਂ ਧੁੰਧ ਦਾ ਨਾਮ ਨਿਸ਼ਾਨ ਹੀ ਮਿਟ ਗਿਆ ਪਰ ਫੇਰ ਵੀ ਅਸਾਡੇ ਅੰਦਰ ਧੁੰਧ ਕਾਇਮ ਹੈ। ਇਸ ਦਾ ਮਤਲਬ ਇਹ ਹੋਇਆ ਕਿ ਅਜੇ ਤੀਕਰ ਸਾਨੂੰ ਉਹ ਚੀਜ਼ ਦੀ ਪ੍ਰਾਪਤੀ ਨਹੀਂ ਹੋਈ ਜਿਸ ਦੇ ਨਾਲ ਅਚਾਨਕ ਧੁੰਧ ਦਾ ਖਾਤਮਾ ਹੋ ਜਾਵੇ।

ਹੁਣ ਕਲਜੁਗ ਦਾ ਸਮਾਂ ਹੈ, ਇਹ ਧੁੰਧ ਦਾ ਪਾਇਆ ਹੋਇਆ ਹਨ੍ਹੇਰਾ ਵਧ ਹੀ ਰਿਹਾ ਹੈ ਘਟ ਨਹੀਂ ਰਿਹਾ। ਇਸ ਦਾ ਕੀ ਕਾਰਨ ਹੋਇਆ, ਕੀ ਕੋਈ ਐਸਾ ਉਪਾਓ ਹੈ ਜਿਸ ਨਾਲ ਇਹ ਧੁੰਧ ਦਾ ਖਾਤਮਾ ਹੋ ਸਕੇ, ਗੁਰੂ ਨਾਨਕ ਪਾਤਸ਼ਾਹ ਜੀ ਨੇ ਪ੍ਰਮ ਪ੍ਰਕਾਸ਼ਵਾਨ ਪ੍ਰਭੂ ਪਿਤਾ ਦੇ ਰੂਪ ਨੂੰ ਸੰਸਾਰ ਵਿਚ ਪ੍ਰਗਟ ਕਰਦਿਆਂ ਫੁਰਮਾਇਆ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਅਤੇ ਨਾਲ ਹੀ ਉਸ ਦੀ ਦਸ ਪਾਉਂਦਿਆਂ ਉਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਆਪ ਨੇ ਫੁਰਮਾਨ ਕੀਤਾ ਕਿ ਉਹ ਵਾਗਿਗੁਰੂ ਜੀ ਸਭ ਆਦਾਂ ਤੋਂ ਪਹਿਲੇ ਆਦਿ ਹਨ, ਇਹ ਕਹਿਣਾ ਵੀ ਗਲਤ ਹੈ ਕਿ ਉਹ ਆਦਾਂ ਦੇ ਆਦਿ ਹਨ ਕਿਉਂਕਿ ਉਹ ਅਨਾਦਿ ਹਨ। ਸਦਾ ਤੋਂ ਹੀ ਹਨ, ਕਦੇ ਉਨ੍ਹਾਂ ਦਾ ਆਦਿ ਹੋਇਆ ਹੀ ਨਹੀਂ, ਪਰ ਜਦੋਂ ਆਦਿ ਦੀ ਅਸੀਂ ਗੱਲ ਕਰਦੇ ਹਾਂ ਉਸ ਬਾਰੇ ਜਾਣਕਾਰੀ ਭਾਈ ਗੁਰਦਾਸ ਜੀ ਨੇ ਦਿਤੀ ਹੈ ਉਹ ਫੁਰਮਾਨ ਕਰਦੇ ਹਨ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥***
***ਭਾਈ ਗੁਰਦਾਸ ਜੀ, ਵਾਰ 26/2***

ਸੋ ਇਸ ਨੂੰ ਆਦਿ ਕਿਹਾ ਗਿਆ ਹੈ, ਉਸ ਆਦਿ ਦੇ ਸਮੇਂ ਵਿਚ ਭੀ, ਵਾਹਿਗੁਰੂ ਜੀ ਆਪਣੀ ਮਹਿਮਾ ਵਿਚ ਆਪ ਪੂਰੀ ਤਰ੍ਹਾਂ ਨਾਲ ਸਥਿਤ ਸਨ, ਜਦੋਂ ਸਮਾਂ ਅਤੇ ਦੇਸ਼ ਵਸਤੂ (Time & space) ਵਜੂਦ ਵਿਚ ਆਈ ਉਸ ਵੇਲੇ ਨਾ ਸਮਾਂ ਕੋਈ ਹੋਰ ਚੀਜ਼ ਸੀ ਅਤੇ ਨਾ ਹੀ ਵਸਤੂ ਹੀ ਕੋਈ ਹੋਰ ਚੀਜ਼ ਸੀ। ਉਹ ਵਾਹਿਗੂਰੂ ਜੀ ਦਾ ਆਪਣਾ ਹੀ ਸਰੂਪ ਸੀ, ਇਸ ਦਾ ਸੁਖੈਨ ਬੋਲੀ ਵਿਚ ਇਹ ਅਰਥ ਹੋਇਆ ਕਿ ਜਿਸ ਵਕਤ ਵਾਹਿਗੁਰੂ ਨੇ ਪ੍ਰਕ੍ਰਿਤੀ ਅਤੇ ਮਾਇਆ ਦੀ ਸਥਾਪਨਾ ਕੀਤੀ, ਤਾਂ ਇਹ ਦੋਨੋਂ ਚੀਜ਼ਾਂ ਵਾਹਿਗੁਰੂ ਤੋਂ ਵਖਰੀਆਂ ਨਹੀਂ ਆਖੀਆਂ ਜਾ ਸਕਦੀਆਂ, ਇਹ ਵਾਹਿਗੁਰੂ ਦਾ ਆਪਣਾ ਹੀ ਇਕ ਰੂਪ ਸੀ, ਜਿਸ ਵਕਤ ਸੂਰਜ ਦੀ ਪਹਿਲੀ ਕਿਰਨ ਦਾ ਪ੍ਰਕਾਸ਼ ਹੋਇਆ ਅਤੇ ਸਮੇਂ ਦੀ ਗਣਨਾ ਸ਼ੁਰੂ ਹੋਈ, ਉਸ ਆਦਿ ਜੁਗਾਦੀ ਸਮੇਂ ਵਿਚ ਵੀ ਇਥੇ ਹੋਰ ਕੋਈ ਦਾਖਲ ਨਹੀਂ ਹੋਇਆ ਉਹ ਆਪ ਹੀ ਆਪ ਸਨ, ਹੁਣ ਜਦੋਂ ਅਸੀਂ ਸੰਸਾਰ ਨੂੰ ਦੇਖ ਰਹੇ ਹਾਂ, ਇਸ ਵਿਚ ਵੀ ਨਾ ਹੀ ਕੋਈ ਮਾਇਆ ਹੈ, ਨਾ ਹੀ ਕੋਈ ਛਾਇਆ ਹੈ, ਨਾ ਹੀ ਕੋਈ ਵਖਰੀ ਚੀਜ਼ ਹੈ, ਇਹ ਪ੍ਰਮੇਸ਼ਰ ਆਪ ਹੀ ਇਕ ਤੋਂ ਅਨੇਕ ਰੂਪ ਹੋ ਕੇ ਅਨੇਕਾਂ ਜਿਨਸਾਂ, ਰੰਗਾਂ, ਜਾਤੀਆਂ ਵਿਚ ਪ੍ਰਤੱਖ ਰੂਪ ਵਿਚ ਦਿਸ ਰਿਹਾ ਹੈ ਕਿਸੇ ਤਰੀਕੇ ਨਾਲ ਵੀ ਇਸ ਹੋਂਦ ਨੂੰ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਉਹ ਇਕੋ ਇਕ ਹੈ, ਏਕੰਕਾਰ ਹੀ ਹੈ। ਅਸਾਡੇ ਬਹੁਤ ਸਾਰੇ ਚਿੰਤਕ ਪ੍ਰਕ੍ਰਿਤੀ ਦੀ ਹੋਂਦ ਨੂੰ ਵਖਰਾ ਮੰਨਦੇ ਹਨ, ਅਤੇ ਮਾਇਆ ਨੂੰ ਅਨਾਦੀ ਮੰਨਦੇ ਹਨ ਅਤੇ ਕਈ ਚਿੰਤਕਾਂ ਨੇ ਇਸ ਨੂੰ ਅਨਰਬਚਨੀ ਕਿਹਾ ਹੈ ਕਿ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਮਾਇਆ ਕੀ ਹੈ, ਉਸ ਦੀ ਹੋਂਦ ਕੀ ਹੈ, ਕੀ ਉਸ ਦੀ ਹੋਂਦ ਝੂਠੀ ਹੈ ਜਾਂ ਉਸ ਦੀ ਹੋਂਦ ਸੱਚੀ ਹੈ। ਪ੍ਰਕ੍ਰਿਤੀ ਦੀ ਹੋਂਦ ਬਾਰੇ ਕਈ ਮਹਾਂਪੁਰਸ਼ ਆਪਣੇ ਚਿੰਤਨਾਂ ਰਾਹੀਂ ਪ੍ਰਗਟ ਕਰਦੇ ਹਨ ਕਿ ਪ੍ਰਭੂ ਨੇ ਹਉਮੈ


Sri Satguru Jagjit Singh Ji eLibrary NamdhariElibrary@gmail.com

ਤੱਤ ਦੀ ਉਪਜ ਕੀਤੀ, ਜਿਸ ਤੋਂ ਪੰਜ ਸੂਖਸ਼ਮ ਭੂਤ – ਸ਼ਬਦ, ਸਪਰਸ਼, ਰੂਪ, ਰਸ, ਗੰਧ ਹੋਂਦ ਵਿਚ ਆਏ ਅਤੇ ਉਨ੍ਹਾਂ ਤੋਂ ਸਥੂਲ ਭੂਤ ਸ਼ਬਦ ਤੋਂ ਅਕਾਸ਼, ਸਪਰਸ਼ ਤੋਂ ਹਵਾ, ਰੂਪ ਤੋਂ ਤੇਜ (ਅੱਗ), ਰਸ ਤੋਂ ਪਾਣੀ ਅਤੇ ਗੰਧ ਤੋਂ ਮਿੱਟੀ ਵਰਗੇ ਠੋਸ ਤੱਤ ਬਣੇ ਜਿਨ੍ਹਾਂ ਨੂੰ ਪੰਜ ਤੱਤ ਕਿਹਾ ਜਾਂਦਾ ਹੈ। ਜਿਨ੍ਹਾਂ ਵਿਚ ਚੇਤਨ ਕਲਾ ਰਲਾ ਕੇ, ਸ੍ਰਿਸ਼ਟੀ ਦੇ ਤਿੰਨ ਗੁਣ ਰਜੋ, ਤਮੋ, ਸਤੋ ਗੁਣ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਦੇ ਸੰਤੁਲਨ ਦੀ ਅਦਲਾ ਬਦਲੀ ਹੋਣ ਕਰਕੇ ਬੇਅੰਤ ਕਿਸਮ ਦੀਆਂ ਸ੍ਰਿਸ਼ਟੀਆਂ ਵਜੂਦ ਵਿਚ ਆਈਆਂ। ਬੇਅੰਤ ਕਿਸਮ ਦੇ ਜੀਵ ਜੰਤੂ ਵਜੂਦ ਵਿਚ ਆਏ, ਉਨ੍ਹਾਂ ਨੇ ਪ੍ਰਕ੍ਰਿਤੀ ਨੂੰ ਵਖਰਾ ਤੱਤ ਮੰਨ ਲਿਆ ਅਤੇ ਮਾਇਆ ਨੂੰ ਵੀ ਵਖਰਾ ਤੱਤ ਮੰਨ ਕੇ ਇਹ ਸਪਸ਼ਟ ਕੀਤਾ ਕਿ ਈਸ਼ਵਰ ਨੇ ਮਾਇਆ ਦੀ ਮਦਦ ਲੈ ਕੇ ਪ੍ਰਕ੍ਰਿਤੀ ਦੀ ਹੋਂਦ ਰਾਹੀਂ ਸੰਸਾਰਾਂ ਦੀ ਰਚਨਾ ਕੀਤੀ। ਉਨ੍ਹਾਂ ਦੇ ਵਿਚਾਰ ਵਿਚ ਇਹ ਸੀ ਕਿ ਵਾਹਿਗੁਰੂ ਜੀ ਸਤਿ ਚਿਤ ਅਨੰਦ ਅਤੇ ਪ੍ਰੇਮ ਦਾ ਰੂਪ ਹਨ, ਇਸ ਵਿਚ ਦੁਖ ਦੀ ਅਣਹੋਂਦ ਹੈ, ਕਲੇਸ਼ ਦੀ ਪੂਰੀ ਤਰ੍ਹਾਂ ਨਾਲ ਅਭਾਵਿਤਾ ਹੈ, ਇਹ ਦੁੱਖ ਅਤੇ ਕਲੇਸ਼ ਅਵਿਦਿਆ, ਅਸਮਿਤਾ, ਰਾਗ, ਦ੍ਵੈਸ਼, ਅਭਿਨਿਵੇਸ਼ ਦੀ ਉਪਜ ਪ੍ਰਮੇਸ਼ਰ ਵਿਚੋਂ ਨਹੀਂ ਹੋ ਸਕਦੀ, ਇਥੇ ਜ਼ਰੂਰ ਕੋਈ ਅਜਿਹਾ ਤੱਤ ਹੈ ਜਿਨ੍ਹਾਂ ਵਿਚੋਂ ਇਹ ਛਿਨਭੰਗਰ ਵਜੂਦ ਹੋਂਦ ਵਿਚ ਆਏ ਅਤੇ ਦੁਖ ਦਾ ਵਜੂਦ ਕਾਇਮ ਹੋਇਆ। ਉਨ੍ਹਾਂ ਨੇ ਦੋ ਤੱਤ ਸਪਸ਼ਟ ਰੂਪ ਵਿਚ ਮੰਨ ਲਏ ਇਕ ਸਤਿ ਚਿਤ ਅਨੰਦ, ਇਕ ਨਾ ਜਾਣਿਆ ਜਾਣ ਵਾਲਾ, ਨਾ ਦਿਖਣ ਵਾਲਾ, ਨਾ ਕਿਸੇ ਤਰ੍ਹਾਂ ਕਾਬੂ ਵਿਚ ਆਉਣ ਵਾਲਾ, ਪਰ ਸਾਰਿਆਂ ਵਿਚ ਸਥਿਤ ਉਹ ਚੇਤਨ ਤੱਤ ਜੋ ਸਭ ਵਿਚ ਪਰੀਪੂਰਨ ਹੈ ਪਰ ਉਸ ਦੀ ਚੇਤਨ ਸੱਤਾ ਤੋਂ ਸੱਤਾ ਪ੍ਰਾਪਤ ਕਰਕੇ ਮਾਇਆ ਅਨੇਕਾਂ ਰੂਪਾਂ ਵਿਚ ਖੇਲ੍ਹ ਕਰ ਰਹੀ ਹੈ। ਗੁਰੂ ਮਹਾਰਾਜ ਜੀ ਨੇ ਇਸ ਦੇ ਵਿਪਰੀਤ ਫੁਰਮਾਨ ਕੀਤਾ ਕਿ ਇਥੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਆਪ ਆਪਣੀ ਮਹਿਮਾ ਵਿਚ ਸਥਿਤ ਕੌਤਕ ਕਰ ਰਹੇ ਹਨ। ਸਾਰੇ ਕੌਤਕ ਉਸ ਦੀ ਹੋਂਦ ਦੇ ਪ੍ਰਤੀਕ ਹਨ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਅਕਰਤਾ ਨਹੀਂ ਹੈ ਅਤੇ ਉਹ ਇਕੋ ਥਾਂ ਆਪਣੇ ਆਪ ਵਿਚ ਲੀਨ ਹੋਇਆ ਬੈਠਾ ਨਹੀਂ ਹੈ, ਉਹ ਨਾਮ ਸ਼ਕਤੀ ਹੈ ਜਿਸ ਨੇ ਸਾਰੇ ਵਜੂਦਾਂ ਨੂੰ ਧਾਰਨ ਕੀਤਾ ਹੋਇਆ ਹੈ, ਇਕ ਪਾਸੇ ਨਾਮ ਵੀ ਉਹ ਆਪ ਹੈ, ਦੂਜੇ ਪਾਸੇ ਜੋ ਵਜੂਦ ਹਨ ਉਹ ਵੀ ਆਪ ਹੀ ਹੈ, ਆਪ ਹੀ ਆਪਣੇ ਆਪ ਨੂੰ ਧਾਰਨ ਕੀਤਾ ਹੋਇਆ ਹੈ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥***
***ਨਾਮ ਕੇ ਧਾਰੇ ਆਗਾਸ ਪਾਤਾਲ॥***
***ਨਾਮ ਕੇ ਧਾਰੇ ਸਗਲ ਆਕਾਰ॥***
***ਨਾਮ ਕੇ ਧਾਰੇ ਪੁਰੀਆ ਸਭ ਭਵਨ॥***
***ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥***
***ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥***
***ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥***
***ਪੰਨਾ – 284***

ਗੁਰੂ ਮਹਾਰਾਜ ਜੀ ਨੇ ਸਤਿ ਦਾ ਪ੍ਰਕਾਸ਼ ਕਰਕੇ ਮਾਨਸਕ ਧੁੰਧ ਦੂਰ ਕਰਨ ਲਈ, ਕੁਝ ਸਾਧਨ ਬਣਾਏ, ਜਿਨ੍ਹਾਂ ਵਿਚ ਪ੍ਰਮੁੱਖ ਸਾਧਨ – ਸਤਿਸੰਗ ਹੈ। ਸਤਿਸੰਗ ਕਿਹੋ ਜਿਹਾ ਹੋਵੇ? ਜਿਥੇ ਕੇਵਲ ਨਾਮ ਦੀ ਗੱਲ ਹੋ ਰਹੀ ਹੋਵੇ –

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥***
***ਏਕੋ ਨਾਮੁ ਹੁਕਮੁ ਹੈ***
***ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ ਪੰਨਾ – 72***

ਆਪ ਨੇ ਫੁਰਮਾਨ ਕੀਤਾ ਕਿ ਇਹ ਸਤਿ ਮਨੁੱਖੀ ਬੁੱਧੀ ਦਾ ਵਿਰਸਾ ਨਹੀਂ ਹੈ, ਮਨੁੱਖੀ ਬੁੱਧੀ ਵਿਚੋਂ ਅਨੇਕ ਕਿਸਮ ਦੇ ਸਾਸ਼ਤਰ, ਧਾਰਮਕ ਪੁਸਤਕਾਂ ਵਜੂਦ ਵਿਚ ਆਈਆਂ ਜੋ ਪ੍ਰਮੇਸ਼ਰ ਬਾਰੇ ਸੋਚ ਰਹੀਆਂ ਹਨ, ਜਿਨ੍ਹਾਂ ਵਿਚੋਂ ਪ੍ਰਮੁੱਖ ਸਾਂਖ ਸਾਸ਼ਤਰ, ਨਿਆਏ ਸਾਸ਼ਤਰ, ਉਤਰ ਮੀਮਾਂਸਾ ਸਾਸ਼ਤਰ, ਵਿਸ਼ੇਸ਼ਕ ਸਾਸ਼ਤਰ, ਪਾਤੰਜਲ ਸਾਸ਼ਤਰ, ਵੇਦਾਂਤ ਸਾਸ਼ਤਰ ਆਦਿ ਵਜੂਦ ਵਿਚ ਆਏ, ਹੋਰ ਅਨੇਕਾਂ ਪੁਸਤਕਾਂ ਇਸ ਸੱਚ ਨੂੰ ਜਾਨਣ ਲਈ ਲਿਖੀਆਂ ਗਈਆਂ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸੱਚ ਨੂੰ ਜਾਨਣਾ ਬੁੱਧੀ ਦਾ ਵਿਸ਼ਾ ਨਹੀਂ ਹੈ, ਬੁੱਧੀ ਅਗੰਮ ਅਤੇ ਅਗੋਚਰ ਵਿਚ ਝਾਤੀ ਮਾਰਨੋਂ ਅਸਮਰਥ ਹੈ, ਇਹ ਉਥੇ ਪਹੁੰਚ ਨਹੀਂ ਸਕਦੀ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਪੰਨਾ – 1***

ਆਪ ਨੇ ਫੁਰਮਾਇਆ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਆਦਿ ਦੀ ਨਾ ਹੀ ਲੰਮੀ ਚੁੱਪ ਕਰਿਆਂ, ਨਾ ਲੰਮੀ ਸਮਾਧੀ ਵਿਚ ਲੀਨ ਹੋਇਆਂ ਜਿਸ ਨੂੰ ਅਸੀਂ ਸਾਧਨਾ (meditation) ਕਹਿੰਦੇ ਹਾਂ, ਕੁਝ ਸੋਝੀ ਹੋ ਸਕਦੀ ਹੈ। ਸਾਧਨਾ (meditation) ਅਤੇ ਨਾਮ ਜਾਪ ਵਿਚ ਬਹੁਤ ਫਰਕ ਹੈ। ਸਾਧਨਾ (meditation) ਮਨ ਬਿਰਤੀਆਂ ਨੂੰ ਰੋਕ ਕੇ ਕਿਸੇ ਇਕ ਪੁਆਇੰਟ ਤੇ ਮਨ ਕੇਂਦਰਤ ਕਰਨ ਨੂੰ ਆਖਦੇ ਹਨ ਪਰ ਨਾਮ ਜਾਪ, ਨਾਮ ਦੀ ਸਮਾਧੀ ਕਿਸੇ ਸ਼ਬਦ ਦੀ ਧੁਨ ਅਤੇ ਕਿਸੇ ਕਲਪਤ ਕੇਂਦਰ ਉਤੇ ਲਗਾਤਾਰ ਧਿਆਉਣ ਤੋਂ ਵਿਪਰੀਤ ਹੈ, ਇਸ ਵਿਚ ਵਾਹਿਗੁਰੂ ਜੀ ਜੋ ਸਰਬ ਕਲਾ ਸਮਰੱਥ ਹਨ, ਪਿਆਰ ਕਰਦੇ ਹਨ, ਘਟ ਘਟ ਦੇ ਜਾਨਣਹਾਰ ਜੋ ਨਿਰੇ ਆਪਣੇ ਹਨ ਉਨ੍ਹਾਂ ਦੇ ਪਿਆਰ ਅਤੇ ਉਨ੍ਹਾਂ ਦੀ ਹੋਂਦ ਵਿਚ ਲੀਨ ਹੋ ਕੇ ਸਾਰੀਆਂ ਇੰਦ੍ਰੀਆਂ ਉਪਰ ਕਾਬੂ ਪਾ ਕੇ ਅਭੇਦ ਹੋਣ ਨੂੰ ਨਾਮ ਸਮਾਧੀ ਆਖਿਆ ਜਾਂਦਾ ਹੈ। ਇਸ ਵਿਚ ਬੇਅੰਤ ਸ਼ਕਤੀ ਅਤੇ ਜੀਵਨ ਦੀ ਰੌਅ ਚਲ ਰਹੀ ਹੁੰਦੀ ਹੈ। ਧਿਆਨ (meditation) ਇਕ ਨਿਰਾਰਥਕ ਕ੍ਰਿਆ ਹੈ ਜਿਸ ਤਰ੍ਹਾਂ ਦੇ ਨਾਲ ਤ੍ਰਾਟਕ ਦੀ ਕ੍ਰਿਆ, ਮਾਨਸਕ ਸ਼ਕਤੀਆਂ ਦੇ ਉਭਾਰ ਲਈ ਕੀਤੀ ਜਾਂਦੀ ਹੈ, ਇਸੇ ਤਰ੍ਹਾਂ ਧਿਆਨ (meditation) ਮਾਨਸਕ ਸ਼ਕਤੀਆਂ ਦੇ ਉਭਾਰ ਲਈ ਕੀਤੀ ਜਾਂਦੀ ਹੈ। ਪਰ ਵਾਹਿਗੁਰੂ ਜੀ ਨੂੰ ਵੇਖਣ ਲਈ ਨਹੀਂ ਕੀਤੀ ਜਾਂਦੀ। meditation ਇਕ ਤਰ੍ਹਾਂ ਦਾ ਮਾਇਆਵੀ ਰਸਤਾ ਹੈ, ਜਿਸ ਵਿਚ ਮਾਇਆਵੀ ਸ਼ਕਤੀਆਂ ਪੈਦਾ ਹੁੰਦੀਆਂ ਹਨ, ਨਾਮ ਅਧਿਆਤਮਕ ਮਾਰਗ ਹੈ ਜਿਸ ਵਿਚ ਵਾਹਿਗੁਰੂ ਜੀ ਨਾਲ ਜੁੜਿਆ ਜਾਂਦਾ ਹੈ ਅਤੇ ਉਸ ਵਿਚ ਆਪਣਾ ਆਪਾ ਅਭੇਦ ਕਰਕੇ ਉਸ ਸਰੂਪ ਦੀ ਪ੍ਰਾਪਤ ਹੋ ਜਾਂਦੀ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥***
***ਪੰਨਾ – 1***



Sri Satguru Jagjit Singh Ji eLibrary NamdhariElibrary@gmail.com

ਜੇ ਇਹ ਸਮਝ ਲਿਆ ਜਾਵੇ ਕਿ ਸਾਰੇ ਭੋਗਾਂ ਨੂੰ ਭੋਗ ਕੇ, ਫੇਰ ਇੰਦ੍ਰਿਆਂ ਨੂੰ ਵਸ ਵਿਚ ਕਰਕੇ ਇਸ ਪ੍ਰਮ ਤੱਤ ਤਕ ਪਹੁੰਚਿਆ ਜਾਵੇ ਇਸ ਬਾਰੇ ਵੀ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਭੋਗਾਂ ਨੂੰ ਭੋਗਣ ਨਾਲ ਭੋਗਾਂ ਦੀ ਰੁਚੀ ਵਧਦੀ ਹੈ ਜਿਵੇਂ ਅੱਗ ਵਿਚ ਵਧੇਰੀਆਂ ਲੱਕੜਾਂ ਪਾਉਣ ਨਾਲ ਹੋਰ ਭਾਂਬੜ ਮਚਦਾ ਹੈ ਇਸੇ ਤਰ੍ਹਾਂ ਨਾਲ ਮਨ ਦੀ ਭੁੱਖ ਵੀ ਨਹੀਂ ਉਤਰਦੀ। ਭੋਗਣ ਦੀ ਰੁਚੀ ਸਿਖਰ ਤੇ ਚਲੀ ਜਾਂਦੀ ਹੈ ਅਤੇ ਇਹ ਮਿਟਣ ਦਾ ਨਾਮ ਨਹੀਂ ਲੈਂਦੀ। ਭੋਗਾਂ ਦੀ ਰੁਚੀ ਜੀਵ ਨੂੰ ਜੰਮਣ ਮਰਨ ਦੇ ਚੱਕਰ ਵਿਚ ਘੁੰਮੇਟਣੀਆਂ ਦੇਣੀਆਂ ਸ਼ੁਰੂ ਕਰ ਦਿੰਦੀ ਹੈ।

ਇਸ ਉਪਰ ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਦਾ ਦਰਬਾਰ ਸਜਿਆ ਹੋਇਆ ਸੀ, ਇਸ ਵਿਚ ਮਹਾਨ ਰਿਸ਼ੀ ਮੁਨੀ ਸੰਮਿਲਤ ਸਨ। ਸਾਰੇ ਆਪਣੇ ਆਸਣਾਂ ਉਪਰ ਬੈਠੇ ਵਸ਼ਿਸ਼ਟ ਜੀ ਰਾਹੀਂ ਯੋਗ ਵਸ਼ਿਸ਼ਟ ਦੀ ਕਥਾ ਸਰਵਣ ਕਰ ਰਹੇ ਸਨ। ਗੱਲ ਵਾਸ਼ਨਾਵਾਂ ਦੀ ਚਲ ਰਹੀ ਸੀ ਕਿ ਵਾਸ਼ਨਾਵਾਂ ਦਾ ਬੰਨ੍ਹਿਆ ਜੀਵ ਬਾਰ-ਬਾਰ ਜੰਮਦਾ ਹੈ ਮਰਦਾ ਹੈ। ਸ੍ਰੀ ਰਾਮ ਚੰਦਰ ਜੀ ਦੀ ਦ੍ਰਿਸ਼ਟੀ ਇਕ ਕੀੜੇ ਵਲ ਚਲੀ ਗਈ। ਆਪ ਨੇ ਉਸ ਦੇ ਮਨ ਵਿਚ ਪ੍ਰਬਲ ਵਾਸ਼ਨਾ ਨੂੰ ਜਾਨਣ ਲਈ ਆਪਣੀ ਯੋਗ ਸ਼ਕਤੀ ਨਾਲ ਗੁਪਤ ਗੱਲ ਦੇਖੀ, ਉਸ ਕੀੜੇ ਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਸਨ, ਉਹ ਬਾਰ-ਬਾਰ ਕੰਧ ਉਪਰ ਚੜ੍ਹਦਾ ਸੀ ਪਰ ਗਿਰ ਜਾਂਦਾ ਸੀ ਤੇ ਅਚਾਨਕ ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ-ਉਚੀ ਹੱਸ ਪਏ। ਸਾਰੀ ਸਭਾ ਜਿਸ ਵਿਚ ਪੂਰਨ ਤੌਰ ਤੇ ਖਾਮੋਸ਼ੀ ਤਾਰੀ ਹੋਈ ਹੋਈ ਸੀ, ਉਹ ਇਸ ਉਚੀ ਉਠੀ ਜ਼ੋਰ ਵਾਲੀ ਅਵਾਜ਼ ਨੂੰ ਸੁਣ ਕੇ ਅਚੰਭਤ ਹੋ ਗਈ। ਸ੍ਰੀ ਰਾਮ ਚੰਦਰ ਜੀ ਨੂੰ ਵਸ਼ਿਸ਼ਟ ਜੀ ਨੇ ਪੁੱਛ ਹੀ ਲਿਆ ਕਿ ਹੇ ਰਾਮ ਜੀ! ਤੁਹਾਡੇ ਐਨੇ ਜ਼ੋਰ ਦੀ ਹਸਣ ਦਾ ਕੀ ਕਾਰਨ ਹੈ? ਉਸ ਵੇਲੇ ਆਪ ਨੇ ਕਿਹਾ ਵਸ਼ਿਸ਼ਟ ਜੀ! ਤੁਸੀਂ ਤ੍ਰਿਕਾਲਦਰਸ਼ੀ ਹੋ, ਭੂਤ, ਭਵਿੱਖਤ, ਵਰਤਮਾਨ, ਗੁਪਤ, ਪ੍ਰਗਟ ਸਭ ਦੇ ਆਪ ਜਾਨਣਹਾਰ ਹੋ, ਤੁਸੀਂ ਜਾਣਦੇ ਹੋ ਕਿ ਮੈਂ ਕਿਉਂ ਹਸਿਆ ਹਾਂ। ਜਦੋਂ ਵਸ਼ਿਸ਼ਟ ਜੀ ਨੇ ਕਿਹਾ ਕਿ ਸਾਰੀ ਸਭਾ ਆਪ ਦਾ ਉਤਰ ਸੁਣਨ ਲਈ ਉਤਸੁਕ ਹੈ ਤਾਂ ਆਪ ਨੇ ਉਸ ਕੀੜੇ ਵਲ ਇਸ਼ਾਰਾ ਕੀਤਾ ਕਿ ਮੈਂ ਇਸ ਕੀੜੇ ਵਲ ਦੇਖ ਕੇ ਹਸਿਆਂ ਹਾਂ। ਵਸ਼ਿਸ਼ਟ ਜੀ ਨੇ ਉਸ ਕੀੜੇ ਵਲ ਦੇਖ ਕੇ ਕਿਹਾ ਕਿ ਹੇ ਰਾਮ! ਇਸ ਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਹਨ, ਇਹ ਬਾਰ-ਬਾਰ ਕੰਧ ਉਪਰ ਚੜ੍ਹਦਾ ਹੈ ਤੇ ਗਿਰ ਜਾਂਦਾ ਹੈ, ਇਸ ਵਿਚ ਹੱਸਣ ਵਾਲੀ ਤਾਂ ਕੋਈ ਗੱਲ ਨਹੀਂ। ਇਸ ਗੱਲ ਵਿਚ ਜ਼ਰੂਰ ਕੋਈ ਭੇਦ ਹੈ ਜਿਸ ਨੂੰ ਪ੍ਰਗਟ ਕਰਨ ਵਿਚ ਆਪ ਸੰਕੋਚ ਕਰ ਰਹੇ ਹੋ। ਕ੍ਰਿਪਾ ਕਰੋ ਸਾਰੀ ਸਭਾ ਆਪਣਾ ਸ਼ੰਕਾ ਨਵਿਰਤ ਕਰਨਾ ਚਾਹੁੰਦੀ ਹੈ। ਉਸ ਵੇਲੇ ਰਾਮ ਜੀ ਨੇ ਕਿਹਾ ਕਿ ਮੁਨੀ ਜਨੋ! ਇਹ ਕੀੜਾ ਅੱਜ ਤੋਂ ਪਹਿਲਾਂ 14 ਵਾਰੀ ਇੰਦਰ ਦੇ ਤਖਤ ਉਪਰ ਬੈਠ ਕੇ ਰਾਜ ਕਰ ਚੁਕਿਆ ਹੈ। ਸਵਰਗ ਲੋਕ ਦੇ ਜੋ ਭੋਗ ਹਨ, ਉਹ ਇਸ ਦੀ ਸੁਰਤੀ ਵਿਚ ਪੂਰੀ ਤਰ੍ਹਾਂ ਸਮਾਏ ਹੋਏ ਹਨ, ਇਹ ਬਾਰ-ਬਾਰ ਇੰਦਰ ਦੇ ਤਖਤ ਉਪਰ ਬੈਠਦਾ ਹੈ ਅਤੇ ਫੇਰ 84 ਲੱਖ ਜੂਨਾਂ ਵਿਚ ਗੇੜੇ ਕੱਢ ਕੇ, ਮਨੁੱਖ ਦੇਹੀ ਪ੍ਰਾਪਤ ਕਰਕੇ, 101 ਯੱਗ ਕਰਕੇ ਇੰਦਰ ਦੀ ਪਦਵੀ ਪ੍ਰਾਪਤ ਕਰਦਾ ਹੈ। ਹੁਣ ਇਹ ਕੰਧ ਉਪਰ ਚੜ੍ਹਦਾ ਹੈ, ਭੋਗਾਂ ਦੇ ਬਚਨ ਸੁਣ ਕੇ ਮੈਂ ਇਸ ਦੇ ਮਨ ਦੀ ਗੱਲ ਜਾਨਣ ਦਾ ਯਤਨ ਕੀਤਾ। ਦੋ ਲੱਤਾਂ ਟੁੱਟਣ ਦੇ ਬਾਵਜੂਦ ਵੀ ਇਸ ਦੇ ਮਨ ਵਿਚ ਸਮਾਇਆ ਹੋਇਆ ਹੈ ਕਿ ਮੈਂ ਮਨੁੱਖਾ ਜਨਮ ਪ੍ਰਾਪਤ ਕਰਾਂ ਤੇ 101 ਯੱਗ ਕਰਕੇ ਇੰਦ੍ ਦੀ ਪਦਵੀ ਨੂੰ ਪ੍ਰਾਪਤ ਕਰਾਂ। ਇਸ ਮੂਰਖ ਨੂੰ ਇਹ ਨਹੀਂ ਪਤਾ ਕਿ ਜਦੋਂ ਤਕ ਨਿਰਵਾਣ ਪਦ ਦੀ ਪ੍ਰਾਪਤੀ ਨਹੀਂ ਹੁੰਦੀ, ਆਉਣਾ ਜਾਣਾ ਖਤਮ ਨਹੀਂ ਹੋਇਆ ਕਰਦਾ। ਇਸ ਕਰਕੇ ਪ੍ਰਮ ਨਿਰਵਾਣ ਅਵਸਥਾ ਦੀ ਥਾਂ ਇਸ ਦੇ ਮਨ ਵਿਚ ਭੋਗਾਂ ਦੀ ਇਛਿਆ ਦੀ ਰੁਚੀ ਪ੍ਰਧਾਨ ਹੈ। ਇਸ ਕਰਕੇ ਜੇ ਅਸੀਂ ਇਹ ਕਹਿ ਲਈਏ ਕਿ ਪਦਾਰਥਾਂ ਦੀ ਪ੍ਰਾਪਤੀ ਕਰਕੇ ਭੁੱਖ ਦੂਰ ਹੋ ਜਾਵੇਗੀ, ਮਹਾਰਾਜ ਜੀ ਕਹਿੰਦੇ ਹਨ ਕਿ ਸਾਰੀਆਂ ਪੁਰੀਆਂ, ਸ਼ਿਵ ਪੁਰੀ, ਬ੍ਰਹਮ ਪੁਰੀ ਦੇ ਜੇ ਸੁੱਖ ਪ੍ਰਾਪਤ ਹੋ ਜਾਣ ਤਾਂ ਵੀ ਇਨਸਾਨ ਦੀ ਭੁੱਖ ਦੂਰ ਨਹੀਂ ਹੋਇਆ ਕਰਦੀ।

ਇਕ ਹੋਰ ਕਥਾ ਆਉਂਦੀ ਹੈ ਕਿ ਇਕ ਵਾਰੀ ਇਕ ਬਹੁਤ ਗਰੀਬ ਬ੍ਰਾਹਮਣ ਕਿਸੇ ਮਹਾਤਮਾ ਦੇ ਪਾਸ ਚਲਿਆ ਜਾਂਦਾ ਹੈ ਉਥੇ ਜਾ ਕੇ ਕਾਫੀ ਦੇਰ ਤਕ ਸੇਵਾ ਕਰਦਾ ਰਿਹਾ। ਜਦੋਂ ਕਾਫੀ ਸਮਾਂ ਲੰਘ ਗਿਆ ਤਾਂ ਇਕ ਦਿਨ ਮਹਾਤਮਾ ਨੇ ਪੁਛਿਆ ਕਿ ਪ੍ਰੇਮੀਆ! ਤੂੰ ਵੀ ਬਹੁਤ ਦੇਰ ਤੋਂ ਸੇਵਾ ਕਰ ਰਿਹਾ ਹੈਂ, ਕੀ ਆਸਾ ਲੈ ਕੇ ਸੇਵਾ ਕਰ ਰਿਹਾ ਹੈਂ। ਉਸ ਨੇ ਕਿਹਾ ਕਿ ਮੈਂ ਬਹੁਤ ਗਰੀਬ ਹਾਂ, ਦੋ ਵੇਲੇ ਦਾ ਪ੍ਰਸ਼ਾਦਾ ਵੀ ਹੱਥ ਨਹੀਂ ਆਉਂਦਾ, ਕਿਰਤ ਵਿਚ ਕੋਈ ਵਾਧਾ ਨਹੀਂ ਹੁੰਦਾ ਬਰਕਤ ਨਹੀਂ ਪੈਂਦੀ ਇਸ ਕਰਕੇ ਮੈਂ ਆਪ ਦੀ ਸ਼ਰਨ ਆਇਆ ਹਾਂ ਕਿ ਕ੍ਰਿਪਾ ਕਰੋ ਕੋਈ ਰੇਖ ਵਿਚ ਮੇਖ ਮਾਰੋ ਮੈਂ ਵੀ ਰੋਟੀ ਖਾਣ ਜੋਗਾ ਹੋ ਜਾਵਾਂ। ਮਹਾਤਮਾ ਨੇ ਕਿਹਾ ਕਿ ਤੂੰ ਕਲ੍ਹ ਨੂੰ ਅੰਮ੍ਰਿਤ ਵੇਲੇ ਆਵੀਂ, ਕੋਈ ਚੀਜ਼ ਅਸਾਡੇ ਪਾਸੋਂ ਲੈ ਜਾਵੀਂ ਤੇਰਾ ਗੁਜ਼ਾਰਾ ਚਲ ਜਾਵੇਗਾ।

ਦੂਸਰੇ ਦਿਨ ਉਹ ਮਹਾਤਮਾ ਪਾਸ ਗਿਆ ਤਾਂ ਮਹਾਤਮਾ ਨੇ ਉਸ ਨੂੰ ਚਾਰ ਵੱਡੀਆਂ ਬੱਤੀਆਂ ਦਿਤੀਆਂ ਅਤੇ ਕਿਹਾ ਕਿ ਅੱਧੀ ਰਾਤ ਟੁੱਟਣ ਤੇ ਇਕ ਬੱਤੀ ਜਗ੍ਹਾ ਕੇ ਘਰੋਂ ਬਾਹਰ ਨਿਕਲੀਂ, ਕਹੀ ਨਾਲ ਲੈ ਜਾਈਂ ਅਤੇ ਪੂਰਬ ਦਿਸ਼ਾ ਨੂੰ ਜਾਈਂ ਜਿਸ ਥਾਂ ਬੱਤੀ ਬੁੱਝ ਜਾਵੇਗੀ ਉਥੋਂ ਥਾਂ ਪੁੱਟ ਲਈਂ, ਤੇਰੇ ਖਾਣ ਜੋਗਾ ਪਦਾਰਥ ਮਿਲ ਜਾਵੇਗਾ। ਜੇ ਫੇਰ ਵੀ ਲੋੜ ਪਵੇ ਤਾਂ ਇਸੇ ਤਰ੍ਹਾਂ ਦੂਸਰੀ ਬੱਤੀ ਜਗਾ ਕੇ ਉਤਰ ਦਿਸ਼ਾ ਨੂੰ ਜਾਈਂ, ਜਿਥੇ ਜਾ ਕੇ ਬੁਝ ਜਾਵੇ ਉਥੋਂ ਥਾਂ ਪੁੱਟੀਂ, ਇਸੇ ਤਰ੍ਹਾਂ ਤੀਜੀ ਬੱਤੀ ਬਾਰੇ ਦੱਸਿਆ ਅਤੇ ਚੌਥੀ ਬਾਰੇ ਦਸਿਆ ਕਿ ਪ੍ਰੇਮੀਆ! ਚੌਥੀ ਬੱਤੀ ਦੱਖਣ ਦਿਸ਼ਾ ਵਲ ਜਾਣ ਦਾ ਕੰਮ ਕਰਦੀ ਹੈ ਪਰ ਤੂੰ ਦੱਖਣ ਦਿਸ਼ਾ ਵਿਚ ਨਾ ਜਾਈਂ।

ਉਹ ਪ੍ਰੇਮੀ ਬੱਤੀਆਂ ਲੈ ਕੇ ਘਰ ਆ ਗਿਆ। ਰਾਤ ਨੂੰ ਨੀਂਦ ਨਾ ਪਈ, ਮਸਾਂ-ਮਸਾਂ ਅੱਧੀ ਰਾਤ ਲੰਘੀ ਉਸ ਨੇ ਸੰਤਾਂ ਪਾਸੋਂ ਲਈਆਂ ਬੱਤੀਆਂ ਵਿਚੋਂ ਪਹਿਲੀ ਬੱਤੀ ਜਗਾਈ ਅਤੇ ਤੁਰ ਪਿਆ, ਜਿਥੇ ਜਾ ਕੇ ਬੱਤੀ ਬੁਝੀ ਉਥੋਂ ਜ਼ਮੀਨ ਪੁੱਟੀ ਤਾਂ ਉਥੇ ਤਾਂਬੇ ਦੇ ਪੈਸੇ ਦੱਬੇ ਹੋਏ ਸਨ ਅਤੇ ਬਹੁਤ ਵੱਡਾ ਖਜ਼ਾਨਾ ਸੀ। ਉਸ ਨੂੰ ਬੜੀ ਖੁਸ਼ੀ ਹੋਈ ਕਿ ਮੈਂ ਜਿੰਨਾ ਮਰਜ਼ੀ ਖਰਚ ਕਰੀ ਜਾਵਾਂ, ਇਹ ਪੈਸੇ ਮੇਰੇ ਪਾਸੋਂ ਨਹੀਂ ਮੁਕਣੇ। ਘਰ ਆ ਗਿਆ ਪਰ ਵਾਸ਼ਨਾ ਪੂਰੀ ਨਾ ਹੋਈ। ਉਸ ਖਜ਼ਾਨੇ ਨੂੰ ਦੱਬ ਆਇਆ, ਹੁਣ ਦੂਜੀ ਰਾਤ ਉਠ ਕੇ ਉਸ ਨੇ ਬੱਤੀ ਜਲਾਈ ਅਤੇ ਪੱਛਮ ਦਿਸ਼ਾ ਨੂੰ ਧਰੂ ਤਾਰੇ ਦੀ ਸੇਧ ਲੈ ਕੇ ਚਲ ਪਿਆ। ਜਦੋਂ ਬੱਤੀ ਬੁਝੀ ਉਥੇ ਕਹੀ ਦੇ ਨਾਲ ਜ਼ਮੀਨ ਪੁੱਟੀ, ਉਸ ਵਿਚੋਂ ਚਾਂਦੀ ਦਾ ਖਜ਼ਾਨਾ ਨਿਕਲ ਆਇਆ, ਦੇਖ ਕੇ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਿਆ ਤਾਂਬੇ ਦਾ ਖਜ਼ਾਨਾ ਉਸ ਨੇ ਕੀ



Sri Satguru Jagjit Singh Ji eLibrary NamdhariElibrary@gmail.com

ਕਰਨਾ ਹੈ ਹੁਣ, ਚਾਂਦੀ ਦਾ ਖਜ਼ਾਨਾ ਇਸ ਤੋਂ ਵੱਧ ਮੁਲ ਰਖਦਾ ਹੈ। ਰਾਤ ਨੂੰ ਖਿਆਲ ਆਇਆ ਕਿ ਜੇ ਮੈਂ ਉਤਰ ਦਿਸ਼ਾ ਨੂੰ ਜਾਵਾਂ ਤਾਂ ਹੋ ਸਕਦਾ ਹੈ ਕਿ ਉਥੇ ਮੋਹਰਾਂ ਦਾ ਖਜ਼ਾਨਾ ਹੋਵੇ। ਸੋ ਅਗਲੇ ਦਿਨ ਬੱਤੀ ਜਗ੍ਹਾ ਕੇ ਉਤਰ ਦਿਸ਼ਾ ਵਿਚ ਚਲਿਆ ਗਿਆ, ਜਦੋਂ ਬੱਤੀ ਬੁਝੀ ਤਾਂ ਉਥੋਂ ਜਦੋਂ ਥਾਂ ਪੁਟਿਆ ਤਾਂ ਉਥੋਂ ਸਚਮੁਚ ਹੀ ਮੋਹਰਾਂ ਦਾ ਖਜ਼ਾਨਾ ਨਿਕਲਿਆ। ਦੇਖ ਕੇ ਬਹੁਤ ਹੀ ਖੁਸ਼ ਹੋਇਆ। ਅਗਲੀ ਰਾਤ ਉਸ ਨੇ ਸੋਚਿਆ ਕਿ ਚਲੋ ਦੱਖਣ ਵਲ ਵੀ ਦੇਖ ਲੈਣਾ ਚਾਹੀਦਾ ਹੈ ਕਿ ਕੀ ਚੀਜ਼ ਹੈ, ਹੋ ਸਕਦਾ ਹੈ ਉਥੇ ਹੀਰੇ ਜਵਾਹਰਾਤਾਂ ਦਾ ਖਜ਼ਾਨਾ ਹੋਵੇ ਪਰ ਮਹਾਂਪੁਰਸ਼ਾਂ ਨੇ ਕਿਹਾ ਹੈ ਕਿ ਇਸ ਪਾਸੇ ਸ਼ਿਵ ਜੀ ਮਹਾਰਾਜ ਵਲੋਂ ਜਾਣ ਦਾ ਹੁਕਮ ਨਹੀਂ ਹੈ। ਇਹ ਪਾਸਾ ਮਾਇਆਵੀ ਹੈ ਇਥੇ ਜਾ ਕੇ ਫਸ ਜਾਈਦਾ ਹੈ। ਇਸ ਪਾਸੇ ਜੋ ਮਾਇਆ ਦੇ ਰੂਪ ਹਨ ਉਨ੍ਹਾਂ ਦੀ ਬੰਦਾ ਤਾਬ ਨਹੀਂ ਲਿਆ ਸਕਦਾ। ਉਹ ਮਾਇਆਵੀ ਸਥਿਤੀ ਵਿਚ ਫਸ ਕੇ ਸਦਾ ਲਈ ਦੁਖੀ ਹੁੰਦਾ ਹੈ ਪਰ ਇਸਨੇ ਉਸ ਬਚਨ ਦੀ ਪ੍ਰਵਾਹ ਨਾ ਕੀਤੀ। ਜਦੋਂ ਬੱਤੀ ਜਗਾ ਕੇ ਦੱਖਣ ਦਿਸ਼ਾ ਨੂੰ ਜਾਂਦਾ ਹੈ ਤਾਂ ਉਥੇ ਜਾ ਕੇ ਮਾਇਆਵੀ ਖੇਲ੍ਹ ਵਿਚ ਫਸ ਗਿਆ। ਉਥੇ ਇਕ ਦਰਵਾਜ਼ਾ ਆਇਆ, ਉਹ ਇਸ ਨੇ ਖੋਲ੍ਹਿਆ, ਉਸ ਵਿਚ ਦਾਖਲ ਹੋ ਗਿਆ। ਅੱਗੇ ਇਕ ਬੰਦਾ ਚੱਕੀ ਘੁੰਮਾ ਰਿਹਾ ਸੀ, ਉਹ ਇਸ ਵਲ ਨਾ ਦੇਖਦਾ ਹੈ ਅਤੇ ਨਾ ਬੋਲਦਾ ਹੈ, ਚੱਕੀ ਘੁੰਮਾਈ ਜਾਂਦਾ ਹੈ, ਇਸ ਨੇ ਕਿਹਾ ਕਿ ਇਸ ਤੋਂ ਮੈਂ ਪੁਛਾਂ ਕਿ ਹੀਰੇ ਜਵਾਹਰਾਤਾਂ ਦਾ ਖਜ਼ਾਨਾ ਕਿਥੇ ਹੈ। ਇਸ ਨੇ ਜਦੋਂ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਇਹ ਹੱਥਾ ਫੜ ਲੈ ਤੈਨੂੰ ਆਪਣੇ ਆਪ ਪਤਾ ਲਗ ਜਾਵੇਗਾ। ਇਸ ਨੇ ਹੱਥਾ ਫੜ ਲਿਆ ਤੇ ਇਸ ਦਾ ਹੱਥ ਉਸ ਹੱਥੇ ਨਾਲ ਜੁੜ ਗਿਆ ਤੇ ਪਹਿਲੇ ਵਾਲੇ ਬੰਦੇ ਦਾ ਹੱਥ ਛੁਟ ਗਿਆ, ਉਸ ਨੇ ਇਸ ਦਾ ਬਹੁਤ ਧੰਨਵਾਦ ਕੀਤਾ ਕਿ ਤੂੰ ਮੈਨੂੰ ਇਥੋਂ ਕੱਢਿਆ ਹੈ। ਇਸ ਨੇ ਪੁਛਿਆ ਕਿ ਹੀਰੇ ਜਵਾਹਰਾਤ ਦਾ ਖਜ਼ਾਨਾ ਕਿਥੇ ਹੈ? ਛੁਟੇ ਹੋਏ ਬੰਦੇ ਨੇ ਕਿਹਾ ਕਿ ਹੀਰੇ ਜਵਾਹਰਾਤ ਤਾਂ ਕੋਈ ਨਹੀਂ ਪਰ ਤੂੰ ਇਸ ਚੱਕੀ ਨਾਲ ਹੁਣ ਬੱਝ ਗਿਆ। ਇਹ ਵਾਸ਼ਨਾਵਾਂ ਦੀ ਚੱਕੀ ਹੈ, ਮੈਂ ਤੇਰੇ ਆਏ ਤੇ ਛੁਟਿਆ ਹਾਂ। ਉਸ ਨੇ ਕਿਹਾ ਕਿ ਹੁਣ ਮੇਰੇ ਛੁਟਕਾਰੇ ਦਾ ਕੀ ਬਣੇਗਾ? ਉਸ ਨੇ ਕਿਹਾ ਕਿ ਜਿਵੇਂ ਮੈਂ ਫਸਿਆ ਸੀ ਤੂੰ ਛੁਡਾ ਲਿਆ, ਇਸੇ ਤਰ੍ਹਾਂ ਤੇਰੇ ਨਾਲੋਂ ਵੀ ਕੋਈ ਵੱਧ ਤ੍ਰਿਸ਼ਨਾਲੂ ਆਵੇਗਾ ਉਹ ਹੀ ਤੈਨੂੰ ਆ ਕੇ ਛੁਡਾਵੇਗਾ। ਐਨਾ ਕਹਿ ਕੇ ਉਹ ਤਾਂ ਮਾਇਆਵੀ ਮੰਡਲ ਵਿਚੋਂ ਨਿਕਲ ਗਿਆ ਅਤੇ ਇਹ ਬੱਝ ਗਿਆ।

ਇਸ ਦੇ ਖਾਣ ਪੀਣ ਵਾਸਤੇ ਤਾਂ ਪਹਿਲੇ ਤਿੰਨ ਖਜ਼ਾਨੇ ਹੀ ਬਹੁਤ ਸਨ ਪਰ ਇਹ ਤ੍ਰਿਸ਼ਨਾ ਦੇ ਵਸ ਹੋ ਕੇ ਇਥੇ ਪਹੁੰਚਿਆ ਸੀ ਇਸੀ ਕਰਕੇ ਕਿਹਾ ਹੈ –

***ਜਿਕਰ ਲੋਭੀ ਦਾਸ ਨੂੰ ਤੁਸਾਂ ਛੁਡਾਇਆ ਆਨ।***
***ਤਿਕਰ ਕੋਈ ਮੀਤ ਜੀ ਆ ਜਾਉ ਆਨ ਛੁਡਾਨ।***

ਸੋ ਮਹਾਰਾਜ ਜੀ ਮਨ ਦੀ ਭੁੱਖ ਬਾਰੇ ਫੁਰਮਾਨ ਕਰਦੇ ਹਨ ਕਿ –

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਪੰਨਾ – 213***

***ਸਹਸ ਖਟੇ ਲਖ ਕਉ ਉਠਿ ਧਾਵੈ॥***
***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ ਪੰਨਾ – 278***

ਸੋ ਇਸ ਤਰ੍ਹਾਂ ਦੇ ਨਾਲ ਨਾ ਹੀ ਉਸ ਆਦਿ ਸਚੁ ਪ੍ਰਮ ਹਸਤੀ ਦੀ ਪਛਾਣ ਸੋਚਾਂ ਅਤੇ ਸਰੀਰਕ ਪਵਿਤਰਤਾ ਰਾਹੀਂ ਹੋ ਸਕਦੀ ਹੈ ਅਤੇ ਨਾ ਹੀ ਵਾਸ਼ਨਾਵਾਂ ਨੂੰ ਰੋਕ ਕੇ ਲੰਮੀਆਂ ਸਮਾਧੀਆਂ ਰਾਹੀਂ ਹੋ ਸਕਦੀ ਹੈ ਅਤੇ ਨਾ ਹੀ ਭੋਗਾਂ ਵਿਚ ਪ੍ਰਵਿਰਤ ਹੋ ਕੇ ਭੋਗਾਂ ਰਾਹੀਂ ਹੋ ਸਕਦੀ ਹੈ। ਗੁਰੂ ਮਹਾਰਾਜ ਜੀ ਕਹਿੰਦੇ ਹਨ ਹਜ਼ਾਰਾਂ ਸਿਆਣਪਾਂ ਕਿਉਂ ਨਾ ਇਸ ਕੋਲ ਹੋਣ, ਸਾਇੰਸ ਦੀਆਂ ਥਿਉਰੀਆਂ ਨੂੰ ਜਾਨਣ ਵਾਲਾ ਕਿਉਂ ਨਾ ਹੋਵੇ ਤਾਂ ਵੀ ਇਸ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਿਆ ਕਰਦੀ। ਮਨ ਵਿਚ ਪਈ ਹੋਈ ਧੁੰਧ ਕਿਸੇ ਤਰੀਕੇ ਨਾਲ ਵੀ ਦੂਰ ਨਹੀਂ ਹੋ ਸਕਦੀ। ਫੇਰ ਇਸ ਨੂੰ ਪ੍ਰਾਪਤੀ ਕਿਵੇਂ ਹੋਵੇ, ਇਹ ਮਨ ਵਿਚ ਪਈ ਧੁੰਧ ਕਿਵੇਂ ਦੂਰ ਹੋਵੇ, ਗੁਰੂ ਮਹਾਰਾਜ ਜੀ ਨੇ ਸਿਧਾਂਤ ਦਿਤਾ ਹੈ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ – 1***

ਵਾਹਿਗੁਰੂ ਜੀ ਦੀ ਰਜ਼ਾ ਨੂੰ ਪਛਾਣ ਕੇ ਆਪਣੀ ਦੇਹ ਹੰਗਤਾ ਦਾ ਪੂਰੀ ਤਰ੍ਹਾਂ ਵਿਨਾਸ਼ ਹੋਣ ਉਪਰੰਤ ਹੁਕਮ ਦੀ ਕ੍ਰਿਆ ਨਾਲ ਸੁਮੇਲ ਕਰਕੇ, ਹੁਕਮ ਪਛਾਣ ਕੇ, ਹਉਮੈ ਰਹਿਤ ਹੋ ਕੇ ਇਸ ਪ੍ਰਮ ਪਦ ਦੀ ਸੋਝੀ ਪੈਂਦੀ ਹੈ। ਜਦੋਂ ਇਸ ਪ੍ਰਮ ਤੱਤ ਦੀ ਸੋਝੀ ਪੈ ਗਈ ਤਾਂ ਠੀਕ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਕਿ ਮਟਕ ਚਾਨਣੇ ਵਿਚ ਕਿਸੇ ਨੇ ਰੱਸਾ ਪਿਆ ਦੇਖਿਆ ਤਾਂ ਉਸ ਨੂੰ ਭਰਮ ਹੋ ਗਿਆ ਕਿ ਸੱਪ ਹੈ। ਰਾਤ ਦਾ ਹਨ੍ਹੇਰਾ ਗਾੜ੍ਹਾ ਹੋ ਗਿਆ, ਉਸ ਨੇ ਮੰਜੇ ਉਪਰ ਬੈਠ ਕੇ ਸਾਰੀ ਰਾਤ ਲੰਘਾਈ ਤੇ ਡਰਦਾ ਰਿਹਾ ਕਿ ਸੱਪ ਮੇਰੇ ਮੰਜੇ ਉਪਰ ਨਾ ਚੜ੍ਹ ਆਵੇ। ਹਨ੍ਹੇਰੇ ਕਾਰਨ ਕੋਈ ਸੋਟੀ ਵਗੈਰਾ ਵੀ ਨਹੀਂ ਚੁੱਕ ਸਕਦਾ ਸੀ ਪਰ ਜਦੋਂ ਪ੍ਰਕਾਸ਼ ਹੋਇਆ ਤਾਂ ਕੀ ਦੇਖਦਾ ਹੈ ਕਿ ਇਹ ਤਾਂ ਰੱਸੀ ਨੂੰ ਵਲ ਪਏ ਹੋਏ ਹਨ। ਮੈਨੂੰ ਸਚਮੁਚ ਹੀ ਸੱਪ ਪ੍ਰਤੀਤ ਦਿੰਦਾ ਰਿਹਾ ਪਰ ਸਤਿ ਅਵਸਥਾ ਤਾਂ ਇਹ ਸੀ ਕਿ ਉਹ ਰੱਸੀ ਹੀ ਸੀ। ਹਨ੍ਹੇਰੇ ਕਾਰਨ ਉਹ ਰੱਸੀ ਨੂੰ ਸੱਪ ਸਮਝੀ ਗਿਆ। ਇਸੇ ਤਰ੍ਹਾਂ ਸਾਡੇ ਅੰਦਰ ਜੋ ਮਾਨਸਕ ਧੁੰਧ ਪਈ ਹੋਈ ਹੈ ਅਸੀਂ ਉਸਦੇ ਕਾਰਨ ਵਾਹਿਗੁਰੂ ਜੀ ਦੇ ਵਿਰਾਟ ਸਰੂਪ ਨੂੰ ਸੰਸਾਰ ਸਮਝ ਰਹੇ ਹਾਂ ਅਤੇ ਇਸ ਵਿਚ ਆਪਣੀ ਵਖਰੀ ਹੋਂਦ ਕਾਇਮ ਕਰ ਰਹੇ ਹਾਂ। ਹੋਂਦ ਕਾਇਮ ਕਰਕੇ ਅਪਣੇ ਆਪ ਨੂੰ ਇਸ ਵਿਚ ਵਖਰੇ ਮਹਿਸੂਸ ਕਰ ਰਹੇ ਹਾਂ ਆਪਣੀ ਅਕਲ ਨਾਲ, ਆਪਣੀ ਸਿਆਣਪ ਨਾਲ, ਸੰਸਾਰ ਵਿਚ ਚਲ ਰਹੇ ਹੁਕਮ ਨੂੰ ਬਦਲਣ ਦਾ ਯਤਨ ਕਰ ਰਹੇ ਹਾਂ ਅਤੇ ਭਾਵੀ ਨੂੰ ਬਦਲ ਰਹੇ ਹਾਂ। ਇਹ ਹੋ ਨਹੀਂ ਸਕਿਆ ਕਰਦਾ ਕਿਉਂਕਿ ਆਦਮੀ ਵਿਚ ਐਨਾ ਬਲ ਨਹੀਂ ਹੈ ਕਿ ਇਹ ਭਾਵੀ ਨੂੰ ਬਦਲ ਸਕੇ ਇਸ ਦੇ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਕਥਾ ਆਉਂਦੀ ਹੈ ਕਿ –

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***

ਇਸ ਰਾਜੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਰਾਜ ਕੋ ਗ੍ਰਹਿ ਪਾਇਕੈ ਜਨਮੇਜਾ ਰਾਜ ਮਹਾਨ॥***
***ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ॥***
***ਦਸਮ ਗ੍ਰੰਥ***



Sri Satguru Jagjit Singh Ji eLibrary NamdhariElibrary@gmail.com

ਰਾਜਾ ਜਨਮੇਜਾ ਛੇ ਸਾਸ਼ਤਰਾਂ, ਚੋਹਾਂ ਵੇਦਾਂ ਦਾ ਗਿਆਤਾ ਹਠੀ ਤਪੀ ਸੀ। ਇਸ ਨੂੰ ਜਦੋਂ ਰਾਜ ਦੀ ਪ੍ਰਾਪਤੀ ਹੋਈ ਤਾਂ ਇਹ ਕਸ਼ਤਰੀ ਧਰਮ ਦੇ ਮੁਤਾਬਿਕ ਯੱਗ ਕਰਨ ਲੱਗਿਆ। ਵੇਦ ਵਿਆਸ ਜੀ ਉਸ ਸਮੇਂ ਇਸ ਦੇ ਰਾਜ ਵਿਚ ਆਉਂਦੇ ਰਹਿੰਦੇ ਸਨ ਉਨ੍ਹਾਂ ਨੇ ਇਸ ਦੇ ਵੱਡਿਆਂ ਦੀ ਕਥਾ ਕੀਤੀ ਅਤੇ ਦੱਸਿਆ ਕਿ ਕਿਸ ਤਰ੍ਹਾਂ ਦੇ ਨਾਲ ਮਹਾਂਭਾਰਤ ਦਾ ਯੁੱਧ ਹੋਇਆ ਅਤੇ ਇਹ ਵੀ ਦਸਿਆ ਕਿ ਪਾਡਵਾਂ ਨੇ ਦਰੋਪਤੀ ਨੂੰ ਜੂਏ ਵਿਚ ਹਾਰ ਦਿਤਾ ਸੀ। ਇਹ ਪਾਂਡਵ ਜਿਨ੍ਹਾਂ ਉਪਰ ਕ੍ਰਿਸ਼ਨ ਮਹਾਰਾਜ ਦੀ ਅਪਾਰ ਕ੍ਰਿਪਾ ਸੀ ਉਹ ਵਿਰਾਟ ਰਾਜੇ ਪਾਸ ਜਾ ਕੇ ਮਜੂਰੀ ਕਰਦੇ ਰਹੇ ਅਤੇ ਆਪਣੀ ਅਵਸਥਾ ਨੂੰ ਦੇਖ ਕੇ ਰੋਂਦੇ ਸਨ ਜਿਵੇਂ ਕਿ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਰੋਵਹਿ ਪਾਂਡਵ ਭਏ ਮਜੂਰ॥***
***ਜਿਨ ਕੈ ਸੁਆਮੀ ਰਹਤ ਹਦੂਰਿ॥ ਪੰਨਾ – 954***

ਉਸ ਤੋਂ ਬਾਅਦ ਜਦੋਂ ਦੁਰਯੋਧਨ ਨੇ ਦਰੋਪਤੀ ਦੀ ਬੇਇਜ਼ਤੀ ਕਰਨ ਦਾ ਇਰਾਦਾ ਬਣਾਇਆ, ਉਸ ਸਮੇਂ ਕ੍ਰਿਸ਼ਨ ਮਹਾਰਾਜ ਨੇ ਉਸ ਦੀ ਰੱਖਿਆ ਕੀਤੀ ਪਰ ਬਦਲਾ ਲੈਣ ਲਈ ਇਹ ਯੁੱਧ ਹੋਇਆ। 18 ਦਿਨਾਂ ਵਿਚ 18 ਖੂਣੀਆਂ ਯਾਨਿ ਕਿ 45 ਲੱਖ ਦੇ ਕਰੀਬ ਯੋਧੇ ਮਾਰੇ ਗਏ, ਇਸ ਯੁੱਧ ਵਿਚ ਸਿਰਫ 10 ਬੰਦੇ ਹੀ ਬਚੇ ਸਨ। ਸਾਰੀ ਗੱਲ ਸੁਣ ਕੇ ਜਨਮੇਜੇ ਨੇ ਕਿਹਾ ਕਿ ਮਹਾਂਮੁਨੀ ਜੀ! ਆਪ ਮੇਰੇ ਬਜ਼ੁਰਗਾਂ ਨੂੰ ਸਮਝਾ ਦਿੰਦੇ। ਕ੍ਰਿਸ਼ਨ ਮਹਾਰਾਜ ਉਨ੍ਹਾਂ ਨੂੰ ਸੁਚੇਤ ਕਰ ਦਿੰਦੇ ਕਿ ਤੁਹਾਡੇ ਨਾਲ ਛਲ ਖੇਲ੍ਹ ਕੇ ਤੁਹਾਨੂੰ ਹਰਾਇਆ ਜਾ ਰਿਹਾ ਹੈ, ਕੀ ਉਹ ਦੇਖਦੇ ਹੀ ਰਹੇ ਕੁਝ ਨਾ ਕਰਿਆ? ਨਾ ਭੀਸ਼ਮ ਪਿਤਾਮਾ ਨੇ ਕੋਈ ਸਮਝ ਦੀ ਗੱਲ ਕੀਤੀ। ਨਾ ਦਰੋਣਾਚਾਰੀਆਂ ਵਰਗੇ ਯੋਧਾ ਨੇ ਅਮਨ ਦੀ ਗੱਲ ਕੀਤੀ, ਗੁਰੂ ਕ੍ਰਿਪਾਚਾਰੀਆ ਵੀ ਚੁੱਪ ਕਰਕੇ ਬੈਠੇ ਰਹੇ। ਜੇ ਤੁਸੀਂ ਚਾਹੁੰਦੇ ਤਾਂ ਇਸ ਮਹਾਨ ਵਿਨਾਸ਼ ਤੋਂ ਭਾਰਤ ਬਚ ਸਕਦਾ ਸੀ। ਉਸ ਵੇਲੇ ਵਿਆਸ ਜੀ ਨੇ ਜਨਮੇਜੇ ਨੂੰ ਕਿਹਾ ਕਿ ਰਾਜਨ! ਪ੍ਰਮੇਸ਼ਰ ਦਾ ਹੁਕਮ ਅਟੱਲ ਹੈ ਉਸ ਨੂੰ ਟਾਲਣ ਵਿਚ ਕਿਸੇ ਦੀ ਸਮਰਥਾ ਨਹੀਂ ਹੁੰਦੀ। ਦੂਸਰਾ ਜਦੋਂ ਮਾੜੇ ਦਿਨ ਆਉਂਦੇ ਹਨ ਤਾਂ ਆਦਮੀ ਦੀ ਬੁੱਧੀ ਮਾਰੀ ਜਾਂਦੀ ਹੈ –

***ਹੋਣ ਹਾਰ ਹਿਰਦੇ ਬਸੀ ਗਈ ਸਰੀਰੋਂ ਬੁਧ।***

ਕ੍ਰਿਸ਼ਨ ਮਹਾਰਾਜ ਨੇ ਵੀ ਉਨ੍ਹਾਂ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ, ਆਪ ਆਪਣੇ ਅੰਗਰਖਿਅਕ ਲੈ ਕੇ ਜਿਨ੍ਹਾਂ ਦੀ ਗਿਣਤੀ ਚਾਰ ਹਜ਼ਾਰ ਸੀ, ਦੁਰਯੋਧਨ ਨੂੰ ਮਿਲਣ ਲਈ ਆਏ। ਖੁਦ ਕ੍ਰਿਸ਼ਨ ਮਹਾਰਾਜ ਜੀ ਬਿਦਰ ਜੀ ਦੇ ਘਰ ਰਹੇ ਜੋ ਉਨ੍ਹਾਂ ਦਾ ਮਹਾਨ ਭਗਤ ਸੀ। ਜਦੋਂ ਦੁਰਯੋਧਨ ਨੂੰ ਆਪ ਸਮਝਾ ਰਹੇ ਸੀ ਤਾਂ ਇਕ ਵਾਰੀ ਐਸੀ ਸਥਿਤੀ ਆਈ ਕਿ ਆਪਣੇ ਸੈਨਾਪਤੀ ਨੂੰ ਦੁਰਯੋਧਨ ਨੇ ਕਿਹਾ ਕਿ ਕ੍ਰਿਸ਼ਨ ਨੂੰ ਕੈਦ ਕਰਕੇ ਬੰਦੀ ਖਾਨੇ ਵਿਚ ਪਾ ਦਿਤਾ ਜਾਵੇ ਅਤੇ ਇਸ ਦੀ ਸਾਰੀ ਫੌਜ ਕੈਦ ਕਰ ਲਵੋ ਜਾਂ ਮਾਰ ਦਿਓ। ਹੋਣੀਹਾਰ ਕਿਉਂਕਿ ਮੂੰਹ ਚੜ੍ਹ ਕੇ ਬੋਲ ਰਹੀ ਸੀ। ਕ੍ਰਿਸ਼ਨ ਮਹਾਰਾਜ ਜੀ ਸਾਰੀ ਗੱਲ ਨੂੰ ਅਨੁਭਵ ਕਰਕੇ ਦੁਆਰਕਾ ਪੁਰੀ ਨੂੰ ਚਲੇ ਗਏ।

ਸਮਾਂ ਪਾ ਕੇ ਬਹੁਤ ਭਿਅੰਕਰ ਯੁੱਧ ਹੋਇਆ, ਜਿਸ ਵਿਚ ਬਹੁਤ ਭਾਰੀ ਵਿਨਾਸ਼ ਹੋਇਆ। ਉਸ ਨੇ ਫੇਰ ਕਿਹਾ ਕਿ ਇਹ ਤਾਂ ਤੁਹਾਡੀ ਗਲਤੀ ਹੈ ਕਿ ਤੁਸੀਂ ਆਪਣਾ ਫਰਜ਼ ਨਹੀਂ ਪਛਾਣਿਆ। ਤੁਸੀਂ ਤਕੜੇ ਹੋ ਕੇ ਸਮਝਾ ਦਿੰਦੇ ਤਾਂ ਐਡਾ ਯੁੱਧ ਨਾ ਹੁੰਦਾ। ਜਦੋਂ ਕੋਈ ਨੁਕਸਾਨ ਹੋ ਜਾਵੇ ਤਾਂ ਬੰਦੇ ਦਾ ਸੁਭਾਅ ਹੈ ਕਿ ਉਹ ਕਹਿ ਦਿੰਦਾ ਹੈ ਕਿ ਇਸੇ ਤਰ੍ਹਾਂ ਹੋਣਾ ਸੀ। ਆਦਮੀ ਅੰਦਰ ਸ਼ਕਤੀ ਹੈ, ਸੂਝ ਹੈ, ਇਰਾਦਾ ਹੈ ਇਹ ਸਾਰੀਆਂ ਗੱਲਾਂ ਬਦਲ ਸਕਦਾ ਹੈ। ਜੇ ਪਤਾ ਹੋਵੇ ਕਿ ਇਹ ਮਾੜੀ ਘਟਨਾ ਵਾਪਰਨ ਵਾਲੀ ਹੈ ਤਾਂ ਇਹ ਆਪਣੀ ਅਕਲ ਨਾਲ ਮਾੜੀ ਘਟਨਾ ਤੋਂ ਬਚ ਸਕਦਾ ਹੈ। ਵਿਆਸ ਜੀ ਨੇ ਕਿਹਾ ਕਿ ਭਗਵਾਨ ਦੀ ਨੇਤ ਹੀ ਐਸੀ ਹੈ, ਜੋ ਕੁਝ ਹੋਣਾ ਹੈ ਉਹ ਹੋ ਕੇ ਰਹਿੰਦਾ ਹੈ। ਭਾਵੀ ਅੱਗੇ ਕਿਸੇ ਦੀ ਮਨੌਤ ਨਹੀਂ ਚਲਿਆ ਕਰਦੀ ਜੋ ਇਸ ਨੂੰ ਰੋਕ ਲਵੇ। ਪ੍ਰਮੇਸ਼ਰ ਦਾ ਹੁਕਮ ਅਟੱਲ ਹੈ –

***ਸਾਹਾ ਹੁਕਮੁ ਰਜਾਇ ਸੋ ਨ ਟਲੈ***
***ਜੋ ਪ੍ਰਭੁ ਕਰੈ ਬਲਿ ਰਾਮ ਜੀਉ॥ ਪੰਨਾ – 763***

ਰਾਜੇ ਜਨਮੇਜੇ ਨੇ ਫੇਰ ਇਹ ਗੱਲ ਨਾ ਮੰਨਦੇ ਹੋਏ ਕਿਹਾ ਗੁਰੂਦੇਵ! ਜੇ ਕਿਸੇ ਨੂੰ ਪਤਾ ਹੋਵੇ ਕਿ ਮੇਰੇ ਸਾਮ੍ਹਣੇ ਟੋਆ ਆ ਰਿਹਾ ਹੈ, ਖੂਹ ਆ ਰਿਹਾ ਹੈ ਉਸ ਵਿਚ ਕੋਈ ਨਹੀਂ ਗਿਰਦਾ। ਸਿਆਣਾ ਬੰਦਾ ਉਸ ਰਾਹ ਨੂੰ ਬਦਲ ਕੇ ਹੋਰ ਪਾਸੇ ਨੂੰ ਨਿਕਲ ਜਾਵੇਗਾ। ਉਸ ਵੇਲੇ ਵਿਆਸ ਜੀ ਨੇ ਕਿਹਾ ਕਿ ਰਾਜਨ! ਮੈਂ ਤੈਨੂੰ ਦਸਦਾ ਹਾਂ ਕਿ ਤੇਰੇ ਨਾਲ ਕੀ ਹੋਣਾ ਹੈ, ਤੇਰੀ ਸ਼ਾਦੀ ਕਾਸ਼ੀ ਦੇ ਰਾਜੇ ਦੀ ਪੁਤਰੀ ਨਾਲ ਹੋਵੇਗੀ, ਉਸ ਦੇ ਦਾਜ ਵਿਚ ਇਕ ਸੁੰਦਰ ਰੂਪ ਵਾਲੀ ਗੋਲੀ ਆਵੇਗੀ, ਤੂੰ ਉਸ ਦੇ ਰੂਪ ਤੇ ਮੋਹਿਤ ਹੋ ਕੇ ਉਸ ਨੂੰ ਆਪਣੀ ਪਟਰਾਣੀ ਬਣਾ ਲਵੇਂਗਾ। ਇਕ ਘੋੜੀ ਤੇ ਚੜ੍ਹ ਕੇ ਦਖਣ ਦਿਸ਼ਾ ਵਲ ਸ਼ਿਕਾਰ ਜਾਵੇਂਗਾ। ਜਲ ਦੇ ਕਿਨਾਰੇ ਉਸ ਘੋੜੀ ਨੂੰ ਬੰਨ੍ਹ ਕੇ ਸੌਂ ਜਾਵੇਂਗਾ। ਜਲ ਵਿਚੋਂ ਇਕ ਘੋੜਾ ਨਿਕਲੇਗਾ ਤੇ ਉਸ ਘੋੜੀ ਨੂੰ ਮਿਲੇਗਾ। ਜਿਸ ਕਰਕੇ ਤੇਰੀ ਘੋੜੀ ਤੋਂ ਕਾਲੇ ਕੰਨਾਂ ਵਾਲਾ ਤੇ ਸਫੇਦ ਰੰਗ ਦਾ ਸੁੰਦਰ ਵਛੇਰਾ ਪੈਦਾ ਹੋਵੇਗਾ। ਤੂੰ ਉਸ ਨੂੰ ਦੇਸ਼ ਵਿਚ ਅਸ੍ਵਮੇਧ ਯੱਗ ਕਰਨ ਲਈ ਛੱਡੇਂਗਾ ਅਤੇ ਸਾਰੇ ਰਾਜਿਆਂ ਉਪਰ ਤੂੰ ਫਤਹਿ ਪਾ ਲਵੇਂਗਾ। ਮਹਾਨ ਜਿੱਤ ਉਪਰੰਤ ਤੂੰ ਰਾਜਸੂ ਯੱਗ ਕਰੇਂਗਾ ਜਿਸ ਵਿਚ ਅਠਾਰਾਂ ਗੋਤਰਾਂ ਦੇ ਬ੍ਰਾਹਮਣਾਂ ਨੂੰ ਬੁਲਾਵੇਂਗਾ। ਜੋ ਤੇਰੀ ਦਾਸੀ ਤੋਂ ਬਣੀ ਰਾਣੀ ਹੈ ਉਹ ਯੱਗ ਵਿਚ ਤੇਰੇ ਨਾਲ ਹੋਵੇਗੀ, ਕਿਸੇ ਕਾਰਨ ਬ੍ਰਾਹਮਣ ਆਪਣੀ ਗੱਲ ਤੋਂ ਹਸਦੇ ਹੋਣਗੇ ਪਰ ਤੈਨੂੰ ਵਹਿਮ ਹੋ ਜਾਵੇਗਾ ਕਿ ਮੇਰੀ ਰਾਣੀ ਦਾ ਹਵਾ ਨਾਲ ਪੱਲਾ ਉਡਣ ਤੇ ਉਸ ਦੇ ਸਰੀਰ ਨੂੰ ਦੇਖ ਕੇ ਇਹ ਬ੍ਰਾਹਮਣ ਹੱਸੇ ਹਨ ਤੇ ਤੂੰ ਉਨ੍ਹਾਂ 18 ਗੋਤ੍ਰਾਂ ਦੇ ਬ੍ਰਾਹਮਣਾਂ ਨੂੰ ਭਠਾਂ ਵਿਚ, ਕੜਾਹਿਆਂ ਵਿਚ ਸਾੜ ਸਾੜ ਕੇ ਮਾਰੇਂਗਾ। ਬ੍ਰਾਹਮਣਾਂ ਨੂੰ ਮਾਰਨ ਕਰਕੇ ਤੈਨੂੰ ਕੋਹੜ੍ਹ ਹੋਵੇਗਾ। ਫੇਰ ਮੈਂ ਤੈਨੂੰ ਅਠਾਰਾਂ ਪਰਬਾਂ ਵਾਲਾ ਮਹਾਂਭਾਰਤ ਦਾ ਪ੍ਰਸੰਗ ਸੁਣਾਵਾਂਗਾ। ਜਦੋਂ ਤੂੰ ਇਹ ਸੁਣੇਗਾ ਕਿ ਮਹਾਨ ਯੋਧੇ ਭੀਮਸੈਨ ਨੇ ਹਾਥੀ ਚੁਕ ਕੇ ਉਪਰਲੇ ਅਸਮਾਨ ਵਿਚ ਮਾਰੇ ਜੋ ਹੁਣ ਤਕ ਘੁੰਮਦੇ ਫਿਰਦੇ ਹਨ। ਤਾਂ ਤੂੰ ਇਹ ਸੁਣ ਕੇ ਨੱਕ ਮਰੋੜੇਂਗਾ ਜਿਸ ਨਾਲ ਤੇਰੇ ਨੱਕ ਤੇ ਕੋਹੜ ਰਹਿ ਜਾਵੇਗਾ, ਜਿਸ ਕਾਰਨ ਤੇਰੀ ਮੌਤ ਹੋਵੇਗੀ। ਤੈਨੂੰ ਤੇਰੀ ਮੌਤ ਦਾ ਕਾਰਨ ਅਸੀਂ ਦੱਸ ਦਿਤਾ ਹੈ। ਹੁਣ ਤੂੰ ਆਪਣੀਆਂ ਸਿਆਣਪਾਂ ਵਰਤ ਕੇ ਦਸ ਕਿ ਤੂੰ ਇਹ ਭਾਵੀ ਨੂੰ ਮੋੜ ਸਕੇਂਗਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥***
***ਤਿਨਿ ਕਰਿ ਜਗ ਆਠਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***



Sri Satguru Jagjit Singh Ji eLibrary NamdhariElibrary@gmail.com

ਰਾਜੇ ਜਨਮੇਜੇ ਨੇ ਘੋੜੇ ਖਰੀਦਣੇ ਬੰਦ ਕਰ ਦਿਤੇ। ਬਹੁਤ ਸਮਾਂ ਲੰਘਣ ਤੋਂ ਬਾਅਦ ਕਈ ਘੋੜੇ ਮਰ ਗਏ, ਹੋਰ ਨਵੇਂ ਘੋੜੇ ਲੈਣ ਦੀ ਰਾਜੇ ਨੇ ਆਗਿਆ ਨਾਂਹ ਦਿਤੀ। ਵਜ਼ੀਰ ਨੇ ਕਿਹਾ ਕਿ ਹੇ ਰਾਜਨ! ਘੋੜੀ ਕੋਈ ਨਾ ਖਰੀਦੋ, ਘੋੜੇ ਖਰੀਦ ਲਵੋ। ਰਾਜੇ ਨੇ ਹੁਕਮ ਦੇ ਕੇ ਘੋੜੇ ਖਰੀਦ ਲਏ। ਉਨ੍ਹਾਂ ਵਿਚ ਇਕ ਬਹੁਤ ਹੀ ਸੁੰਦਰ ਕਿਸਮ ਦੀ ਘੋੜੀ ਆ ਗਈ, ਜਿਸ ਨੂੰ ਦੇਖ ਕੇ ਇਹ ਖਰੀਦ ਲਈ ਗਈ। ਉਹ ਬਹੁਤ ਹੀ ਸੁੰਦਰ ਸੀ, ਉਸ ਉਪਰ ਕੋਈ ਵੀ ਸਵਾਰੀ ਨਹੀਂ ਸੀ ਕਰਦਾ। ਇਕ ਦਿਨ ਰਾਜਾ ਉਸ ਘੋੜੀ ਤੇ ਚੜ੍ਹ ਕੇ ਸ਼ਿਕਾਰ ਨੂੰ ਗਿਆ ਉਸ ਨੇ ਇਕ ਝੀਲ ਦੇ ਕਿਨਾਰੇ ਘੋੜੀ ਬੰਨ੍ਹ ਦਿਤੀ, ਇਕ ਘੋੜਾ ਆਇਆ ਜਿਸ ਦੇ ਸੰਜੋਗ ਤੋਂ ਕਾਲੇ ਕੰਨਾਂ ਤੇ ਚਿੱਟੇ ਰੰਗ ਵਾਲਾ ਵਛੇਰਾ ਪੈਦਾ ਹੋਇਆ। ਫੇਰ ਇਸ ਨੇ ਰਾਜਸੂ ਯੱਗ ਕਰਿਆ। ਜਿਸ ਵਿਚ ਇਸ ਨੇ ਅਠਾਰਾਂ ਗੋਤ੍ਾਂ ਦੇ ਬ੍ਰਾਹਮਣਾਂ ਨੂੰ ਬੁਲਾਇਆ। ਕਾਸ਼ੀ ਵਾਲੇ ਰਾਜੇ ਦੀ ਪੁਤਰੀ ਜੋ ਇਸ ਦੀ ਰਾਣੀ ਸੀ, ਉਸ ਨਾਲ ਜੋ ਗੋਲੀ ਆਈ ਉਸ ਦੇ ਰੂਪ ਉਪਰ ਮੋਹਿਤ ਹੋ ਕੇ ਰਾਜੇ ਨੇ ਉਸਨੂੰ ਪਟਰਾਣੀ ਬਣਾ ਲਿਆ ਸੀ। ਉਹ ਯੱਗ ਵਿਚ ਰਾਜੇ ਦੇ ਨਾਲ ਹੀ ਘੁੰਮ ਰਹੀ ਸੀ ਅਤੇ ਯੱਗ ਵਿਚ ਹਰ ਵਾਰੀ ਭੋਜਨ ਵਰਤਾਉਣ ਲਈ ਨਵੀਂ ਸਾੜ੍ਹੀ ਬਦਲ ਕੇ ਆਉਂਦੀ ਸੀ। ਬ੍ਰਾਹਮਣਾਂ ਦੇ ਲੜਕਿਆਂ ਨੇ ਕਿਹਾ ਕਿ ਹਰ ਵਾਰੀ ਨਵੀਂ ਰਾਣੀ ਆਉਂਦੀ ਹੈ। ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਨਹੀਂ ਇਹੀ ਰਾਣੀ ਕਪੜੇ ਬਦਲ ਕੇ ਆਉਂਦੀ ਹੈ, ਮੈਂ ਇਸ ਦੇ ਪੈਰ ਤੇ ਨਹੁੰ ਤੇ ਰੱਖ ਕੇ ਚੌਲ ਮਾਰਿਆ ਹੈ। ਜਦੋਂ ਉਹ ਰਾਣੀ ਦੁਬਾਰਾ ਸਾੜ੍ਹੀ ਬਦਲ ਕੇ ਆਈ ਤਾਂ ਉਹ ਚੌਲ ਦਾ ਦਾਣਾ ਲੱਗਿਆ ਦੇਖ ਕੇ ਸਾਰੇ ਬ੍ਰਾਹਮਣ ਆਪਸ ਵਿਚ ਗੱਲ ਕਰਕੇ ਹੱਸ ਪਏ, ਉਸੇ ਸਮੇਂ ਹਵਾ ਦਾ ਜ਼ੋਰ ਦਾ ਬੁਲਾ ਆਇਆ ਤਾਂ ਰਾਣੀ ਬੇਪੜਦ ਜਿਹੀ ਹੋ ਗਈ, ਉਧਰ ਬੱਚੇ ਹੱਸੇ, ਉਧਰ ਇਹ ਘਟਨਾ ਵਾਪਰੀ। ਰਾਜੇ ਜਨਮੇਜੇ ਨੂੰ ਕ੍ਰੋਧ ਆ ਗਿਆ, ਉਸ ਨੇ 18 ਗੋਤਰਾਂ ਦੇ ਬ੍ਰਾਹਮਣਾਂ ਨੂੰ ਮਾਰ ਦਿਤਾ, ਉਸ ਨੂੰ ਕੋਹੜ ਹੋ ਗਿਆ, ਬਹੁਤ ਦੁਖੀ ਹੋ ਗਿਆ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਰੋਵੈ ਜਨਮੇਜਾ ਖੁਇ ਗਇਆ।।***
***ਏਕੀ ਕਾਰਣਿ ਪਾਪੀ ਭਇਆ॥ ਪੰਨਾ – 954***

ਵਿਆਸ ਜੀ ਨੂੰ ਤਰਸ ਆ ਗਿਆ ਤਾਂ ਉਨ੍ਹਾਂ ਨੇ 18 ਪਰਬਾਂ ਵਾਲਾ ਮਹਾਂਭਾਰਤ ਦਾ ਪ੍ਰਸੰਗ ਰਾਜੇ ਨੂੰ ਸੁਣਾਇਆ, ਜਦੋਂ ਉਨ੍ਹਾਂ ਨੇ ਭੀਮਸੈਨ ਤੇ ਗੰਧਰਬਾਂ ਦਾ ਭਿਆਨਕ ਯੁਧ ਸੁਣਾਇਆ ਜਿਸ ਵਿਚ ਭੀਮਸੈਨ ਨੇ ਮੰਤਰ ਬਲ ਵਰਤ ਕੇ ਹਾਥੀ ਚੁੱਕ-ਚੁੱਕ ਕੇ ਅਸਮਾਨਾਂ ਵਿਚ ਮਾਰੇ, ਜੋ ਹੁਣ ਤਕ ਘੁੰਮ ਰਹੇ ਹਨ। ਜਦੋਂ ਇਹ ਕਥਾ ਆਈ ਤਾਂ ਇਸ ਨੇ ਨੱਕ ਚੜ੍ਹਾਇਆ ਕਿ ਇਹ ਕਿਵੇਂ ਹੋ ਸਕਦਾ ਹੈ? ਨੱਕ ਵਿਚ ਕੋਹੜ ਰਹਿ ਗਿਆ ਜਿਸ ਕਰਕੇ ਇਸ ਦੀ ਮੌਤ ਹੋ ਗਈ।

ਹੁਕਮ ਦੇ ਅੱਗੇ ਹਜ਼ਾਰਾਂ ਸਿਆਣਪਾਂ ਵੀ ਨਿਕੰਮੀਆਂ ਪੈ ਜਾਂਦੀਆਂ ਹਨ। ਸੋ ਹੁਕਮ ਨੂੰ ਨਾ ਬੁੱਝਣ ਕਰਕੇ ਸਚਿਆਰ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਨੇ ਹੁਕਮ ਨੂੰ ਬੁਝਿਆ ਹੈ ਉਸ ਨੂੰ ਸਤਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥***
***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥***
***ਪੰਨਾ – 1***

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ***
***ਜਨ ਨਾਨਕ ਗੁਰਮੁਖਿ ਜਾਤਾ ਰਾਮ॥ ਪੰਨਾ – 541***

ਅਸਾਡੇ ਮਨਾਂ ਵਿਚ ਐਡੀ ਜ਼ਬਰਦਸਤ ਧੁੰਧ ਪਈ ਹੋਈ ਹੈ ਕਿ ਕਿਸੇ ਤਰੀਕੇ ਨਾਲ ਵੀ ਇਹ ਦੂਰ ਨਹੀਂ ਹੁੰਦੀ, ਸਤਿ ਅਵਸਥਾ ਤਾਂ ਇਹ ਹੈ ਕਿ ਇਹ ਸਾਰਾ ਸੰਸਾਰ ਵਾਹਿਗੁਰੂ ਦਾ ਆਪਣਾ ਹੀ ਰੂਪ ਹੈ। ਜਿਵੇਂ ਕਿ ਫੁਰਮਾਨ ਕੀਤਾ ਗਿਆ ਹੈ ਕਿ –

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮੁ ਕਰਤਾ ਅਬਿਨਾਸ॥***
***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ – 275***

ਅਸੀਂ ਪੜ੍ਹਦੇ ਵੀ ਹਾਂ, ਸੁਣਦੇ ਵੀ ਹਾਂ, ਕਥਾ ਵੀ ਸੁਣਦੇ ਹਾਂ ਅਤੇ ਹਰ ਰੋਜ਼ ਨਿਤਨੇਮ ਵਿਚ ਵੀ ਪੜ੍ਹਦੇ ਹਾਂ –

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***
***ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥***
***ਪੰਨਾ – 999***

ਸਦੀਵ ਤੋਂ ਵਾਹਿਗੁਰੂ ਜੀ ਆਪ ਹੀ ਹਨ, ਇਥੇ ਕਿਸੇ ਗੈਰ ਦੀ ਕੋਈ ਹਸਤੀ ਨਹੀਂ ਪਰ ਹਉਮੈ ਦੇ ਪਏ ਹੋਏ ਭੁੱਲ ਭੁਲੇਖੇ ਨੇ, ਹਉਮੈ ਰੂਪ ਧੁੰਧ ਨੇ ਐਸਾ ਮਨ ਵਿਚ ਹਨ੍ਹੇਰਾ ਪੈਦਾ ਕਰ ਦਿਤਾ ਕਿ ਅਸਲੀ ਚੀਜ਼ ਦਿਸ ਹੀ ਨਹੀਂ ਰਹੀ। ਸੋ ਇਹ ਹਨ੍ਹੇਰਾ ਸਭ ਨੂੰ ਦੁਖੀ ਕਰ ਰਿਹਾ ਹੈ –

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਪੰਨਾ – 325***

ਇਸ ਅੰਧਕਾਰ ਨੂੰ ਦੂਰ ਕਰਨ ਨੂੰ ਕੋਈ ਵੀ ਪ੍ਰਕਾਸ਼ ਸਮਰਥ ਨਹੀਂ ਹੈ –

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***
***ਪੰਨਾ – 463***

ਫੇਰ ਕਿਸ ਤਰ੍ਹਾਂ ਨਾਲ ਚੱਲਿਆ ਜਾਵੇ ਕਿ ਇਹ ਮਾਨਸਿਕ ਹਨ੍ਹੇਰਾ ਦੂਰ ਹੋਵੇ, ਕਿਹੜਾ ਸਾਧਨ ਕਰੀਏ ਜਿਸ ਨਾਲ ਸਤਿ ਦੀ ਪਛਾਣ ਇੰਨ ਬਿੰਨ ਹੋ ਜਾਵੇ ਅਤੇ ਭਰਮਾਂ ਦਾ ਨਾਸ਼ ਹੋ ਜਾਵੇ, ਇਨ੍ਹਾਂ ਸਾਧਨਾਂ ਵਿਚੋਂ ਪ੍ਰਮੁੱਖ ਸਾਧਨ ਸਤਿਸੰਗ ਕਰਨ ਦਾ ਦਸਿਆ ਗਿਆ ਹੈ, ਸਤਿਸੰਗ ਨੂੰ ਪ੍ਰਮੇਸ਼ਰ ਦੇ ਦਰਵਾਜ਼ੇ ਦਾ ਮੁੱਖ ਦੁਆਰ ਆਖਿਆ ਗਿਆ ਹੈ। ਚਾਰ ਦਰਵਾਜ਼ੇ ਹਨ – ਸਤਿਸੰਗ, ਬੈਰਾਗ, ਵਿਵੇਕ ਅਤੇ ਵਿਚਾਰ ਹਨ। ਇਨ੍ਹਾਂ ਵਿਚੋਂ ਆਪਾਂ ਸਤਿਸੰਗ ਦੇ ਦਰਵਾਜ਼ੇ ਵਿਚ ਸਾਰੇ ਹੀ ਬਿਰਾਜੇ ਹੋਏ ਹਾਂ, ਸਤਿਸੰਗ ਵਿਚ ਗੁਰਬਾਣੀ ਸੁਣ ਕੇ, ਸਤਿ ਤੇ ਅਸਤਿ ਦੇ ਭੇਦ ਮਿਟਣਗੇ ਅਤੇ ਅਸਤਿ ਪਦਾਰਥਾਂ ਤੋਂ ਬੈਰਾਗ ਹੋਵੇਗਾ। ਫੇਰ ਵਿਵੇਕ ਬਿਰਤੀ ਜਾਗ੍ਰਤ ਹੋਵੇਗੀ ਅਤੇ

***(ਬਾਕੀ ਪੰਨਾ 23 ਤੇ)***



Sri Satguru Jagjit Singh Ji eLibrary NamdhariElibrary@gmail.com

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਫਰਵਰੀ ਅੰਕ, ਪੰਨਾ - 63)*

30. ਅਤੇ ਦੂਸਰੇ ਨਿਯਮਤ ਅਹਾਰ ਕਰਨ ਵਾਲੇ ਯੋਗੀ ਜਨ ਪ੍ਰਾਣਾਂ ਨੂੰ ਪ੍ਰਾਣਾਂ ਵਿਚ ਹੀ ਹਵਨ ਕਰਦੇ ਹਨ। ਇਸ ਪ੍ਰਕਾਰ ਦੇ ਯੱਗਾਂ ਦੁਆਰਾ ਜਿਨ੍ਹਾਂ ਦਾ ਪਾਪ ਨਾਸ਼ ਹੋ ਗਿਆ ਹੈ ਐਸੇ ਇਹ ਸਾਰੇ ਪੁਰਸ਼ ਯੱਗਾਂ ਨੂੰ ਜਾਨਣ ਵਾਲੇ ਹਨ।

31. ਅਤੇ ਹੇ ਕੁਰੂਸ੍ਰੇਸ਼ਠ ਅਰਜਨ ਯੱਗਾਂ ਨੂੰ ਪ੍ਰਣਾਮ ਰੂਪ ਗਿਆਨ ਅੰਮ੍ਰਿਤ ਨੂੰ ਭੋਗਣ ਵਾਲੇ ਯੋਗੀਜਨ ਸਨਾਤਮ ਪਾਰਬ੍ਰਹਮ ਪ੍ਰਮਾਤਮਾ ਨੂੰ ਮਿਲ ਜਾਂਦੇ ਹਨ ਅਤੇ ਯੱਗ ਰਹਿਤ ਪੁਰਸ਼ਾਂ ਨੂੰ ਇਹ ਮਨੁੱਸ਼ ਲੋਕ ਭੀ ਸੁਖਦਾਇਕ ਨਹੀਂ ਹੈ ਫੇਰ ਪਰਲੋਕ ਕਿਵੇਂ ਸੁਖਦਾਇਕ ਹੋਵੇਗਾ।

32. ਅਜਿਹੇ ਬਹੁਤ ਪ੍ਰਕਾਰ ਦੇ ਯੱਗ ਵੇਦ ਦੀ ਬਾਣੀ ਵਿਚ ਵਿਸਥਾਰ ਕੀਤੇ ਗਏ ਹਨ ਉਨ੍ਹਾਂ ਸਭਨਾਂ ਦੇ ਸਰੀਰ ਮਨ ਅਤੇ ਇੰਦ੍ਰੀਆਂ ਦੀ ਕ੍ਰਿਪਾ ਦੁਆਰਾ ਹੀ ਉਤਪੰਨ ਹੋਣ ਵਾਲੇ ਗਿਆਨ ਇਸ ਪ੍ਰਕਾਰ ਤਤ੍ਵ ਤੋਂ ਜਾਣ ਕਰ ਨਿਸ਼ਕਾਮ ਕਰਮਯੋਗ ਦੁਆਰਾ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਵੇਗਾ।

33. ਹੇ ਅਰਜਨ! ਸੰਸਾਰਿਕ ਵਸਤੂਆਂ ਤੋਂ ਸਿੱਧ ਹੋਣ ਵਾਲੇ ਯੱਗ ਤੋਂ ਗਿਆਨ ਰੂਪ ਯੱਗ ਸਭ ਪ੍ਰਕਾਰ ਤੋਂ ਸ੍ਰੇਸ਼ਠ ਹੈ ਕਿਉਂਕਿ ਹੇ ਪਾਰਥ ਸੰਪੂਰਨ ਪਾਵਨ ਮਾਤਰ ਕਰਮ ਗਿਆਨ ਵਿਚ ਬਚੇ ਹੁੰਦੇ ਹਨ ਅਰਥਾਤ ਗਿਆਨ ਉਨ੍ਹਾਂ ਦਾ ਪ੍ਰਕਾਸ਼ ਕਰਨ ਵਾਲਾ ਹੈ। ਇਸ ਲਈ ਤਤ੍ਵ ਨੂੰ ਜਾਨਣ ਵਾਲੇ ਗਿਆਨੀ ਪੁਰਸ਼ਾਂ ਨੂੰ ਭਲੀ ਪ੍ਰਕਾਰ ਡੰਡਉਤ ਬੰਦਨਾਂ ਕਰੇ ਫਿਰ ਸੇਵਾ ਨਿਸ਼ਕਪਟ ਭਾਵ ਨਾਲ ਕੀਤੇ ਹੋਏ ਪ੍ਰਸ਼ਨ ਦੁਆਰਾ ਉਸ ਗਿਆਨ ਨੂੰ ਜਾਣ। ਉਹ ਭਰਮ ਨੂੰ ਜਾਨਣ ਵਾਲੇ ਗਿਆਨੀ ਜਨ ਤੈਨੂੰ ਉਸ ਗਿਆਨ ਦਾ ਉਪਦੇਸ਼ ਕਰਨਗੇ।

ਤਿਆਗ ਦਾ ਕਰਮ, ਜੀਵਨ ਦਾ ਮਨੋਰਥ ਅਰਥਾਤ ਬ੍ਰਹਮ ਦੀ ਪ੍ਰਾਪਤੀ ਹੈ। ਜਿਹੜਾ ਬਲੀ ਦਿੰਦਾ ਹੈ ਤਿਆਗ ਕਰਦਾ ਹੈ, ਬਲੀ ਦੇਣ ਲਈ ਜਿਹੜੀ ਅਗਨੀ ਤਿਆਰ ਕੀਤੀ ਜਾਂਦੀ ਹੈ ਜਿਸ ਚੀਜ਼ ਦੀ ਭੇਟਾ ਚੜ੍ਹਾਈ ਜਾਂਦੀ ਹੈ, ਜਿਸ ਤਰ੍ਹਾਂ ਚੜ੍ਹਾਈ ਜਾਂਦੀ ਹੈ, ਉਹ ਵਾਸਤਵ ਵਿਚ ਸਭ ਕੁਝ ਬ੍ਰਹਮ ਹੀ ਹੈ, ਬ੍ਰਹਮ ਹੀ ਸਰਬ ਵਿਆਪਕ ਹੈ, ਸਰਵਤਰ ਸੰਪੂਰਨ ਹਰ ਜਗ੍ਹਾਂ, ਹਾਜ਼ਰ ਨਾਜ਼ਰ ਸਰਵ ਸ਼ਕਤੀਮਾਨ ਇਹ ਸਭ ਬ੍ਰਹਮਾ ਹੀ ਹੈ।

ਬ੍ਰਹਮ (ਸਤ) ਅਜਰ ਹੈ, ਅਮਰ ਹੈ, ਸਵੈ ਸ਼ਕਤੀਮਾਨ ਅਸੀਮ ਹੈ, ਆਤਮ ਸਤਿ ਹੈ ਜਿਥੋਂ ਸਾਰੇ ਬ੍ਰਹਿਮੰਡ ਦੀ ਉਤਪਤੀ ਹੋਈ ਹੈ ਜਿਹੜਾ ਪਾਲਣਹਾਰ ਹੈ ਤੇ ਅੰਤ ਵਿਚ ਬ੍ਰਹਿਮੰਡ ਦਾ ਵਿਸਰਜਨ ਹੋਣਾ ਹੈ। ਇਸ ਸ਼ਾਨ ਨੂੰ ਕੋਈ ਪ੍ਰਤਿਸ਼ਠਾ ਦੀ ਲੋੜ ਨਹੀਂ, ਬ੍ਰਹਮ ਆਪ ਹੀ ਸਭ ਕੁਝ ਹੈ, ਉਸਦਾ ਦੂਸਰਾ ਕੋਈ ਰੂਪ ਨਹੀਂ, ਸ੍ਵੈ ਤੇ ਬ੍ਰਹਮ ਦੋ ਵੱਖ-ਵੱਖ ਤਰੀਕੇ ਹਨ ਉਸ ਸਰਬ ਵਿਆਪਕ ਦੇ। ਆਤਮਾ-ਸ੍ਵੈ ਦਾ ਸ਼ਬਦ ਪ੍ਰਮਾਤਮਾ ਦੇ ਘਰ ਲਈ ਵਰਤਿਆ ਜਾਂਦਾ ਹੈ ਤੇ ਬ੍ਰਹਮ ਸ਼ਬਦ ਦੀ ਵਰਤੋਂ ਵਿਅਕਤੀਗਤ ਰੂਪ ਵਿਚ ਨਹੀਂ ਕੀਤੀ ਜਾਂਦੀ, ਆਤਮਾ ਅੰਦਰ ਰਹਿੰਦਾ ਹੈ, ਪ੍ਰਮਾਤਮਾ ਹੈ, ਬ੍ਰਹਮ ਆਕਾਰ ਰਹਿਤ ਹੈ ਜਿਹੜਾ ਸਾਰੇ ਪ੍ਰਗਟਾਵੇ ਤੋਂ ਪਰ੍ਹੇ ਹੈ, ਆਤਮਾ ਵਿਅਕਤੀ ਦੇ ਅੰਦਰ ਅਤੇ ਬ੍ਰਹਮ ਦਾ ਵਿਸ਼ਵ ਵਿਚ ਜੋ ਸਥਾਨ ਹੈ, ਉਹ ਇਕ ਹੀ ਅੰਤਮ ਸੱਚ ਹੈ ਜਿਸ ਦਾ ਦੂਸਰਾ ਰੂਪ ਨਹੀਂ। ਇਹੋ ਦੋਨੋਂ ਨਾਮ ਇਕ ਹੀ ਸਤਿ ਨੂੰ ਦਰਸਾਉਂਦੇ ਹਨ।

ਯੋਗੀ ਆਮ ਤੌਰ ਤੇ 24 ਵੇਂ ਸ਼ਲੋਕ ਦਾ ਉਚਾਰਣ ਕਰਦੇ ਹਨ, ਭੋਜਨ ਕਰਨ ਤੋਂ ਪਹਿਲਾਂ ਉਹ ਇਹ ਯਾਦ ਕਰਾਉਂਦੇ ਹਨ ਕਿ ਭੋਜਨ ਆਪਣੇ ਆਪ ਵਿਚ ਅਰਦਾਸ ਹੈ ਤੇ ਉਹ ਬ੍ਰਹਮ ਲਈ ਹੀ ਲੈ ਰਹੇ ਹਨ ਆਪਣੇ ਲਈ ਨਹੀਂ ਸੋ ਸਾਧਕ ਆਪਣੇ ਭੋਜਨ ਨੂੰ ਅਰਪਣ ਕਰਦਾ ਹੈ ਇਸ ਭਾਵਨਾ ਨਾਲ ਕਿ ਭੋਜਨ ਵੀ ਬ੍ਰਹਮ ਹੀ ਹੈ, ਉਸ ਨਾਲ ਲੈਣ ਵਾਲਾ ਵੀ ਬ੍ਰਹਮ ਹੀ ਹੈ ਤੇ ਬ੍ਰਹਮ ਨੂੰ ਹੀ ਭੇਟ ਕੀਤੀ ਜਾ ਰਹੀ ਹੈ, ਇਸ ਨਾਲ ਬ੍ਰਹਮ ਦੀ ਸੁਚੇਤਨਾ ਆਉਂਦੀ ਹੈ, ਉਸ ਨੂੰ ਇਸ ਗੱਲ ਦੀ ਸੁਚੇਤਤਾ ਆਉਂਦੀ ਹੈ ਕਿ ਵਾਸਤਵ ਵਿਚ ਸਤਿ ਇਕ ਹੀ ਹੈ, ਜੇ ਕੁਝ ਵੱਖ ਜਾਂ ਅੱਡ ਦਿਸਦਾ ਹੈ ਉਹ ਕੇਵਲ ਭਰਮ ਹੀ ਹੈ, ਆਮ ਮਨੁੱਖ ਭੋਜਨ ਨਾਲ ਜੁੜਿਆ ਹੈ, ਮੋਹ ਦਾ ਬੱਧਾ ਹੈ ਉਹ ਛੇਤੀ ਨਾਲ ਦੂਸਰੇ ਨੂੰ ਦੇਣਾ ਨਹੀਂ ਚਾਹੁੰਦਾ ਪਰ ਆਤਮ ਮਾਰਗ ਤੇ ਚਲਿਆ ਸਾਧਕ ਇਹ ਜਾਣਦਾ ਹੈ ਕਿ ਉਸ ਨੂੰ ਅਰਪਣ ਦਾ ਸੁਭਾਅ ਹੋਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਲੋਭ ਨਾ ਹੋਵੇ, ਈਰਖਾ ਨਾ ਹੋਵੇ, ਅਭਿਮਾਨੀ ਨਾ ਹੋ ਜਾਵੇ, ਪਖਪਾਤੀ ਨਾ ਹੋ ਜਾਵੇ, ਹਉਮੈ ਗ੍ਰਹਿਸਤ ਨਾ ਜਾਵੇ।

ਕਈ ਯੋਗੀ ਅੰਤਰ ਧਿਆਨ ਹੋ ਕੇ ਭੇਟਾ ਕਰ ਦਿੰਦੇ ਹਨ, ਬਾਹਰੀ ਪੱਖੋਂ ਇੰਦ੍ਰੀਆਂ ਦੀ ਵਰਤੋਂ ਕਰਨ ਨਾਲੋਂ, ਬਾਹਰੀ ਵਸਤੂਆਂ ਦੀ ਵਰਤੋਂ ਕਰਨ ਨਾਲੋਂ ਉਹ ਆਪਣੇ ਸ੍ਵਾਸਾਂ ਦੀ ਅਗਨੀ ਬਣਾ ਲੈਂਦੇ ਹਨ ਤੇ ਆਪਣੇ ਸਾਰੇ ਵਿਚਾਰ, ਸੰਵੇਗ, ਇਛਾਵਾਂ ਦੀ ਭੇਟਾ ਸੰਜਮ ਲਈ ਚੜ੍ਹਾ ਦਿੰਦੇ ਹਨ। ਗੁਣਾਂ ਤੇ ਇਛਾਵਾਂ ਦੀ ਸਾਰੀ ਪ੍ਰੇਰਨਾਵਾਂ ਦੀ ਆਹੂਤੀ ਗਿਆਨ ਦੀ ਅਗਨੀ ਦੀ ਭੇਟ ਕਰ ਦਿਤੀ ਜਾਂਦੀ ਹੈ। ਜਦੋਂ ਸੋਚਣੀ ਕਥਨੀ ਕ੍ਰਿਆ ਇਛਾਵਾਂ, ਪ੍ਰੇਰਨਾਵਾਂ ਤੇ ਗੁਣ, ਗਿਆਨ ਦੀ ਅਗਨੀ ਨੂੰ ਭੇਟ ਕਰ ਦਿਤੇ ਜਾਂਦੇ ਹਨ, ਯੋਗੀ ਸੁਤੰਤਰ ਹੋ ਜਾਂਦਾ ਹੈ।

ਇਕ ਹੋਰ ਮਾਰਗ ਵੀ ਹੈ, ਪ੍ਰਾਣ ਸਾਡੀ ਜੀਵਨ ਸ਼ਕਤੀ ਹਨ, ਪ੍ਰਾਣਾਂ ਤੋਂ ਬਿਨਾਂ ਇਸ ਧਰਤੀ ਤੇ ਜੀਵਨ ਹੀ ਨਹੀਂ, ਪ੍ਰਾਣ ਤੋਂ ਭਾਵ ਹੈ ਜੀਵਨ ਦਾ ਮੂਲ ਤੱਤ, ਮੂਲ ਸ਼ਕਤੀ, ਇਸ ਨੂੰ ਸਾਹ ਅੰਦਰ ਲੈਣਾ ਵੀ ਕਿਹਾ ਗਿਆ ਹੈ। ਇਸ ਪ੍ਰਕਾਰ ਦੀ ਭੇਟਾ ਵਿਚ ਸਾਹ ਨੂੰ ਹੀ ਪ੍ਰਾਣਾਂ ਦੀ ਭੇਟ ਕੀਤਾ ਜਾਂਦਾ ਹੈ, ਸਾਰੇ ਔਗੁਣ ਖਤਮ ਕਰ ਦਿਤੇ ਜਾਂਦੇ ਹਨ ਤੇ ਯੋਗੀ ਅੰਤਮ ਸਚਾਈ ਬ੍ਰਹਮ ਤਕ ਪਹੁੰਚ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਨੌਂ ਸ਼ਲੋਕ ਵੱਖ-ਵੱਖ ਤਰ੍ਹਾਂ ਦੀਆਂ ਭੇਟਾਵਾਂ ਤੇ ਬਲੀਆਂ ਦਸਦੇ ਹਨ ਤੇ ਇਨ੍ਹਾਂ ਕਰਮਾਂ ਦੀ ਮਹੱਤਤਾ ਦਸਦੇ ਹਨ ਕਿ ਬਲੀ ਦੇਣ ਦੀ, ਅਰਪਣ ਕਰਨ ਦੀ, ਭੇਟਾ ਕਰਨ ਦੀ ਹੀ ਮਹੱਤਤਾ ਹੈ, ਯੱਗ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਅਰਪਣ ਕਰਨ ਦੀ ਰਸਮ ਨੂੰ ਯੱਗ ਕਿਹਾ ਗਿਆ ਹੈ, ਬ੍ਰਹਮ ਦੀ ਪ੍ਰਾਪਤੀ ਲਈ ਜਿਹੜਾ ਯੱਗ ਕੀਤਾ ਜਾਂਦਾ ਹੈ ਉਹ ਇਕ ਪ੍ਰਕਾਰ ਦਾ ਯੱਗ ਹੈ, ਬ੍ਰਹਮ ਯੱਗ, ਜੀਵ ਆਤਮਾ ਯੱਗ, ਗਿਆਨ ਯੱਗ, ਵਿਗਿਆਨ ਯੱਗ, ਮੋਕਸ਼ ਗਿਆਨ ਯੱਗ। ਇਨ੍ਹਾਂ ਨੂੰ ਸਰਲ ਕਰਕੇ ਲਿਖਣ ਲਈ ਅਸੀਂ ਇਨ੍ਹਾਂ ਨੂੰ ਚਾਰ ਪ੍ਰਣਾਲੀਆਂ ਵਿਚ ਵੰਡ ਸਕਦੇ ਹਾਂ। 1. ਸੰਸਾਰਕ ਇਛਾਵਾਂ ਦੀ ਪੂਰਤੀ ਲਈ ਯੱਗ, 2. ਨਿ-ਸੁਆਰਥੀ ਹੋ ਕੇ ਕੀਤਾ ਗਿਆ ਯੱਗ ਜੋ ਦੂਸਰਿਆਂ ਦੀ ਸਹਾਇਤਾ ਲਈ ਕੀਤਾ ਜਾਂਦਾ ਹੈ। 3. ਕਰਮਾਂ ਦੇ ਬੰਧਨ ਤੋਂ ਛੁਟਕਾਰਾ ਪਾਉਣ ਲਈ ਯੱਗ 4. ਯੋਗੀਆਂ ਦੁਆਰਾ ਕੀਤਾ ਯੱਗ ਜੋ ਆਪਣਿਆਂ ਸੰਸਕਾਰਾਂ ਨੂੰ ਫੂਕਣ ਲਈ, ਉਨ੍ਹਾਂ ਦੀ ਅਹੂਤੀ ਗਿਆਨ ਦੀ ਅਗਨੀ ਵਿਚ ਪਾਉਣੀ। ਬਾਹਰੀ ਰੂਪ ਵਿਚ ਕੀਤਾ ਗਿਆ ਯੱਗ ਸਚਮੁਚ ਹੀ ਅੰਤਰ ਦੇ ਯੱਗ ਨਾਲੋਂ ਨੀਵਾਂ ਹੈ, ਅੰਦਰ ਦਾ ਯੱਗ ਅਧਿਆਤਮਕ ਸਾਧਨਾ ਹੈ ਜਿਸ ਨੂੰ ਗਿਆਨ ਵਿਗਿਆਨ ਵੀ ਕਹਿੰਦੇ ਹਨ, ਇਹ ਅੰਦਰ ਦੇ ਗਿਆਨ ਦੇ ਸ੍ਰੋਤ ਵਲ ਪ੍ਰੇਰਤ ਕਰਦਾ ਹੈ, ਸੁਚੇਤਨਤਾ ਵਲ ਪ੍ਰੇਰਿਤ ਕਰਦਾ ਹੈ, ਜਦੋਂ ਕਿ ਬਾਹਰੀ ਯੱਗ ਜੁਗਤੀ ਨਾਲ ਕਰਮ ਕਰਨ ਲਈ ਗਿਆਨ ਦਿੰਦਾ ਹੈ ਤੇ ਕਰਮਾਂ ਤੋਂ ਮੁਕਤ ਕਰਾਉਂਦਾ ਹੈ। ਗਿਆਨੀ ਗਿਆਨ ਯੱਗ ਕਰਕੇ ਅੰਦਰ ਦੀ ਸ਼ਾਂਤੀ ਮਾਣਦੇ ਹਨ। ਬ੍ਰਹਿਮੰਡ ਵੀ ਯੱਗ ਕਰ ਰਿਹਾ ਹੈ, ਜੋ ਵੀ ਅਸੀਂ ਦੇਖਦੇ ਹਾਂ, ਅਨੁਭਵ ਕਰਦੇ ਹਾਂ, ਯੱਗ ਹੀ ਹੈ ਗਿਆਨੀ ਅਤੇ ਮੂਰਖ ਵਿਚ ਅੰਤਰ ਕੇਵਲ ਐਨਾ ਹੈ ਕਿ ਗਿਆਨੀ ਇਸ ਨੂੰ ਸਲਾਹੁੰਦਾ ਹੈ, ਮੂਰਖ ਕੰਧਾਂ ਖੜ੍ਹੀਆਂ ਕਰ ਲੈਂਦਾ ਹੈ ਤੇ ਭੋਗਾਂ ਵਿਚ ਲਗ ਜਾਂਦਾ ਹੈ, ਵਿਸ਼ੇ ਵਿਕਾਰਾਂ ਵਿਚ ਪੈ ਜਾਂਦਾ ਹੈ।

ਬ੍ਰਹਮ ਯੱਗ ਸਭ ਤੋਂ ਉਤਮ ਹੈ। ਇਹ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ, ਇਹ ਬੰਧਨ ਨਹੀਂ, ਸੁਤੰਤਰ ਹੋਣ ਲਈ ਕੀਤਾ ਜਾਂਦਾ ਹੈ, ਸਾਧਕ ਇਹ ਯੱਗ ਅੰਤਰ ਮੁਖੀ ਹੋ ਕੇ ਕਰਦਾ ਹੈ, ਬਾਹਰੀ ਪਦਾਰਥ ਕੋਈ ਵੀ ਨਹੀਂ ਵਰਤਦਾ, ਦੂਸਰੇ ਇਸ ਨੂੰ ਬਾਹਰੀ ਰੂਪ ਵਿਚ ਕਰਦੇ ਹਨ, ਬਾਹਰੀ ਸੰਸਾਰ ਵਿਚ ਸਾਰੇ ਕਰਮ, ਪ੍ਰਗਟਾਵੇ, ਉਤਮ ਵਸਤੂਆਂ ਇਹ ਸਾਰੀਆਂ ਅਗਨੀ ਭੇਟ ਕੀਤੀਆਂ ਜਾਂਦੀਆਂ ਹਨ, ਇੱਛਾ ਦੀ ਭੇਟਾ ਬਣਦੀ ਹੈ, ਇਸ ਉਤਮ ਕਰਮ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ, ਇਸ ਕਰਮ ਦਾ ਉਤਮ ਫਲ ਹੈ ਨਿਸ਼ਕਾਮ ਕਰਮ ਜਿਹੜਾ ਕਰਮਾਂ ਦੇ ਬੰਧਨ ਤੋਂ ਮੁਕਤ ਕਰਦਾ ਹੈ। ਇਹ ਦੋਨੋਂ ਤਰ੍ਹਾਂ ਦੇ ਯੱਗ ਬ੍ਰਹਮ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ।

34. ਇਹ ਸਭ ਕੁਝ ਤੂੰ ਪ੍ਰਣਾਮ ਕਰਕੇ ਸਿੱਖ, ਪ੍ਰਸ਼ਨ ਕਰਕੇ ਸਿੱਖ। ਬ੍ਰਹਮ ਗਿਆਨੀ ਤੈਨੂੰ ਇਹ ਗਿਆਨ ਦੇਣਗੇ, ਇਹ ਉਪਦੇਸ਼ ਦੇਣਗੇ।

ਚੌਤੀਂਵੇਂ ਸ਼ਲੋਕ ਵਿਚ ਦਸਿਆ ਹੈ, ਉਪਦੇਸ਼ਕ ਵੀ ਅਗਨੀ ਦੀ ਤਰ੍ਹਾਂ ਹੈ ਜਿਸ ਨੂੰ ਭੇਟ ਦਿਤੀ ਜਾਂਦੀ ਹੈ, ਅਗਨੀ ਦਾ ਗੁਣ ਹੈ, ਉਹ ਹਰ ਚੀਜ਼ ਦਾ ਕਾਇਆ ਕਲਪ ਕਰਕੇ ਇਕ ਕਰ ਦਿੰਦੀ ਹੈ ਹਰ ਵਸਤੂ ਦੀ ਸੁਆਹ ਬਣਾ ਦਿੰਦੀ ਹੈ। ਇਕ ਅੱਛੇ ਉਪਦੇਸ਼ਕ ਨੂੰ, ਗੁਰੂ ਨੂੰ ਸਾਧਕ ਵਲੋਂ ਜਾਂ ਸ਼ਿਸ਼ ਵਲੋਂ ਭੇਟਾ ਦੀ ਲੋੜ ਨਹੀਂ ਹੁੰਦੀ, ਗੁਰੂ ਦਾ ਚਾਨਣ ਗੁਰੂ ਦਾ ਗਿਆਨ ਸਵੈ-ਸੰਪੂਰਨ ਹੁੰਦਾ ਹੈ, ਅੰਦਰ ਦਾ ਚਾਨਣ ਹੁੰਦਾ ਹੈ ਉਹ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਇਸ ਅਗਨੀ ਨੂੰ ਕੁਝ ਭੇਟਾ ਕਰਨਾ ਸਤਿਕਾਰ ਹੈ, ਗੁਰੂ ਲਈ ਪਿਆਰ ਦਾ ਪ੍ਰਗਟਾਵਾ ਹੈ ਜਿਹੜਾ ਸਾਧਕ ਨੂੰ ਉਸ ਦੇ ਲੋਭ ਤੋਂ ਛੁਟਕਾਰਾ ਦੁਆਉਂਦਾ ਹੈ। ਗੁਰੂ ਵਲੋਂ ਇਕ ਸੰਕੇਤਕ ਧਾਰਮਿਕ ਗੀਤ ਕੀਤੀ ਜਾਂਦੀ ਹੈ ਜਿਸ ਦਾ ਬਾਹਰੀ ਚਿੰਤਨ ਅੰਦਰ ਦੇ ਪਰਿਵਰਤਨ ਦਾ ਸੰਕੇਤ ਹੈ, ਪਰ ਉਸ ਦਾ ਬਾਹਰੀ ਪ੍ਰਗਟਾਵਾ ਅਤੀ ਜ਼ਰੂਰੀ ਹੈ। ਪਹਿਲਾਂ ਤਾਂ ਦੀਕਸ਼ਾ ਦੇਣ ਤੋਂ ਪਹਿਲਾਂ ਗੁਰੂ ਸ਼ਿਸ਼ ਨੂੰ ਸਵੀਕਾਰ ਕਰਦਾ ਹੈ ਤੇ ਉਸ ਨੂੰ ਮਾਰਗ ਤੇ ਚਲਣਾ ਦਸਦਾ ਹੈ, ਦੂਸਰਾ ਸਾਧਕ ਨੂੰ ਸੁੱਕੀਆਂ ਲੱਕੜੀਆਂ ਲਿਆਉਣ ਨੂੰ ਕਿਹਾ ਜਾਂਦਾ ਹੈ ਤੇ ਗੁਰੂ ਨੂੰ ਭੇਟ ਕਰਨ ਨੂੰ ਕਿਹਾ ਜਾਂਦਾ ਹੈ, ਗੁਰੂ ਉਨ੍ਹਾਂ ਨੂੰ ਇਕ-ਇਕ ਕਰਕੇ ਫੂਕਦਾ ਹੈ, ਇਸ ਸੰਕੇਤਕ ਗੀਤ ਨਾਲ ਗੁਰੂ ਸ਼ਿਸ਼ ਦੇ ਪਿਛਲੇ ਸਾਰੇ ਸੰਸਕਾਰ ਫੂਕ ਦਿੰਦਾ ਹੈ, ਗੁਰੂ ਗਿਆਨ ਦੀ ਅਗਨੀ ਵਿਚ ਉਹ ਸਭ ਭੇਟ ਕਰ ਦਿੰਦਾ ਹੈ।

ਗੁਰੂ ਨੂੰ ਕੁਝ ਨਹੀਂ ਚਾਹੀਦਾ ਪਰ ਸਾਧਕ ਗੁਰੂ ਕੋਲ ਕਿਸ ਤਰ੍ਹਾਂ ਜਾਂਦਾ ਹੈ ਇਹ ਬਹੁਤ ਮਹੱਤਵਪੂਰਨ ਹੈ, ਗਿਆਨ ਪ੍ਰਾਪਤੀ ਲਈ ਅਤਿ ਅਵੱਸ਼ਕ ਹੈ। ਸਾਧਕ ਨਿਵ ਕੇ ਜਾਏ, ਉਸ ਦੀ ਸ਼ਰਧਾ ਹੋਵੇ, ਪਿਆਰ ਹੋਵੇ, ਸਿਦਕ ਹੋਵੇ, ਸਤਿਕਾਰ ਹੋਵੇ ਜੇ ਇਹ ਗੁਣ ਨਾ ਹੋਣ ਤਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜਦੋਂ ਸਾਧਕ ਕੋਈ ਪ੍ਰਸ਼ਨ ਕਰਦਾ ਹੈ, ਆਪਣੇ ਸ਼ੰਕੇ ਨਵਿਰਤ ਕਰਨ ਲਈ ਉਸ ਲਈ ਨਿਵ ਕੇ ਚਲਣਾ ਆਵਸ਼ਕ ਹੈ। ਸਾਧਕ ਦਾ ਪ੍ਰਸ਼ਨ ਗੁਰੂ ਦਾ ਗਿਆਨ ਜਾਚਣ ਲਈ ਨਹੀਂ ਹੋਣਾ ਚਾਹੀਦਾ। ਵਾਦ ਵਿਵਾਦ ਲਈ ਪ੍ਰਸ਼ਨ ਨਹੀਂ ਕਰਨੇ ਚਾਹੀਦੇ, ਹਉਮੈ ਵਾਲੇ ਸ਼ਿਸ਼ ਗਿਆਨ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ, ਜਦੋਂ ਤੁਸੀਂ ਨਮਰ ਹੁੰਦੇ ਹੋ, ਠਰੰਮੇ ਨਾਲ ਬੋਲਦੇ ਹੋ ਤਾਂ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ ਤੇ ਸੰਕੇ ਨਵਿਰਤ ਹੋ ਜਾਂਦੇ ਹਨ।

ਚੌਤੀਵਾਂ ਸ਼ਲੋਕ ਅਰਜਨ ਨੂੰ ਨਮਰ ਹੋਣ ਲਈ ਸਿਖਿਆ ਦੇ ਰਿਹਾ ਹੈ ਤਾਂ ਜੋ ਗਿਆਨ ਪ੍ਰਾਪਤ ਹੋ ਸਕੇ ਅਰਜਨ ਆਪਣੇ ਪ੍ਰਸ਼ਨਾਂ ਨਾਲ ਆਪਣੇ ਗੁਰੂ ਨਾਲ ਝਗੜਦਾ ਰਿਹਾ ਹੈ। ਯੁੱਧ ਦੇ ਮੈਦਾਨ ਵਿਚ ਯੁੱਧ ਨਹੀਂ ਕਰਦਾ ਰਿਹਾ, ਉਸ ਦੇ ਪ੍ਰਸ਼ਨਾਂ ਵਿਚ ਅੱਜ ਵੀ ਢੀਠਪੁਣਾ ਝਲਕਦਾ ਹੈ, ਨਿਰ-ਸੁਆਰਥ ਸਿਖਿਆ ਨਾ ਪ੍ਰਾਪਤ ਕਰਨ ਲਈ ਉਹ ਅੜੀਂ ਬੈਠਾ ਹੈ, ਉਹ ਅਗਿਆਨੀ ਹੈ, ਕ੍ਰਿਸ਼ਨ ਜੀ ਉਸ ਨੂੰ ਕਹਿ ਰਹੇ ਹਨ ਉਹ ਅੜੇ ਨਾ, ਨਮਰ ਹੋਵੇ, ਨਮਰ ਹੋਣ ਨਾਲ ਮਨ ਛੇਤੀ ਹੀ ਨਿਰਮਲ ਹੋ ਜਾਂਦਾ ਹੈ, ਇਨ੍ਹਾਂ ਗੱਲਾਂ ਦਾ ਪਿਛੇ ਦੱਸੇ ਜਾ ਚੁਕੇ ਸਿਧਾਂਤਾਂ ਨਾਲ ਕੋਈ ਵਿਰੋਧ ਨਹੀਂ ਕਿ ਸ਼ਿਸ਼ ਨਮਰ ਹੋ ਕੇ ਕਰੇ ਤਾਂ ਜੋ ਉਸ ਨੂੰ ਉਤਰ, ਬਿਨਾਂ ਕਿਸੇ ਰੁਕਾਵਟ ਦੇ ਮਿਲ ਸਕੇ।

ਜਿਵੇਂ ਕਿ ਦੇਖਿਆ ਗਿਆਨ ਹੈ, ਵਿਰੋਧ ਇਕ ਬੜੀ ਵੱਡੀ ਰੁਕਾਵਟ ਹੈ ਮਨੋਚਿਕਿਤਸਕਾ ਦਾ ਵੀ ਇਹ ਕਹਿਣਾ ਹੈ, ਚਿਕਿਤਸਕ ਦਸਦੇ ਹਨ ਕਿ ਭਾਵੇਂ ਉਨ੍ਹਾਂ ਦੇ ਮਰੀਜ਼ ਗਾਹਕ ਬਹੁਤ ਪੈਸੇ ਦਿੰਦੇ ਹਨ, ਉਨ੍ਹਾਂ ਦੀ ਸਲਾਹ ਪੁਛਣ ਆਉਂਦੇ ਹਨ, ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਪੁਛਦੇ ਹਨ ਪਰ ਜੋ ਸਿਖਿਆ, ਜੋ ਹਦਾਇਤਾਂ ਉਨ੍ਹਾਂ ਨੂੰ ਦਿਤੀਆਂ ਜਾਂਦੀਆਂ ਹਨ ਉਨ੍ਹਾਂ ਤੇ ਉਹ ਅਮਲ ਨਹੀਂ ਕਰਦੇ, ਉਸ ਤਰ੍ਹਾਂ ਉਹ ਕਰਦੇ ਨਹੀਂ। ਚਿਕਤਿਸਕ ਬਹੁਤ ਵਾਰੀ ਸੰਕਟ ਮਹਿਸੂਸ ਕਰਦਾ



Sri Satguru Jagjit Singh Ji eLibrary NamdhariElibrary@gmail.com

ਹੈ, ਜੇ ਉਹ ਸਲਾਹ ਦਿੰਦਾ ਹੈ ਮਰੀਜ਼ ਮੰਨਦਾ ਨਹੀਂ, ਕਦੀ ਇਹ ਮਹਿਸੂਸ ਕਰਦਿਆਂ ਕਿ ਮਰੀਜ਼ ਨੇ ਗੱਲ ਤਾਂ ਮੰਨਣੀ ਨਹੀਂ ਚਿਕਿਸਕ ਸਲਾਹ ਦਿੰਦਾ ਹੀ ਨਹੀਂ, ਉਹ ਮਰੀਜ਼ ਨੂੰ ਆਪਣੇ ਆਪੇ ਤੇ ਹੀ ਛੱਡ ਦਿੰਦਾ ਹੈ, ਉਹ ਆਪਣੀਆਂ ਸਮਸਿਆਵਾਂ ਆਪ ਹੀ ਦੇਖੇ, ਆਪ ਹੀ ਉਨ੍ਹਾਂ ਦਾ ਸਮਾਧਾਨ ਕਰੇ ਪਰ ਫੇਰ ਮਰੀਜ਼ ਮਹਿਸੂਸ ਕਰਦਾ ਹੈ, ਮੈਨੂੰ ਧੋਖੇ ਵਿਚ ਰੱਖਿਆ, ਉਹ ਮੰਗਦਾ ਹੈ ਕਿ ਮੈਨੂੰ ਦਸਿਆ ਜਾਵੇ, ਮੈਨੂੰ ਕੀ ਹੋਇਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ, ਇਹੋ ਜਿਹੇ ਵਿਵਹਾਰ ਲਈ ਬਹੁਤ ਕੁਝ ਕਿਹਾ ਗਿਆ ਹੈ, ਕਈਆਂ ਨੇ ਇਸ ਨੂੰ ਮਰੀਜ਼ ਗਾਹਕ ਤੇ ਚਿਕਿਤਸਕ ਵਿਚਕਾਰ ਸੰਜਮ ਦੀ ਲੜਾਈ ਕਿਹਾ ਹੈ, ਕਈ ਇਸ ਨੂੰ ਗਾਹਕ ਦੀ ਸੁਰੱਖਿਆਵਾਦ ਕਹਿੰਦੇ ਹਨ, ਭਾਵੇਂ ਕੁਝ ਵੀ ਕੀਤਾ ਜਾਵੇ ਇਸ ਦਾ ਸਮਾਧਾਨ ਹੋਣਾ ਚਾਹੀਦਾ ਹੈ, ਚਿਕਤਿਸਕ ਨੇ ਵੱਖ-ਵੱਖ ਤਰੀਕੇ ਕੱਢੇ ਹਨ ਕਿਵੇਂ ਉਹ ਇਸ ਸੁਰੱਖਿਆਵਾਦ ਨੂੰ ਠੀਕ ਕਰਨਗੇ, ਕਈ ਵਾਰੀ ਚਿਕਿਤਸਕ ਦਵੰਦ ਵਾਲੀ ਚਿਕਿਤਸਾ ਵੀ ਵਰਤਦੇ ਹਨ ਜਿਸ ਵਿਚ ਉਹ ਮਰੀਜ਼ ਨੂੰ ਉਸ ਦੀ ਸਮਸਿਆ ਗੰਭੀਰ ਹੋਣ ਦਿੰਦੇ ਹਨ ਤਾਂ ਜੋ ਉਹ ਇਸ ਪੱਧਰ ਤੇ ਪਹੁੰਚ ਜਾਏ ਕਿ ਉਹ ਉਨ੍ਹਾਂ ਦੀ ਗੱਲ ਸੁਣ ਸਕੇ।

ਪਹਿਲੇ ਪਹਿਲ ਮਰੀਜ਼ ਤੇ ਚਿਕਿਤਸਕ ਇਕ ਦੂਸਰੇ ਨੂੰ ਹੇਰ ਫੇਰ ਵਿਚ ਮਾਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਭਾਵੇਂ ਸਾਰਾ ਵਕਤ ਹੀ ਚਲਦਾ ਰਹੇ, ਇਹੋ ਹੀ ਕਾਰਣ ਹੈ ਕਿ ਚਿਕਿਤਸਾ ਦਾ ਸਾਰਾ ਢੰਗ ਐਨਾ ਲੰਮਾ ਹੋ ਜਾਂਦਾ ਹੈ ਤੇ ਨਤੀਜੇ ਵੀ ਕੋਈ ਬਹੁਤ ਅੱਛੇ ਨਹੀਂ ਨਿਕਲਦੇ। ਜੇ ਮਰੀਜ਼ ਆਪਣੀ ਮਰਜ਼ੀ ਨਾਲ ਇਲਾਜ ਕਰਾਉਣ ਆਵੇ ਫੇਰ ਤਾਂ ਬਹੁਤ ਛੇਤੀ ਹੀ ਨਤੀਜੇ ਦਿਸ ਪੈਂਦੇ ਹਨ ਤੇ ਕਾਇਆ ਕਲਪ ਹੋ ਜਾਂਦਾ ਹੈ ਪਰ ਇਹ ਬਹੁਤ ਘੱਟ ਹੀ ਹੁੰਦਾ ਹੈ, ਇਸ ਮਾਨਸਿਕ ਚਿਕਤਿਸਾ ਵਿਚ ਉਦੋਂ ਤਕ ਹੀ ਫਰਕ ਪਵੇਗਾ, ਮਰੀਜ਼ ਠੀਕ ਹੋਵੇਗਾ ਜਦੋਂ ਤਕ ਉਹ ਚਿਕਤਿਸਕ ਦਾ ਸਾਥ ਦੇਵੇਗਾ ਉਸ ਦੀ ਗੱਲ ਮੰਨੇਗਾ, ਸੁਰੱਖਿਆਵਾਦੀ ਹੋ ਕੇ ਗੱਲ ਨਹੀਂ ਬਣਦੀ ਜਦੋਂ ਤਕ ਮਰੀਜ਼ ਨਮਰ ਨਾ ਹੋਵੇ, ਸਿੱਧੀ ਸਿੱਧੀ ਗਲ ਨਾ ਕਰੇ, ਚਿਕਿਤਸਕ ਦੀ ਗੱਲ ਨਾ ਸੁਣੇ ਤਦ ਤਕ ਇਲਾਜ ਹੋ ਨਹੀਂ ਸਕਦਾ, ਪਰ ਇਸ ਤਰ੍ਹਾਂ ਘਟ ਹੀ ਹੁੰਦਾ ਹੈ। ਅਜ ਦੇ ਮਨੋਚਿਕਿਤਸਾ ਵਿਚ ਇਹ ਘੱਟ ਹੀ ਹੁੰਦਾ ਹੈ, ਬਹੁਤ ਸਾਰਾ ਇਲਾਜ ਇਸ ਲਈ ਹੀ ਕੀਤਾ ਜਾਂਦਾ ਹੈ ਕਿ ਮਰੀਜ਼ ਇਹ ਰੁਚੀਆਂ ਆਪਣੇ ਅੰਦਰ ਪੈਦਾ ਕਰੇ।

ਗੱਲ ਨਾ ਸੁਣਨ ਦੀ ਜ਼ਿੰਮੇਵਾਰੀ ਇਕੱਲੀ ਮਰੀਜ਼ ਤੇ ਨਹੀਂ ਪਾਈ ਜਾ ਸਕਦੀ। ਇਹੋ ਜਿਹੇ ਕਿੰਨੇ ਚਿਕਿਤਸਕ ਹਨ ਜਿਹੜੇ ਨਿਸੁਆਰਥੀ ਹਨ, ਆਪਾ ਦਿੰਦੇ ਹਨ ਤੇ ਗਿਆਨ ਵਾਲੇ ਹਨ? ਸੁਆਰਥੀ ਤੇ ਹੰਕਾਰੀ ਵਾਤਾਵਰਨ ਕਿੰਨਾ ਕੁ ਨਿਰਸੰਕੋਚ ਵਾਰਤਾਲਾਪ ਹੋ ਸਕਦਾ ਹੈ? ਇਹ ਗੱਲ ਮੰਨੀ ਜਾ ਸਕਦੀ ਹੈ ਕਿ ਅੱਜ ਦੇ ਚਿਕਿਤਸਕ ਉਸ ਤਰ੍ਹਾਂ ਨਿਰ-ਸੁਆਰਥੀ ਨਹੀਂ ਹੋ ਸਕਦੇ ਜਿਸ ਤਰ੍ਹਾਂ ਕ੍ਰਿਸ਼ਨ ਜੀ ਸਨ। ਇਹ ਤਾਂ ਅਜੇ ਪਨਪ ਰਹੇ ਹਨ, ਕ੍ਰਿਸ਼ਨ ਜੀ ਤਾਂ ਪੂਰਨ ਬ੍ਰਹਮਗਿਆਨੀ ਸਨ ਪਰ ਅਸੀਂ ਉਨ੍ਹਾਂ ਤੋਂ ਇਹ ਆਸ ਰਖਦੇ ਹਾਂ ਕਿ ਉਹ ਆਪਣਾ ਕਾਇਆ ਕਲਪ ਕਰਨ ਤੇ ਇਕ ਮਿਸਾਲ ਬਣ ਕੇ ਦਿਖਾਉਣ, ਜੋ ਵੀ ਉਹ ਸਿਖਿਆ ਦਿੰਦੇ ਹਨ।

ਅੱਜ ਦੇ ਮਨੁੱਖ ਦੀ ਪਰਸਥਿਤੀ ਕੋਈ ਵਖਰੀ ਨਹੀਂ। ਅਸੀਂ ਦੇਖਦੇ ਹਾਂ ਗੀਤਾ ਵਿਚ ਉਹ ਸਾਰੇ ਮਸਲੇ ਜਾਂ ਮਿਲਦੇ ਜੁਲਦੇ ਮਸਲਿਆਂ ਦੇ ਬਾਰੇ ਦਸਿਆ ਗਿਆ ਹੈ ਜਿਹੜੇ ਅੱਜ ਦੇ ਸਮੇਂ ਅਸੀਂ ਦੇਖ ਰਹੇ ਹਾਂ। ਅਜ ਦੇ ਮਨੋਵਿਗਿਆਨੀ ਦੇ ਸਾਰੇ ਮੁਦੇ ਪ੍ਰੇਰਨਾ ਗ੍ਰਹਿਣ ਸ਼ਕਤੀ, ਆਦਤਾਂ, ਦੰਡ ਤੇ ਫਲ, ਅਚੇਤ ਮਨ ਇਨ੍ਹਾਂ ਸਾਰਿਆਂ ਦੀ ਵਿਆਖਿਆ ਤੁਹਾਨੂੰ ਗੀਤਾ ਵਿਚ ਮਿਲਦੀ ਹੈ, ਮਨੁੱਖੀ ਵਿਹਾਰ ਦੇ ਇਸ ਪੱਖ ਦੇ ਸਿਧਾਂਤ ਗੀਤਾ ਵਿਚ ਅੰਕਿਤ ਕੀਤੇ ਗਏ ਹਨ, ਅੱਜ ਦੇ ਮਨੋਵਿਗਿਆਨਾਂ ਨਾਲੋਂ ਵੀ ਵਧੇਰੇ ਸਪਸ਼ਟ ਕਰਕੇ ਦਿਤੇ ਗਏ ਹਨ, ਇਸ ਤੋਂ ਵਧੇਰੇ ਹੋਰ ਉਨ੍ਹਾਂ ਪੱਖਾਂ ਨੂੰ ਦਸਿਆ ਗਿਆ ਹੈ ਜਿਹੜੇ ਮਨੋਵਿਗਿਆਨੀਆਂ ਨੇ ਦਿਤੇ ਹੀ ਨਹੀਂ, ਮਨੋਵਿਗਿਆਨੀਆਂ ਨੇ ਸੂਖਸ਼ਮ ਤੱਤਾਂ ਨੂੰ ਤਾਂ ਗਿਣਿਆ ਹੀ ਨਹੀਂ, ਗੀਤਾ ਨੇ ਉਨ੍ਹਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ, ਗੀਤਾ ਦਾ ਸਥਾਈ ਮਨੋਵਿਗਿਆਨ ਅੱਜ ਦੇ ਮਨੋਵਿਗਿਆਨ ਨੂੰ ਸਮਝਣ ਲਈ ਉਸ ਦੀ ਡੂੰਘਾਈ ਵਿਚ ਜਾਣ ਲਈ ਬਹੁਤ ਸਹਾਈ ਹੋ ਸਕਦਾ ਹੈ।

35. ਅਤੇ ਜਿਸ ਨੂੰ ਜਾਣ ਕੇ ਤੂੰ ਫਿਰ ਇਸ ਪ੍ਰਕਾਰ ਮੋਹ ਨੂੰ ਪ੍ਰਾਪਤ ਨਹੀਂ ਹੋਵੇਂਗਾ ਅਤੇ ਹੇ ਅਰਜਨ! ਜਿਸ ਗਿਆਨ ਦੁਆਰਾ ਸਰਬ ਵਿਆਪੀ ਚੇਤਨ ਰੂਪ ਹੋਇਆ ਆਪਣੇ ਅੰਤਰਗਤਿ ਸਮਸ਼ਟ ਬੁੱਧੀ ਦੇ ਅਧਾਰ ਸੰਪੂਰਨ ਭੂਤਾਂ ਨੂੰ ਦੇਖੇਂਗਾ ਅਤੇ ਉਸ ਦੇ ਉਪਰੰਤ ਮੇਰੇ ਵਿਚ ਅਰਥਾਤ ਸਚਿਦਾਨੰਦ ਸਵਰੂਪ ਵਿਚ ਅਭੇਦ ਹੋਇਆ ਸਚਿਦਾਨੰਦ ਹੀ ਦੇਖੇਂਗਾ।

36. ਅਤੇ ਜੇ ਤੂੰ ਸਭ ਪਾਪੀਆਂ ਤੋਂ ਭੀ ਅਧਿਕ ਪਾਪ ਕਰਨ ਵਾਲਾ ਹੈਂ ਤਾਂ ਭੀ ਗਿਆਨ ਰੂਪ ਕਿਸ਼ਤੀ ਦੁਆਰਾ ਨਿਰਸੰਦੇਹ ਸੰਪੂਰਨ ਪਾਪਾਂ ਨੂੰ ਅੱਛੀ ਪ੍ਰਕਾਰ ਤਰ ਜਾਵੇਂਗਾ।

37. ਕਿਉਂਕਿ ਹੇ ਅਰਜਨ ਜਿਵੇਂ ਪ੍ਰਜੁਲਤ ਅਗਨੀ ਈਂਧਨ ਨੂੰ ਭਰਮ ਕਰ ਦਿੰਦੀ ਹੈ ਵੈਸੇ ਹੀ ਗਿਆਨ ਰੂਪ ਅਗਨੀ ਸੰਪੂਰਨ ਕਰਮਾਂ ਨੂੰ ਭਸਮ ਕਰ ਦਿੰਦੀ ਹੈ।

ਇਕ ਵਾਰੀ ਜਦੋਂ ਸਾਧਕ ਉਚ ਸ਼ੁਧ ਗਿਆਨ ਪ੍ਰਾਪਤ ਕਰ ਲੈਂਦਾ ਹੈ ਫੇਰ ਉਹ ਡੋਲ ਨਹੀਂ ਸਕਦਾ, ਮੁੜ ਆਪਣੀਆਂ ਪੁਰਾਣੀਆਂ ਆਦਤਾਂ ਵਿਚ ਨਹੀਂ ਜਾ ਸਕਦਾ। ਇਹੋ ਜਿਹਾ ਗਿਆਨ ਉਸ ਨੂੰ ਸੁਤੰਤਰ ਕਰ ਦਿੰਦਾ ਹੈ ਹਰ ਕਿਸਮ ਦੀਆਂ ਕਮਜ਼ੋਰੀਆਂ ਤੋਂ ਸੁਤੰਤਰ ਕਰ ਦਿੰਦਾ ਹੈ, ਤੇ ਸੰਤਾਪ ਤੋਂ ਮੁਕਤ ਕਰ ਦਿੰਦਾ ਹੈ ਜਿਵੇਂ ਅਗਨੀ ਹਰ ਇਕ ਚੀਜ਼ ਨੂੰ ਭਸਮ ਕਰ ਦਿੰਦੀ ਹੈ ਇਸੇ ਤਰ੍ਹਾਂ ਗਿਆਨ ਵੀ ਸਾਰੇ ਔਗੁਣ ਭਸਮ ਕਰ ਦਿੰਦਾ ਹੈ, ਸਾਰੇ ਔਗੁਣ ਗਿਆਨ ਨਾਲ ਦੂਰ ਹੋ ਜਾਂਦੇ ਹਨ। ਸਭ ਤੋਂ ਪਹਿਲਾਂ ਸਾਧਕ ਨੂੰ ਆਪਣੇ ਆਪ ਤੇ ਅਨੁਸ਼ਾਸ਼ਨ ਰਖਣਾ ਚਾਹੀਦਾ ਹੈ, ਸੰਜਮ ਵਿਚ ਆਉਣਾ ਚਾਹੀਦਾ ਹੈ, ਸਾਧਨਾ ਕਰਨੀ ਚਾਹੀਦੀ ਹੈ। ਫੇਰ ਉਸ ਨੂੰ ਆਪਣੀ ਚੇਤਨਤਾ ਨੂੰ ਬ੍ਰਹਿਮੰਡਕ ਚੇਤਨਤਾ ਤਕ ਵਿਸਥਾਰ ਕਰਨਾ ਚਾਹੀਦਾ ਹੈ, ਸਾਧਨਾ ਸਵੈ ਤੋਂ ਸ਼ੁਰੂ ਹੁੰਦੀ ਹੈ ਤੇ ਚੇਤਨਤਾ ਦੇ ਬਿੰਦੂ ਤੋਂ ਸ਼ੁਰੂ ਹੁੰਦੀ ਹੈ, ਫੇਰ ਬ੍ਰਹਿਮੰਡ ਤਕ ਪਹੁੰਚ ਜਾਂਦੀ ਹੈ। ਇਹ ਸਾਰਾ ਕੰਮ ਹੌਲੀ-ਹੌਲੀ ਹੁੰਦਾ ਹੈ, ਪਹਿਲਾਂ-ਪਹਿਲਾਂ ਤੁਸੀਂ ਚੌਕਸ ਹੋ ਕੇ ਇੰਦ੍ਰੀਆਂ ਕਾਬੂ ਕਰਦੇ ਹੋ, ਫੇਰ ਮਨ ਨੂੰ ਗਿਆਨ ਇੰਦ੍ਰੀਆਂ ਦੇ ਅਨੁਭਵ ਤੋਂ ਸੁਤੰਤਰ ਕੀਤਾ ਜਾਂਦਾ ਹੈ ਫੇਰ ਅਚੇਤ ਮਨ ਵਿਚ ਸੋਚ ਨਾਲ ਵਾਹ ਪੈਂਦਾ ਹੈ ਫੇਰ ਸਾਧਕ ਹਜ਼ਾਰਾਂ ਹੀ ਵਿਚਾਰ ਜਿਹੜੇ ਉਹਦੇ ਮਨ ਵਿਚ ਆਉਂਦੇ ਹਨ


Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਦੇਖਦਾ ਹੈ, ਵਿਚਾਰਦਾ ਹੈ, ਵਿਸ਼ਲੇਸ਼ਨ ਕਰਦਾ ਹੈ, ਫੇਰ ਉਨ੍ਹਾਂ ਨੂੰ ਜਾਂ ਤਾਂ ਸਵੀਕਾਰਦਾ ਹੈ ਜਾਂ ਇਨਕਾਰਦਾ ਹੈ। ਇਹੋ ਜਿਹਾ ਚਿੰਤਨ ਮਨ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ ਕਿਉਂਕਿ ਮਨ ਸਿੱਖ ਜਾਂਦਾ ਹੈ ਕਿ ਕਿਹੜੇ ਵਿਚਾਰ ਲਾਭਦਾਇਕ ਹਨ। ਕਿਹੜੇ ਲਾਭਦਾਇਕ ਨਹੀਂ। ਫੇਰ ਤੁਸੀਂ ਵਿਵੇਕ ਰਾਹੀਂ ਗਿਆਨ ਨੂੰ ਪੱਕਾ ਕਰਦੇ ਹੋ ਤੇ ਇਕ ਨਿਆਏਕਾਰਕ ਦੀ ਤਰ੍ਹਾਂ ਬੈਠ ਕੇ ਦੇਖਦੇ ਹੋ। ਇਸ ਪੱਧਰ ਤੇ ਤੁਸੀਂ ਸੰਸਾਰ ਦੀ ਕਿਸੇ ਚੀਜ਼ ਨਾਲ ਵੀ ਆਪਣੇ ਆਪ ਨੂੰ ਸਮਰੂਪ ਨਹੀਂ ਕਰਦੇ, ਕੋਈ ਵੀ ਚਿੰਨ ਜਿਹੜੇ ਤੁਹਾਡੇ ਅਚੇਤ ਵਿਚ ਹਨ। ਹੁਣ ਸਾਧਕ ਚੌਕਸ ਰਹਿੰਦਾ ਹੈ, ਉਹ ਮਨ ਦੇ ਅਚੇਤ ਹਿੱਸੇ ਤੋਂ ਪ੍ਰਭਾਵਿਤ ਨਹੀਂ ਹੁੰਦਾ, ਮਨ ਸਤ੍ਰਕ ਹੋ ਕੇ ਦੇਖਦਾ ਆਪ ਉਸ ਦਾ ਹਿੱਸਾ ਨਹੀਂ ਬਣਦਾ। ਇਹ ਪੱਧਰ ਦੇਖਣ ਲਈ ਹੈ, ਤਾਂ ਹੀ ਇਥੇ ਸਾਧਕ ਲਈ ਸ਼ਬਦ ਸਿੱਧ ਪੁਰਖ ਵਰਤਿਆ ਗਿਆ ਹੈ, ਕਿਉਂਕਿ ਸਾਧਕ ਨੇ ਸਮਰੂਪਤਾ ਦੀ ਆਦਤ ਖਤਮ ਕਰ ਦਿਤੀ। ਜਦੋਂ ਤੁਸੀਂ ਸੰਸਾਰਕ ਪਦਾਰਥਾਂ ਨਾਲ ਮੋਹ ਨਹੀਂ ਰਖਦੇ ਤੁਸੀਂ ਆਪਣੇ ਅਤੀਤ ਵਿਚ ਆ ਜਾਂਦੇ ਹੋ, ਆਪਣੇ ਅਤੀਤ ਨੂੰ ਜਾਣ ਕੇ ਤੁਸੀਂ ਸਭ ਕੁਝ ਉਸ ਵਿਚ ਦੇਖਦੇ ਹੋ, ਤੇ ਉਸ ਨੂੰ ਸਭ ਵਿਚ ਦੇਖਦੇ ਹੋ ਇਹ ਹੀ ਆਤਮ ਸਾਧਨਾ ਹੈ, ਇਹ ਅਵਸਥਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਅਸੀਂ ਦਸ ਚੁੱਕੇ ਹਾਂ ਜਾਂ ਫੇਰ ਧਿਆਨ ਲਗਾਉਣ ਨਾਲ ਹੋ ਸਕਦੀ ਹੈ। ਇਹ ਸਾਰਾ ਤਰੀਕਾ ਅੰਦਰ ਦੇ ਸਫਰ ਦਾ ਤਰੀਕਾ ਹੈ ਇਸ ਨੂੰ ਅੰਤਰ ਯੋਗ ਕਹਿੰਦੇ ਹਨ, ਅੰਤਰ ਮੁਖੀ ਹੋ ਕੇ ਗਿਆਨ ਦੀ ਜੋਤੀ ਜਲਾਉਣਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਗਿਆਨ ਦੀ ਜੋਤੀ ਜਗਾਉਣ ਲਈ ਕਹਿ ਰਹੇ ਹਨ, ਗਿਆਨ ਹੀ ਕੇਵਲ ਮੋਹ ਨੂੰ ਫੂਕ ਕੇ ਸੁਆਹ ਕਰ ਸਕਦਾ ਹੈ। ਗਿਆਨ ਦੀ ਸਹਾਇਤਾ ਨਾਲ ਵੱਡੇ ਤੋਂ ਵੱਡਾ ਪਾਪੀ ਵੀ ਮਾਇਆ ਦੀ ਮਿਰਗ ਤ੍ਰਿਸ਼ਨਾ ਨੂੰ ਪਾਰ ਕਰ ਸਕਦਾ ਹੈ ਜਿਵੇਂ ਕਿਸ਼ਤੀ ਵਿਚ ਬੈਠ ਕੇ ਤੁਸੀਂ ਦੂਸਰੇ ਕੰਢੇ ਤੇ ਪਹੁੰਚ ਜਾਂਦੇ ਹੋ, ਗਿਆਨ ਦੀ ਜੋਤੀ ਨਾਲ ਸਾਰੇ ਔਗੁਣ ਸੁਆਹ ਬਣ ਜਾਂਦੇ ਹਨ, ਭੈੜੇ ਵਿਚਾਰ ਵੀ ਸੜ ਕੇ ਸੁਆਹ ਹੋ ਜਾਂਦੇ ਹਨ, ਮਨ ਦੇ ਸਾਰੇ ਸੰਸੇ ਖਤਮ ਹੋ ਜਾਂਦੇ ਹਨ। ਗਿਆਨ ਅਤੇ ਸਹੀ ਮਾਰਗ ਦਰਸ਼ਨ ਨਾਲ ਇਕ ਪਾਪੀ ਵੀ ਜੀਵਨ ਮਨਰੋਥ ਪ੍ਰਾਪਤ ਕਰ ਲੈਂਦਾ ਹੈ, ਇਤਿਹਾਸ ਵਿਚੋਂ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਗ੍ਰੰਥਾਂ ਵਿਚੋਂ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਬਾਲਮੀਕ ਭਾਰਤੀ ਪਰੰਪਰਾ ਅਨੁਸਾਰ ਇਕ ਮਿਸਾਲ ਹੈ ਸੋਲ (Saul) ਇਸਾਈ ਮਤ ਦੀ ਮਿਸਾਲ ਹੈ ਮਿਲਾਰੇਪਾ (Milarepa) ਤਿੱਬਤੀ ਪਰੰਪਰਾ ਵਿਚ ਹੈ, ਅੱਜ ਦੇ ਵਿਦਿਆਰਥੀ ਇਹ ਗੱਲ ਸਮਝ ਲੈਣ ਕਿ ਆਪਣੇ ਆਪ ਨੂੰ ਨਿਖੇਧਣ ਦਾ ਕੋਈ ਫਾਇਦਾ ਨਹੀਂ, ਹਰ ਇਕ ਦੇ ਅੰਦਰ ਉਹ ਸਮਰੱਥਾ ਉਹ ਸਮਝ ਹੈ ਜਿਸ ਨਾਲ ਉਹ ਆਪਣੇ ਅੰਤਰ ਗਿਆਨ ਦੀ ਜੋਤ ਜਗਾ ਕੇ ਆਪਣੀ ਕਾਇਆ ਕਲਪ ਕਰ ਸਕਦਾ ਹੈ। ਸਵੈ-ਸੁਧਾਰ ਦੀ ਅੰਤ ਵਿਚ ਆਤਮ ਸਾਧਨਾ ਦਾ ਰੂਪ ਲੈ ਲੈਂਦਾ ਹੈ ਤੇ ਇਸ ਹਾਲਤ ਵਿਚ ਤੁਸੀਂ ਉਸ ਵਾਹਿਗੁਰੂ ਨੂੰ ਹੀ ਸਭ ਵਿਚ ਦੇਖਦੇ ਹੋ ਤੇ ਸਭ ਨੂੰ ਉਸ ਵਿਚ ਦੇਖਦੇ ਹੋ।

38. ਇਸ ਲਈ ਇਸ ਸੰਸਾਰ ਵਿਚ ਗਿਆਨ ਵਰਗਾ ਪਵਿਤ੍ਰ ਕਰਨ ਵਾਲਾ ਨਿਰਸੰਦੇਹ ਕੁਝ ਭੀ ਨਹੀਂ ਹੈ। ਉਸ ਗਿਆਨ ਨੂੰ ਕਿਤਨੇ ਕੁ ਸਮੇਂ ਤੋਂ ਆਪਣੇ ਆਪ ਸਮ ਬੁਧਿ ਦੁਆਰਾ ਯੋਗ ਰਾਹੀਂ ਅੱਛੀ ਪ੍ਰਕਾਰ ਸ਼ੁਧ ਅੰਤਸ਼ਕਰਣ ਹੋਇਆ ਪੁਰਸ਼ ਆਤਮਾ ਵਿਚ ਅਨੁਭਵ ਕਰਦਾ ਹੈ।

39. ਅਤੇ ਹੇ ਅਰਜਨ! ਜਿਤਿੰਦਰੇ ਤਤਪਰ ਹੋਇਆ ਸ਼ਰਧਾਵਾਨ ਪੁਰਸ਼ ਗਿਆਨ ਨੂੰ ਪ੍ਰਾਪਤ ਹੁੰਦਾ ਹੈ। ਗਿਆਨ ਪ੍ਰਾਪਤ ਹੋ ਕੇ ਤੱਤ ਛਿਨ ਭਗਵਤ ਪ੍ਰਾਪਤ ਰੂਪ ਪਰਮ ਸ਼ਾਂਤ ਨੂੰ ਪ੍ਰਾਪਤ ਹੋ ਜਾਂਦਾ ਹੈ।

40. ਅਤੇ ਹੇ ਅਰਜਨ! ਭਗਵਤ ਵਿਸ਼ੇ ਨੂੰ ਨਾ ਜਾਨਣਵਾਲਾ ਤਥਾ ਸ਼ਰਧਾ ਹੀਣਾ ਅਤੇ ਸੰਸਿਆਂ ਯੁਕਤ ਪੁਰਸ਼ ਪ੍ਰਮਾਰਥ ਤੋਂ ਭ੍ਰਸ਼ਟ ਹੋ ਜਾਂਦਾ ਹੈ ਉਨ੍ਹਾਂ ਵਿਚੋਂ ਭੀ ਸ਼ੰਕਾਵਾਨ ਪੁਰਸ਼ ਵਾਸਤੇ ਨਾ ਸੁਖ ਹੈ ਅਤੇ ਨਾ ਇਹ ਲੋਕ ਹੈ ਨਾ ਪਰਲੋਕ ਹੈ, ਅਰਥਾਤ ਇਹ ਲੋਕ ਅਤੇ ਪਰਲੋਕ ਦੋਨੋਂ ਹੀ ਉਸ ਵਾਸਤੇ ਭ੍ਰਸ਼ਟ ਹੋ ਜਾਂਦੇ ਹਨ।

ਗਿਆਨ ਦੀਆਂ ਸਾਰੀਆਂ ਪ੍ਰਣਾਲੀਆਂ ਵਿਚੋਂ ਅਧਿਆਤਮਕ ਗਿਆਨ ਸਭ ਤੋਂ ਉਚਾ ਹੈ, ਇਹ ਗਿਆਨ ਅੰਤਰਮੁਖੀ ਹੋ ਕੇ ਪ੍ਰਾਪਤ ਹੁੰਦਾ ਹੈ, ਸਭ ਤੋਂ ਪਵਿੱਤਰ ਗਿਆਨ ਆਤਮਾ ਦਾ ਗਿਆਨ ਹੈ, ਚੇਤਨਤਾ ਦਾ ਬਿੰਦੂ ਹੈ ਜਿਹੜਾ ਤੁਹਾਡੀ ਸਤਿ ਨੂੰ ਜਾਨਣ ਦੀ ਪਿਆਸ ਤ੍ਰਿਪਤ ਕਰ ਦਿੰਦਾ ਹੈ, ਜਦੋਂ ਸਾਧਕ ਨੂੰ ਆਪਣੇ ਅੰਦਰ ਵਸਦੇ ਤੇ ਪੂਰਨ ਭਰੋਸਾ ਹੋ ਜਾਂਦਾ ਹੈ, ਆਤਮਾ ਤੇ ਭਰੋਸਾ ਹੋ ਜਾਂਦਾ ਹੈ, ਗੁਰੂ ਤੇ ਭਰੋਸਾ ਹੋ ਜਾਂਦਾ ਹੈ, ਉਹ ਗ੍ਰੰਥਾਂ ਨੂੰ ਸਮਝਣ ਲਗ ਪੈਂਦਾ ਹੈ। ਗੁਰੂਆਂ ਦੀ ਸਿਖਿਆ ਸਮਝਣ ਲਗ ਪੈਂਦਾ ਹੈ ਫੇਰ ਉਹ ਆਪਣੀ ਡਿਊਟੀ ਬਿਨਾਂ ਕਿਸੇ ਗਲਤੀ ਕਰਕੇ ਕਰਨ ਦੇ ਕਾਬਲ ਹੋ ਜਾਂਦਾ ਹੈ, ਉਹ ਆਪਣਾ ਸਮਾਂ ਅਜਾਈਂ ਨਹੀਂ ਗੁਆਉਂਦਾ, ਮਨ ਨੂੰ ਦੌੜਨ ਤੋਂ ਰੋਕਦਾ ਹੈ ਤੇ ਮਨ ਦੀਆਂ ਸ਼ਕਤੀਆਂ ਨੂੰ ਬੇਅਰਥ ਨਹੀਂ ਜਾਣ ਦਿੰਦਾ, ਇਹੋ ਜਿਹਾ ਗਿਆਨ ਚੇਤਨਤਾ ਦੇ ਬਿੰਦੂ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਦ੍ਰਿੜ੍ਹ ਵਿਸ਼ਵਾਸ਼, ਸ਼ਰਧਾ, ਇਕਾਗਰ ਮਨ, ਇੰਦ੍ਰੀਆਂ ਤੇ ਪੂਰਾ ਸੰਜਮ, ਨਿਰਲੇਪ ਅਤੇ ਨਿਰੰਤਰ ਸਾਧਨਾ ਦੁਆਰਾ ਸਭ ਵਿਚ ਬ੍ਰਹਮ ਦੇਖਣਾ, ਬ੍ਰਹਮ ਵਿਚ ਸਭ ਨੂੰ ਦੇਖਣਾ। ਆਤਮ ਗਿਆਨ ਤੋਂ ਉਤਮ ਕੋਈ ਗਿਆਨ ਨਹੀਂ ਹੈ ਆਤਮ ਗਿਆਨ ਨਾਲ ਪੂਰੀ ਸ਼ਾਂਤੀ ਮਿਲਦੀ ਹੈ ਤੇ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ।

ਉਨਤਾਲੀਵਾਂ ਸ਼ਲੋਕ ਸਾਰੇ ਸਾਧਕਾਂ ਲਈ ਅਤੀ ਆਵਸ਼ਕ ਹੈ। ਇਸ ਵਿਚ ਕ੍ਰਿਸ਼ਨ ਜੀ ਦਸਦੇ ਹਨ ਕਿ ਸ਼ਰਧਾ, ਮਨ ਦੀ ਇਕਾਗਰਤਾ ਤੇ ਜਿਸ ਮਾਰਗ ਤੇ ਤੁਸੀਂ ਚਲ ਰਹੇ ਹੋ ਉਸ ਲਈ ਤੁਹਾਡੇ ਮਨ ਵਿਚ ਸਤਿਕਾਰ ਹੋਣਾ ਜ਼ਰੂਰੀ ਹੈ। ਇੰਦ੍ਰੀਆਂ ਤੇ ਸੰਜਮ ਹੋਣਾ ਆਵਸ਼ਕ ਹੈ, ਇੰਦ੍ਰੀਆਂ ਮਨ ਦੇ ਕਾਬੂ ਵਿਚ ਹੁੰਦੀਆਂ ਹਨ, ਇੰਦ੍ਰੀਆਂ ਦੇ ਕਾਰਨ ਬਹੁਤ ਵਾਰੀ ਮਨ ਖਿਲਰਿਆ ਰਹਿੰਦਾ ਹੈ ਤੇ ਭੈੜੀਆਂ ਆਦਤਾਂ ਵਿਚ ਪੈ ਜਾਂਦਾ ਹੈ, ਇਸ ਲਈ ਇੰਦ੍ਰੀਆਂ ਤੇ ਕਾਬੂ ਪਾਉਣਾ ਬਹੁਤ ਆਵਸ਼ਕ ਹੈ, ਮਨ ਦੀ ਇਕਾਗਰਤਾ ਨਾਲ, ਸ਼ਰਧਾ ਨਾਲ ਤੇ ਸੰਜਮ ਨਾਲ ਮਨ ਦੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਪਰ ਜਿਸ ਵਿਚ ਨਾ ਪਿਆਰ ਹੈ, ਨਾ ਸ਼ਰਧਾ ਹੈ, ਨਾ ਅੰਦਰ ਦੀ ਆਤਮਾ ਲਈ ਕੋਈ ਸਤਿਕਾਰ ਹੈ, ਨਾ ਅੰਦਰ ਦੇ ਮਾਲਕ ਲਈ ਕੋਈ ਸਤਿਕਾਰ ਹੈ, ਨਾ ਅੰਦਰ ਦੇ ਚਾਨਣ ਲਈ



Sri Satguru Jagjit Singh Ji eLibrary NamdhariElibrary@gmail.com

ਕੋਈ ਸਤਿਕਾਰ ਹੈ, ਜਿਹੜਾ ਹੋਂਦ ਨੂੰ ਹੀ ਸ਼ੰਕੇ ਨਾਲ ਦੇਖਦਾ ਹੈ ਜਿਸ ਦਾ ਕੋਈ ਵਿਸ਼ਵਾਸ਼ ਨਹੀਂ ਉਹ ਆਪਣੇ ਆਪ ਨੂੰ ਖਤਮ ਕਰ ਲੈਂਦਾ ਹੈ। ਉਹ ਆਪਣੇ ਮਨ ਦੀ ਚੜ੍ਹਦੀ ਕਲਾ ਨੂੰ ਕਦੀ ਦੇਖ ਹੀ ਨਹੀਂ ਸਕਦਾ, ਨਿਖੇਧੀ ਭਰਿਆ ਮਨ ਨਾ ਤਾਂ ਬਾਹਰ ਸਫਲ ਹੋ ਸਕਦਾ ਹੈ, ਨਾ ਹੀ ਅੰਦਰ ਦੇ ਸਫਰ ਤੇ ਸਫਲ ਹੋ ਸਕਦਾ ਹੈ। ਯੋਗੀ ਜਦੋਂ ਸ਼ੰਕੇ ਭਰੇ ਮਨ ਦੀ ਗੱਲ ਕਰਦੇ ਹਨ ਉਨ੍ਹਾਂ ਦਾ ਭਾਵ ਉਸ ਮਨ ਤੋਂ ਹੁੰਦਾ ਹੈ ਜਿਸ ਦਾ ਮਾਰਗ ਦਰਸ਼ਨ ਬੁੱਧੀ ਨਹੀਂ ਕਰਦੀ, ਜਿਹੜਾ ਮਨ ਬੁੱਧੀ ਤੋਂ ਆਪਣੀ ਦਿਸ਼ਾ ਨਹੀਂ ਲੈਂਦਾ ਉਹ ਸਦਾ ਹੀ ਸ਼ੰਕੇ ਵਿਚ ਰਹਿੰਦਾ ਹੈ ਤੇ ਨਿਰਨਾ ਵੀ ਨਹੀਂ ਕਰ ਸਕਦਾ। ਇਹੋ ਜਿਹਾ ਮਨ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਜਿਸ ਦਾ ਮਨ ਅਸ਼ਾਂਤ ਹੋਵੇ, ਵਿਘਨਾਂ ਦਾ ਭਰਿਆ ਹੋਵੇ, ਜਿਸ ਵਿਚ ਕੋਈ ਸ਼ਰਧਾ ਨਾ ਹੋਵੇ, ਆਪਣੀ ਸਾਧਨਾ ਤੇ ਵਿਸ਼ਵਾਸ਼ ਨਾ ਹੋਵੇ, ਉਸ ਵਿਚ ਆਤਮ ਵਿਸ਼ਵਾਸ਼ ਨਹੀਂ ਹੋਇਆ ਕਰਦਾ। ਉਸ ਵਿਚ ਇੱਛਾ ਸ਼ਕਤੀ ਅਤੇ ਦ੍ਰਿੜ੍ਹਤਾ ਵੀ ਨਹੀਂ ਹੁੰਦੀ ਉਸ ਦਾ ਜੀਵਨ ਦੁਖ ਭਰਿਆ ਹੁੰਦਾ ਹੈ, ਸੰਤਾਪਿਆ ਹੁੰਦਾ ਹੈ ਅਤੇ ਉਸ ਦੇ ਪ੍ਰਸੰਨ ਹੋਣ ਦੇ ਕੋਈ ਕਾਰਣ ਨਹੀਂ ਹੁੰਦਾ। ਉਨਤਾਲੀਵੇਂ ਸ਼ਲੋਕ ਵਿਚ ਦਸਿਆ ਗਿਆ ਹੈ ਕਿ ਬਿਨਾਂ ਪਿਆਰ ਤੋਂ, ਸ਼ਰਧਾ ਤੋਂ, ਸੰਜਮ ਤੋਂ ਗਿਆਨ ਨਹੀਂ ਪ੍ਰਾਪਤ ਕੀਤਾ ਜਾ ਸਕਦਾ। ਅਸੀਂ ਉਦਾਹਰਣਾਂ ਸਹਿਤ ਦਸਿਆ ਹੈ ਕਿਵੇਂ ਪਾਪੀ ਵੀ ਗਿਆਨ ਪ੍ਰਾਪਤ ਕਰਕੇ ਸ਼ਰਧਾ ਧਾਰਨ ਕਰਕੇ ਸ਼ਾਂਤੀ ਪ੍ਰਾਪਤ ਕਰਨ ਦੇ ਕਾਬਲ ਬਣ ਜਾਂਦੇ ਹਨ ਤੇ ਆਤਮ ਮਾਰਗ ਤੇ ਚਲਣ ਲਗ ਪੈਂਦੇ ਹਨ ਪਰ ਜਿਨ੍ਹਾਂ ਦੇ ਮਨ ਖਿਲਰੇ ਪਏ ਹਨ, ਜਿਹੜੇ ਇੰਦ੍ਰੀਆਂ ਨੂੰ ਕਾਬੂ ਕਰਨ ਦਾ ਕੋਈ ਯਤਨ ਨਹੀਂ ਕਰਦੇ ਜਿਨ੍ਹਾਂ ਨੂੰ ਸਵੈ ਤੇ ਭਰੋਸਾ ਨਹੀਂ, ਹੋਂਦ ਦੀ ਸੂਝ ਨਹੀਂ, ਵਾਹਿਗੁਰੂ ਤੇ ਭਰੋਸਾ ਨਹੀਂ ਉਹ ਸਦਾ ਹੀ ਦੁਖੀ ਰਹਿੰਦੇ ਹਨ।

ਇਕਾਗਰਤਾ ਦਾ ਵਿਸਥਾਰ ਕਰਕੇ ਇੰਦ੍ਰੀਆਂ ਤੇ ਸੰਜਮ ਦਾ ਅਭਿਆਸ ਕਰਨ ਨਾਲ ਮਨ ਦੀਆਂ ਸ਼ਕਤੀਆਂ ਬੇਅੰਤ ਹੋ ਜਾਂਦੀਆਂ ਹਾਂ। ਇੰਦ੍ਰੀਆਂ ਤੇ ਕਾਬੂ ਅਤੇ ਇਕਾਗਰਤਾ ਦੀ ਸ਼ਕਤੀ ਕੋਈ ਵੀ ਪ੍ਰਾਪਤ ਕਰ ਸਕਦਾ ਹੈ। ਜੇ ਇਕ ਚੋਰ ਤੇ ਸਾਧਕ ਦੋਨਾਂ ਨੂੰ ਇਕ ਕਮਰੇ ਵਿਚ ਬਿਠਾ ਦਿਤਾ ਜਾਵੇ ਤੇ ਕਮਰਾ ਹੀਰੇ ਜਵਾਹਰਾਤਾਂ ਨਾਲ ਭਰਿਆ ਪਿਆ ਹੋਵੇ, ਚੋਰ ਵਧੇਰੇ ਚੰਗੀ ਤਰ੍ਹਾਂ ਇਕਾਗਰ ਚਿਤ ਹੋ ਸਕੇਗਾ ਸਾਧਕ ਤੋਂ ਕਿਤੇ ਵਧੇਰੇ ਚੰਗੀ ਤਰ੍ਹਾਂ। ਸਾਧਕ ਨੂੰ ਚਾਹੀਦਾ ਹੈ ਉਹ ਆਪਣੀਆਂ ਸ਼ਕਤੀਆਂ ਸ਼ਾਂਤੀ ਦੀ ਪ੍ਰਾਪਤੀ ਲਈ ਇਕਾਗਰ ਕਰੇ ਉਸ ਤੋਂ ਬਾਅਦ ‘ਆਤਮ ਮਾਰਗ’ ਤੇ ਚਲੇ, ਪੂਰਾ ਉਹ ਹੈ ਜਿਸ ਦਾ ਮਨ ਇਕਾਗਰ ਹੈ। ਪਰ ਕੋਈ ਸ਼ਰਧਾ ਨਹੀਂ ਆਤਮਾ ਦੀ ਹੋਂਦ ਵਿਚ ਕੋਈ ਵਿਸ਼ਵਾਸ਼ ਨਹੀਂ, ਉਸ ਨੂੰ ਸਵੈ ਦੀ ਹੋਂਦ ਦੀ ਸਚਾਈ ਦਾ ਹੀ ਨਹੀਂ ਪਤਾ, ਉਹ ਤਾਂ ਕੇਵਲ ਉਨ੍ਹਾਂ ਵਿਸ਼ਿਆਂ ਨੂੰ ਹੀ ਜਾਣਦਾ ਹੈ ਜਿਹੜਾ ਉਹ ਭੋਗਦਾ ਹੈ, ਆਤਮ ਮਾਰਗ ਸਭ ਤੋਂ ਪਿਆਰਾ ਸਾਥੀ ਤੇ ਆਗੂ ਹੈ ਵਿਸ਼ਵਾਸ਼ ਅਤੇ ਸ਼ਰਧਾ ਤੋਂ ਬਿਨਾਂ ਇਕਾਗਰਤਾ ਦੀ ਸ਼ਕਤੀ ਅਤੇ ਸਾਧਨਾ ਕੁਰਾਹੇ ਪਾ ਸਕਦੀ ਹੈ, ਜੇ ਦੁਰਾਚਾਰੀ ਵੀ ਸ਼ਰਧਾ ਦਾ ਵਿਸਤਾਰ ਕਰ ਲਵੇ, ਕਾਇਆ ਕਲਪ ਕਰ ਲਵੇ ਤਾਂ ਉਹ ਆਤਮ ਸਾਧਨਾ ਤਕ ਪਹੁੰਚ ਜਾਂਦਾ ਹੈ।

41. ਅਤੇ ਹੇ ਧਨੰਜੇ ਸਮਤਬ ਬੁਧਿ ਰੂਪ ਯੋਗ ਦੁਆਰਾ ਜਿਸ ਨੇ ਸੰਪੂਰਨ ਕਰਮ ਭਗਵਾਨ ਅਰਪਨ ਕਰ ਦਿਤੇ ਹਨ ਅਤੇ ਗਿਆਨ ਦੁਆਰਾ ਜਿਸ ਦੇ ਸਾਰੇ ਸੰਸੇ ਨਸ਼ਟ ਹੋ ਗਏ ਹਨ, ਐਸੇ ਪ੍ਰਮਾਤਮ ਪਰਾਇਣ ਪੁਰਸ਼ ਦੇ ਕਰਮ ਬੰਨ੍ਹਿਆ ਨਹੀਂ ਕਰਦੇ।

42. ਇਸ ਤੋਂ ਹੀ ਭਰਤ ਵੰਸ਼ੀ ਅਰਜਨ ਤੂੰ ਸਮ ਬੁੱਧੀ ਰੂਪ ਯੋਗ ਵਿਚ ਸਥਿਤ ਹੋ ਅਤੇ ਗਿਆਨ ਸੇ ਉਤਪੰਨ ਹੋਏ ਹਿਰਦੇ ਵਿਚ ਸਥਿਤ ਇਸ ਆਪਣੇ ਸੰਸਿਆਂ ਨੂੰ ਗਿਆਨ ਰੂਪ ਖੜਗ ਦੁਆਰਾ ਛੇਦਨ ਕਰਕੇ ਯੁੱਧ ਲਈ ਸਾਵਧਾਨ ਹੋ ਜਾ।

ਇਨ੍ਹਾਂ ਸ਼ਲੋਕਾਂ ਵਿਚ ਯੋਗ ਸ਼ਬਦ ਦੀ ਵਰਤੋਂ ਉਨ੍ਹਾਂ ਕਰਮਾਂ ਲਈ, ਉਨ੍ਹਾਂ ਕੰਮਾਂ ਲਈ ਕੀਤੀ ਗਈ ਹੈ ਜਿਹੜੇ ਜੁਗਤ ਨਾਲ ਕੀਤੇ ਜਾਣ, ਉਹ ਕਰਮ ਜਿਹੜੇ ਲੋਕ ਭਲਾਈ ਦੇ ਹੋਣ ਇਹੋ ਜਿਹੇ ਕਰਮ ਯੋਗੀ ਲਈ ਬੰਧਨ ਨਹੀਂ ਬਣਦੇ, ਕਰਮ ਕਦੀ ਬੰਧਨ ਨਹੀਂ ਬਣਦੇ, ਬੰਧਨ ਬਣਦੇ ਹਨ - ਫਲ ਦੀ ਇੱਛਾ, ਇੱਛਾ ਹੀ ਬੰਧਨ ਬਣਦੀ ਹੈ ਪਰ ਜਿਨ੍ਹਾਂ ਨੇ ਆਤਮ ਗਿਆਨ ਪ੍ਰਾਪਤ ਕਰ ਲਿਆ ਹੈ ਉਨ੍ਹਾਂ ਲਈ ਇੱਛਾ ਦਾ ਕੋਈ ਮਹੱਤਵ ਨਹੀਂ, ਉਹ ਕਰਮਾਂ ਕਰਕੇ ਵੀ ਮੁਕਤ ਹਨ।

ਉਤਮ ਪਦਵੀ ਪ੍ਰਾਪਤ ਕਰਨ ਦੇ ਤਿੰਨ ਤਰੀਕੇ ਹਨ - ਪਹਿਲਾਂ ਜਦੋਂ ਮਨ ਦੇ ਸਾਰੇ ਗੁਣ ਇਕ ਸੁਰ ਹੋ ਕੇ ਕੰਮ ਕਰਨ ਲਗ ਪੈਣ, ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਇਕਾਗਰ ਇਕ ਸੁਰ ਤੇ ਇਕ ਸਾਰ ਮਨ ਨਾਲ ਕੀਤੀ ਡਿਊਟੀ ਨਿਸ਼ਕਾਮ ਹੋਇਆ ਕਰਦੀ ਹੈ, ਯੋਗ ਦੀ ਉਤਮ ਪਦਵੀ ਦੀ ਪ੍ਰਾਪਤੀ ਤੁਸੀਂ ਸ਼ੰਕੇ ਨਵਿਰਤ ਕਰਕੇ ਵੀ ਕਰ ਸਕਦੇ ਹੋ ਨਿਰਣੇ ਨਾਲ ਕਰ ਸਕਦੇ ਹੋ, ਨਿਸ਼ਚੇ ਨਾਲ ਕਰ ਸਕਦੇ ਹੋ, ਤੀਸਰਾ ਤਰੀਕਾ ਹੈ ਅੰਤਰ ਗਿਆਨ ਜੋ ਆਤਮ ਸਾਧਨਾ ਲਈ ਅਤੀ ਆਵਸ਼ਕ ਹੈ।

ਆਓ, ਅਸੀਂ ਬੁੱਧੀ ਅਤੇ ਅੰਤਰ ਗਿਆਨ ਵਿਚ ਭੇਦ ਜਾਣ ਲਈਏ ਅਤੇ ਇਨ੍ਹਾਂ ਦੋਹਾਂ ਦੀਆਂ ਸ਼ਕਤੀਆਂ ਵੀ ਜਾਣ ਲਈਏ ਜਿਸ ਸਾਧਕ ਦੀ ਤੀਖਣ ਬੁੱਧੀ ਵਿਵੇਕੀ ਹੈ ਉਹ ਆਪਣੇ ਕਾਰਜ ਸੋਝੀ ਨਾਲ ਕਰ ਸਕਦਾ ਹੈ ਤੇ ਫਲ ਅਰਪਣ ਕਰ ਸਕਦਾ ਹੈ, ਜਿਸ ਨੇ ਡੂੰਘਾ ਗਿਆਨ ਅੰਦਰੋਂ ਪ੍ਰਾਪਤ ਕੀਤਾ ਹੋਵੇ ਜਿਹੜਾ ਗਿਆਨ ਸਭ ਤੋਂ ਪਵਿੱਤਰ ਹੁੰਦਾ ਹੈ, ਉਸ ਨੂੰ ਆਤਮਾ ਵਿਚ ਪੂਰਾ ਵਿਸ਼ਵਾਸ਼ ਹੁੰਦਾ ਹੈ, ਆਤਮਾ ਦੀ ਹੋਂਦ ਵਿਚ ਪੂਰਾ ਵਿਸ਼ਵਾਸ਼ ਹੁੰਦਾ ਹੈ।

ਮਨ ਤਾਂ ਬਹੁਤ ਸਾਰਾ ਸਮਾਂ ਦ੍ਵੰਦ ਵਿਚ ਹੀ ਰਹਿੰਦਾ ਹੈ, ਦੌੜਿਆ ਰਹਿੰਦਾ ਹੈ, ਮੈਂ ਇਹ ਕਰਾਂ ਨਾ ਕਰਾਂ। ਇਹ ਚੰਗਾ ਹੈ ਇਹ ਮਾੜਾ ਹੈ। ਇਹ ਲਾਭਕਾਰੀ ਹੋਵੇਗਾ ਇਹ ਨਹੀਂ ਲਾਭਕਾਰੀ ਹੋਵੇਗਾ। ਇਸ ਮਨ ਦੀ ਇਹ ਸਮਰਥਾ ਨਹੀਂ ਕਿ ਇਹ ਵਿਵੇਕੀ ਹੋ ਸਕੇ, ਨਿਰਨਾ ਕਰ ਸਕੇ, ਫੈਸਲਾ ਲੈ ਸਕੇ। ਇਸੇ ਕਰਕੇ ਮਨ ਨੂੰ ਸੰਕਲਪ, ਵਿਕਲਪ ਆਤਮਕ ਕਿਹਾ ਗਿਆ (ਮੈਂ ਇਹ ਕਰਾਂ ਨਾ ਕਰਾਂ) ਪਰ ਜਦੋਂ ਇਸ ਮਨ ਨੂੰ ਉਚੇ ਚਿੰਤਕ ਦੀ ਸਲਾਹ ਮਿਲ ਜਾਂਦੀ ਹੈ ਫੇਰ ਇਹ ਨਿਰਣਾ ਕਰਦਾ ਹੈ।

ਉਚੀ ਬੁੱਧੀ ਮਨ ਨੂੰ ਵਿਵੇਕੀ ਹੋਣ ਵਿਚ ਸਹਾਇਕ ਸਿੱਧ ਹੁੰਦੀ ਹੈ, ਕੀ ਠੀਕ ਹੈ, ਕੀ ਗਲਤ ਹੈ ਉਹ ਫੈਸਲਾ ਲੈਣ ਵਿਚ ਸਹਾਇਕ ਹੁੰਦੀ ਹੈ ਪਰ ਆਤਮਾ ਦਾ ਗਿਆਨ ਬੁੱਧੀ ਤੋਂ ਪਰ੍ਹੇ ਹੈ, ਕੇਵਲ ਆਤਮ ਚਿੰਤਨ ਹੀ ਆਤਮ ਗਿਆਨ ਦੇ ਸਕਦਾ ਹੈ। ਪਵਿੱਤਰ ਬੁੱਧੀ ਡੂੰਘੀ ਉਤਰ ਜਾਂਦੀ ਹੈ, ਪਰ

***(ਬਾਕੀ ਪੰਨਾ 23 ਤੇ)***



Sri Satguru Jagjit Singh Ji eLibrary NamdhariElibrary@gmail.com

# ਪਵਿੱਤਰ ਪੈਂਡਾ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅੱਠਵਾਂ ਅਧਿਆਇ

### ਸ੍ਵਾਧੀਨਤਾ ਦਾ ਮਾਰਗ

ਪਿਛਲੇ ਅਧਿਆਇ ਵਿਚ ਅਸੀਂ ਪ੍ਰਾਰੰਭਿਕ ਗੱਲਾਂ ਦੱਸੀਆਂ ਹਨ ਜਿਹੜੀਆਂ ਸਦੀਵਤਾ ਦੇ ਪੈਂਡੇ ਤੇ ਲੋੜੀਦੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਇਹ ਮੰਨਣਾ ਪਵੇਗਾ ਕਿ ਜੀਵਨ ਵਿਚ ਕੁਝ ਹੋਰ ਵੀ ਹੈ, ਸਾਨੂੰ ਆਪਣੀ ਪਛਾਣ ਇਕ ਛੋਟੀ ਜਿਹੀ ਸੀਮਾਂ ਤੋਂ ਬਾਹਰ ਲੈ ਜਾਣੀ ਪਵੇਗੀ ਤੇ ਸਾਨੂੰ ਵਿਅਕਤੀਗਤ ਫਿਲੋਸਫੀ ਵੀ ਬਣਾਉਣੀ ਪਵੇਗੀ। ਇਹ ਫਿਲੌਸਫੀ ਕੋਈ ਲੰਮੀ ਚੌੜੀ ਭਾਵੇਂ ਨਾ ਹੋਵੇ, ਪਰ ਐਨਾ ਹੀ ਕਾਫੀ ਹੈ ਕਿ ਇੱਛਾ ਹੋਵੇ ਕਿ ਜੀਵਨ ਤੋਂ ਉਪਰ, ਸੰਸਾਰਕ ਜੀਵਨ ਤੋਂ ਬਾਅਦ ਵੀ ਕੁਝ ਹੈ, ਬੱਸ ਸ਼ੁਰੂ ਕਰਨ ਲਈ ਐਨਾ ਹੀ ਕਾਫੀ ਹੈ। ਮਨੁੱਖ ਇਹ ਇੱਛਾ ਇਹ ਫੈਸਲਾ ਲੈ ਕੇ ਆਪਣਾ ਜੀਵਨ ਮੁੜ ਕੇ ਸੰਗਠਨ ਕਰੇ ਜਾਂ ਕਰਨ ਨੂੰ ਤਿਆਰ ਹੋਵੇ। ਇਹ ਫੈਸਲਾ ਲੈ ਲੈਣ ਤੋਂ ਬਾਅਦ ਇਹ ਫੈਸਲਾ ਹੀ ਮਨੁੱਖ ਨੂੰ ਆਪਣੇ ਵਲ ਖਿੱਚਣ ਲਗ ਪੈਂਦਾ ਹੈ ਤੇ ਜੀਵਨ ਸ਼ੈਲੀ ਬਦਲਣ ਲਗ ਪੈਂਦੀ ਹੈ, ਬੋਲ ਚਾਲ ਦਾ ਢੰਗ, ਵਿਚਾਰ ਬਦਲ ਜਾਂਦਾ ਹੈ। ਜਗਿਆਸੂ ਫੇਰ ਆਪਣਾ ਧਰਮ ਨਿਭਾਉਣ ਲਗ ਪੈਂਦਾ ਹੈ, ਆਪਣੀ ਡਿਊਟੀ, ਆਪਣਾ ਕਰਮ ਕਰਨ ਲਗ ਪੈਂਦਾ ਹੈ, ਸਬੰਧਾਂ ਨਾਲ ਹੋਰ ਤਰ੍ਹਾਂ ਵਰਤਾਓ ਕਰਦਾ ਹੈ, ਉਸ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ, ਲੈਣ ਦੀ ਥਾਂ ਉਹ ਦੇਣ ਨੂੰ ਵਧੇਰੇ ਮਹੱਤਵਪੂਰਨ ਦਰਸਾਉਣ ਲਗ ਪੈਂਦਾ ਹੈ। ਅੰਤ ਵਿਚ ਮਨੁੱਖ ਆਪਣੇ ਜੀਵਨ ਦੀਆਂ ਜ਼ਿੰਮੇਵਾਰੀਆਂ ਆਪ ਸਮਝਣ ਲਗ ਪੈਂਦਾ ਹੈ ਤੇ ਸਮਝਦਾ ਹੈ ਇਹ ਜੀਵਨ ਮੇਰਾ ਆਪਣਾ ਹੈ। ਅਧਿਆਤਮਕ ਜੀਵਨ ਦਾ ਇਹ ਇਕ ਆਧਾਰ ਹੈ, ਇਹ ਮੂਲ ਹੈ, ਉਸ ਜੀਵ ਦਾ ਜੋ ਪੂਰਨਤਾ ਨਾਲ ਜੀਵਿਆਂ ਜਾਂਦਾ ਹੈ, ਬੜੀ ਸ਼ਾਨ ਨਾਲ ਜੀਵਿਆ ਜਾਂਦਾ ਹੈ, ਕਿਸੇ ਮੰਤਵ ਲਈ ਜੀਵਿਆ ਜਾਂਦਾ ਹੈ, ਉਹ ਮੰਤਵ ਜੋ ਇਕ ਪੜਾਅ ਹੈ, ਇਕ ਬਦਲੀ ਹੈ ਜਿਸ ਨੂੰ ਕਾਲ ਕਿਹਾ ਜਾਂਦਾ ਹੈ।

ਅਧਿਆਤਮਕ ਜੀਵਨ ਦੇ ਇਨ੍ਹਾਂ ਪਰਾਰੰਭਿਕ ਨੁਕਤਿਆਂ ਤੋਂ ਬਿਨਾਂ ਦੋ ਬਹੁਤ ਵੱਡੇ ਅਵੱਸ਼ਕ ਮੂਲ ਤੱਤ ਹਨ - ਬੈਰਾਗ ਜਾਂ ਮੋਹ ਤੋਂ ਮੁਕਤ ਹੋਣਾ ਕਹਿ ਲਓ ਤੇ ਅਭਿਆਸ। ਅਭਿਆਸ ਉਨ੍ਹਾਂ ਤਰੀਕਿਆਂ ਦਾ ਜਿਹੜੇ ਅਧਿਆਤਮਕ ਜੀਵਨ ਵਿਚ ਵਾਧਾ ਕਰਨ। ਇਨ੍ਹਾਂ ਦੋਨਾਂ ਦਾ ਬੜਾ ਡੂੰਘਾ ਸਬੰਧ ਹੈ, ਇਕ ਦੂਸਰੇ ਦੀ ਸਹਾਇਤਾ ਕਰਦਾ ਹੈ, ਅਭਿਆਸ ਸਬੰਧੀ ਅਸੀਂ ਅਗਲੇ ਅਧਿਆਇ ਵਿਚ ਪੜ੍ਹਾਂਗੇ।

ਬੈਰਾਗ ਦਾ ਅਨੁਵਾਦ ਵੱਖ-ਵੱਖ ਤਰੀਕਿਆਂ ਨਾਲ ਵੱਖ ਵੱਖ ਸ਼ਬਦਾਂ ਵਿਚ ਕੀਤਾ ਗਿਆ ਹੈ ਜਿਵੇਂ ਕਿ ਮੋਹ ਤੋਂ ਰਹਿਤ, ਨਿਰੇਲਪਤਾ, ਨਿਰਪੇਖਤਾ, ਨਿਰਪੱਖਤਾ। ਬੈਰਾਗ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਇਸ ਨੂੰ ਸਹੀ ਅਰਥਾਂ ਵਿਚ ਜਾਨਣਾ ਚਾਹੀਦਾ ਹੈ, ਇਸ ਨੂੰ ਬੇਪਰਵਾਹੀ ਨਾਲ ਸੰਵੇਗ ਰਹਿਤ, ਮਨੋਭਾਵ ਰਹਿਤ, ਨਿਰਜੀਵਨ, ਇਕ ਸੁੰਨ ਜਾਂ ਕਿਸੇ ਵੀ ਹੋਰ ਇਹੋ ਜਿਹੀ ਚੀਜ਼ ਨਾਲ ਨਹੀਂ ਉਲਝਾਉਣਾ ਚਾਹੀਦਾ। ਬੈਰਾਗ ਬੇਪਰਵਾਹੀ ਨਹੀਂ, ਸੁੰਨ ਨਹੀਂ ਬੈਰਾਗ ਤਾਂ ਇਕ ਜੀਉਂਦਾ ਜਾਗਦਾ ਧੜਕਦਾ, ਖੁਲ੍ਹਮ ਖੁਲ੍ਹਾ ਬੜਾ ਮੂਲਵਾਨ ਜੀਉਣ ਦਾ ਤਰੀਕਾ ਹੈ ਇਸ ਨੂੰ ਜੇ ਹੋਰ ਸਪਸ਼ਟ ਤਰੀਕੇ ਨਾਲ ਇਸ ਦਾ ਵਿਖਿਆਨ ਕਰਨਾ ਹੋਵੇ ਤਾਂ ਇਸ ਨੂੰ ਅਸੀਂ ਪਿਆਰ ਕਹਾਂਗੇ, ਉਹ ਪਿਆਰ ਜਿਹੜਾ ਇਕ ਨਿਰਾਲੀ ਸ਼ਕਤੀ ਬਣਦਾ ਹੈ, ਉਹ ਸ਼ਕਤੀ ਜਿਹੜੀ ਖੁਲ੍ਹੇਪਨ ਦਾ, ਸਵਾਧੀਨਤਾ ਦਾ ਅਨੰਦ ਦਿੰਦੀ ਹੈ, ਨਿ੍ਸੁਆਰਥੀ ਤੇ ਨਿਰਭੈਤਾ ਪੈਦਾ ਕਰਦੀ ਹੈ, ਇਸ ਨੂੰ ਬੈਰਾਗ ਕਹਿੰਦੇ ਹਨ।

ਬੈਰਾਗ ਬਾਰੇ ਵੇਦਾਂਤ ਦੀ ਫਿਲੋਸਫੀ ਕਹਿੰਦੀ ਹੈ, ਤੁਹਾਡਾ ਕੁਝ ਨਹੀਂ ਹੈ, ਕਿਉਂਕਿ ਤੁਹਾਡਾ ਕੁਝ ਨਹੀਂ ਤੁਹਾਨੂੰ ਕਿਸੇ ਚੀਜ਼ ਤੋਂ ਡਰ ਨਹੀਂ ਹੈ। ਡਰਨ ਦੀ ਲੋੜ ਨਹੀਂ, ਜੋ ਕੁਝ ਵੀ ਜੀਵਨ ਲਈ ਤੁਹਾਨੂੰ ਚਾਹੀਦਾ ਹੈ, ਉਹ ਤੁਹਾਡੇ ਕੋਲ ਬਹੁਤ ਹੈ, ਬੇਅੰਤ ਹੈ ਤੇ ਤੁਹਾਨੂੰ ਸੁਆਰਥੀ ਹੋਣ ਦੀ ਤੇ ਚੀਜ਼ਾਂ ਤੇ ਕਾਬੂ ਪਾਉਣ ਦੀ ਲੋੜ ਨਹੀਂ ਹੈ, ਚਿੰਤਾ ਦੀ ਕੋਈ ਲੋੜ ਨਹੀਂ। ਜੀਵਨ ਨੂੰ ਭਰਪੂਰਤਾ ਨਾਲ ਜੀਓ, ਸੰਪੂਰਨਤਾ ਨਾਲ, ਓਨੀ ਸੰਪੂਰਨਤਾ ਨਾਲ ਜਿੰਨੀ ਨਾਲ ਜੀਅ ਸਕਦੇ ਹੋ, ਉਸ ਸਭ ਕੁਝ ਨਾਲ ਜੀਓ ਜੋ ਤੁਹਾਡੇ ਕੋਲ ਹੈ, ਈਸਾ ਜੀ ਨੇ ਕਿਹਾ ਸੀ, "ਜੀਉਣ ਲਈ ਕੁਝ ਸੋਚੋ ਨਾ, ਤੁਸੀਂ ਕੀ ਖਾਓਂਗੇ? ਕੀ ਪੀਓਗੇ? ਤੁਹਾਡੇ ਸਰੀਰ ਦਾ ਕੀ ਹਾਲ ਹੈ? ਕੀ ਕਪੜੇ ਤੁਸੀਂ ਪਹਿਨੋਂਗੇ? ਕੀ ਤੁਹਾਡਾ ਜੀਵਨ ਮਾਸ ਦੇ ਲੋਥੜੇ ਤੋਂ ਵੱਧ ਕੁਝ ਵੀ ਨਹੀਂ? ਤੇ ਤੁਹਾਡਾ ਸਰੀਰ ਇਕ ਲਿਬਾਸ ਕਪੜੇ ਦੇ ਜੋੜੇ ਤੋਂ ਵੱਧ ਨਹੀਂ।

ਹਵਾ ਵਿਚ ਉਡਦੇ ਪੰਛੀਆਂ ਨੂੰ ਦੇਖੋ। ਉਹ ਨਾ ਬੀਜਦੇ ਹਨ, ਨਾ ਕਟਦੇ ਹਨ, ਨਾ ਹੀ ਖਾਣ ਪੀਣ ਦਾ ਸਮਾਨ ਇਕੱਠਾ ਕਰਨ ਲਈ ਜਗ੍ਹਾ ਬਣਾਉਂਦੇ ਹਨ, ਫੇਰ ਵੀ ਉਹ ਪਰਮ ਪਿਤਾ, ਉਨ੍ਹਾਂ ਨੂੰ ਚੋਗਾ ਦਾਣਾ ਦਿੰਦਾ ਹੈ। ਕੀ ਤੁਹਾਡੀ ਹਾਲਤ ਉਸ ਤੋਂ ਕਿਤੇ ਚੰਗੀ ਨਹੀਂ? ਤੁਹਾਡੇ ਵਿਚੋਂ ਜਿਹੜਾ ਇਸ ਵਿਚਾਰ ਵਿਚ ਵਾਧਾ ਕਰ ਸਕਦਾ ਹੈ, ਪਰਮਾਤਮਾ ਦੀ ਹੋਂਦ ਨੂੰ ਚਾਰ ਚੰਨ ਲਾ ਸਕਦਾ ਹੈ।

ਆਪਣੇ ਆਪ ਨੂੰ ਲਿਬਾਸ ਕਿਉਂ ਸਮਝਦੇ ਹੋ ਫੁਲਵਾੜੀ ਵਿਚ ਲੱਗੇ ਫੁਲਾਂ ਨੂੰ ਦੇਖੋ! ਕਿਵੇਂ ਉਹ ਉਗਦੇ ਹਨ, ਵੱਡੇ ਹੁੰਦੇ ਹਨ, ਨਾ ਉਹ ਮਿਹਨਤ ਕਰਦੇ ਹਨ, ਨਾ ਉਹ ਚਰਖਾ ਕਤਦੇ ਹਨ, ਤਾਂ ਵੀ ਮੈਂ ਤੁਹਾਨੂੰ ਦਸਦਾ ਹਾਂ ਕਿ ਸੌਲੋਮਨ (ਇਕ ਸੋਹਣਾ ਯੂਨਾਨੀ ਰਾਜਾ) ਵੀ ਕਦੇ ਐਡਾ ਸੋਹਣਾ ਨਹੀਂ ਲੱਗਾ ਹੋਵੇਗਾ ਜਿੰਨੇ ਉਹ ਸੋਹਣੇ ਲਗਦੇ ਹਨ। ਜੇ ਪਰਮਾਤਮਾ ਨੇ ਘਾਹ ਬਣਾਇਆ ਹੈ, ਬਾਹਰ ਖੁਲ੍ਹੀ ਥਾਂ ਤੇ ਵਿਛਾਇਆ ਹੈ। ਜੇ ਪਰਮਾਤਮਾ ਕਲ੍ਹ ਉਸ ਘਾਹ ਨੂੰ ਭੁੰਨ ਕੇ ਰਾਖ ਕਰ ਦੇਵੇ, ਕੁਝ ਹੋਰ ਕਰ ਦੇਵੇ, ਕੀ ਉਹ ਤੁਹਾਨੂੰ ਪਾਉਣ ਨੂੰ ਕਪੜੇ ਨਹੀਂ ਦੇਵੇਗਾ? ਤੁਸੀਂ ਭਰੋਸਾ ਤਾਂ ਰੱਖੋ?

ਇਹ ਕਦੀ ਨਾ ਕਹੋ ਅਸੀਂ ਕੀ ਖਾਵਾਂਗੇ? ਕੀ ਪੀਵਾਂਗੇ?



Sri Satguru Jagjit Singh Ji eLibrary NamdhariElibrary@gmail.com

ਕਿਥੇ ਕਪੜੇ ਪਾਵਾਂਗੇ, ਕਿਹੋ ਜਿਹੇ ਪਾਵਾਂਗੇ, ਤੁਹਾਡਾ ਪਰਮ ਪਿਤਾ ਜਾਣਦਾ ਹੈ, ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ, ਉਹ ਜਾਣਦਾ ਹੈ, ਤੁਹਾਨੂੰ ਇਹ ਸਭ ਕੁਝ ਚਾਹੀਦਾ ਹੈ।

ਪਰ ਪਹਿਲਾਂ ਪਰਮਾਤਮਾ, ਅਧਿਆਤਮਕ ਰਾਜ਼ (ਭੇਤ) ਤਾਂ ਲੱਭੋ, ਉਸ ਦੀ ਨਿਆਕਾਰੀ ਉਸ ਦੀ ਸਚਾਈ ਤਾਂ ਜਾਣੋ, ਇਹ ਸਭ ਕੁਝ ਤੁਹਾਨੂੰ ਮਿਲ ਹੀ ਜਾਵੇਗਾ।

ਸੰਸਾਰਕ ਵਸਤੂਆਂ ਲਈ ਪਸੀਨਾ ਨਾ ਬਹਾਓ, ਦੁਖੀ ਨਾ ਹੋਵੋ, ਇਹ ਚੀਜ਼ਾਂ ਕਾਬੂ ਕਰਨ ਲਈ ਨਹੀਂ ਹਨ, ਜਮ੍ਹਾਂ ਕਰਨ ਲਈ ਨਹੀਂ ਹਨ, ਇਹ ਸਾਰਾ ਚੌਗਿਰਦਾ ਸਭ ਕੁਝ ਅਧਿਆਤਮਕ ਉਨਤੀ ਲਈ ਪੂਰਤੀ ਲਈ ਬਣਾਇਆ ਗਿਆ ਹੈ। ਜੇ ਤੁਹਾਡੇ ਜੀਵਨ ਦਾ ਮਨੋਰਥ ਲਕਸ਼ ਅਧਿਆਤਮਕ ਤਰੱਕੀ ਹੈ, ਆਤਮ ਮਾਰਗ ਹੈ, ਉਸ ਲਈ ਜੋ ਵੀ ਤੁਹਾਨੂੰ ਲੋੜ ਹੈ, ਜ਼ਰੂਰੀ ਹੈ ਉਹ ਤੁਹਾਨੂੰ ਮਿਲੇਗਾ ਹੀ। ਥੋੜ੍ਹਾ ਮਿਲੇ, ਬਹੁਤਾ ਮਿਲੇ, ਮਿਲੇਗਾ। ਬੈਰਾਗ ਇਸ ਨਿਸ਼ਠਾ ਦਾ, ਇਸ ਭਰੋਸੇ ਦਾ ਪ੍ਰਗਟਾਵਾ ਹੈ।

ਸੰਕੇਤਕ ਤੌਰ ਤੇ ਬੈਰਾਗ ਸ਼ਬਦ ਦੇ ਅਰਥ ਹਨ ਇਛਾਵਾਂ ਤੇ ਕਾਬੂ ਪਾਉਣਾ। ਜਿਵੇਂ ਕਿ ਮਹਾਤਮਾ ਬੁੱਧ ਨੇ ਦਸਿਆ ਹੈ। ਸਾਡੇ ਦੁਖਾਂ ਦਾ ਸਭ ਤੋਂ ਵੱਡਾ ਕਾਰਣ ਸਾਡੀਆਂ ਇਛਾਵਾਂ ਹੀ ਹਨ ਇਛਾਵਾਂ ਤੋਂ ਬੁੱਧ ਦਾ ਭਾਵ ਮੋਹ ਵੀ ਹੈ। ਸਾਡੀਆਂ ਇਛਾਵਾਂ ਸਾਨੂੰ ਬੰਨ੍ਹ ਲੈਂਦੀਆਂ ਹਨ ਤੇ ਚੀਜ਼ਾਂ ਨਾਲ ਜੋੜ ਦਿੰਦੀਆਂ ਹਨ ਤੇ ਜੀਵਨ ਨੂੰ ਚੀਜ਼ਾਂ ਦਾ ਮੁਹਥਾਜ ਬਣਾ ਦਿੰਦੀਆਂ ਹਨ, ਨਤੀਜਾ ਕੇਵਲ ਦੁਖ ਸੰਤਾਪ ਹੀ ਨਿਕਲਦਾ ਹੈ। ਬੁੱਧ ਕਹਿੰਦੇ ਹਨ ਦੁਖਾਂ ਤੋਂ ਛੁਟਕਾਰਾ ਕਰਨ ਲਈ ਇਛਾਵਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਛਾਵਾਂ ਤੋਂ ਛੁਟਕਾਰਾ ਪਾਉਣਾ ਬਹੁਤ ਔਖਾ ਹੈ। ਔਖਾ ਲਗਦਾ ਹੈ ਪਰ ਇਨ੍ਹਾਂ ਨੂੰ ਕਾਬੂ ਕਰਨਾ ਜਾਂ ਇਨ੍ਹਾਂ ਤੋਂ ਉਪਰ ਉਠਣਾ ਸ਼ਾਇਦ ਸੰਭਵ ਹੋਵੇ।

ਵੇਦਾਂਤ ਦੀ ਫਿਲੋਸਫੀ ਅਨੁਸਾਰ ਇਕੋ ਸੱਚੀ ਸੁਚੀ ਚੇਤਨਤਾ ਹੈ ਉਹ ਹੈ ਆਤਮਾ-ਬ੍ਰਹਮ। ਜੋ ਵੀ ਤੁਸੀਂ ਕਹਿਣਾ ਚਾਹੋ, ਜੋ ਵੀ ਨਾਂ ਪਰਿਭਾਸ਼ਾ ਤੁਸੀਂ ਦੇਣੀ ਚਾਹੋ। ਜੇ ਇਹ ਸੱਚ ਹੈ ਤਾਂ ਇਛਾਵਾਂ ਬਿਲਕੁਲ ਬੇਅਰਥ ਹਨ। ਕਿਉਂਕਿ ਕੁਝ ਇਹੋ ਜਿਹਾ ਹੈ ਨਹੀਂ ਜਿਸ ਦੀ ਇੱਛਾ ਕੀਤੀ ਜਾਵੇ ਜਾਂ ਜੋ ਨਾ ਹੋਵੇ। ਜਿਹੜਾ ਇੱਛਾ ਰਖਦਾ ਹੈ ਉਹ ਆਪ ਹੀ ਇੱਛਾ ਹੈ।

ਜੀਵਨ ਦਾ ਸਤਿ ਤਾਂ ਇਹ ਹੈ, ਜਦੋਂ ਤਕ ਅਸੀਂ ਆਪਣੇ ਆਪ ਨੂੰ ਇਕ ਆਤਮਾ ਨਹੀਂ ਮੰਨਦੇ ਜਾਂ ਆਤਮਾ ਨਹੀਂ ਖੋਜਦੇ, ਸਾਡੀਆਂ ਇਛਾਵਾਂ ਰਹਿਣਗੀਆਂ ਹੀ। ਆਤਮਾ ਖੋਜਣ ਦਾ ਰਾਹ ਇਛਾਵਾਂ ਤੋਂ ਕਾਬੂ ਪਾਉਣ ਤੋਂ ਬਾਅਦ ਹੀ ਦਿਸਦਾ ਹੈ ਉਸ ਲਈ ਬੈਰਾਗ ਦੀ ਲੋੜ ਹੈ। ਬੈਰਾਗ ਦੇ ਦੋ ਰਸਤੇ ਹਨ, ਤਿਆਗ ਜਾਂ ਪੂਰਨਤਾ। ਇਛਾਵਾਂ ਦਾ ਪੂਰਨ ਤਿਆਗ ਤੇ ਨ੍ਹਿਸੁਆਰਥ ਕਰਮ। ਇਕ ਤੀਸਰਾ ਮੱਧ ਰਸਤਾ ਵੀ ਹੈ, ਜਿਹੜਾ ਤਿਆਗ ਤੇ ਸੰਤੁਸ਼ਟੀ ਦਾ ਨਿਅੰਤਰ ਹੈ।

ਤਿਆਗ ਬਹੁਤ ਕਠਿਨ ਹੈ, ਬਹੁਤ ਕਠੋਰ ਹੈ, ਕੋਈ ਵਿਰਲਾ ਹੀ ਹੈ ਜਿਹੜਾ ਸੰਸਾਰਕ ਪਦਾਰਥਾਂ ਨੂੰ ਚਲਾਏਮਾਨ ਜਾਣ ਕੇ ਦੇਖੇ ਤੇ ਕਹਿ ਸਕੇ, ਇਹ ਚੀਜ਼ਾਂ, ਇਹ ਸਬੰਧ, ਇਹ ਭੋਗ ਇਹ ਸਭ ਕੁਝ ਮੈਨੂੰ ਪ੍ਰਮਾਤਮਾ ਨਾਲ ਨਹੀਂ ਮਿਲਾ ਸਕਦੇ, ਇਸ ਲਈ ਮੈਂ ਇਨ੍ਹਾਂ ਦਾ ਤਿਆਗ ਕਰਦਾ ਹਾਂ। ਇਹ ਬਹੁਤ ਔਖਾ ਜੋਖਮ ਦਾ ਰਾਹ ਹੈ, ਇਸ ਨੂੰ ਤਲਵਾਰ ਦੀ ਧਾਰ ਤੇ ਤੁਰਨਾ ਕਿਹਾ ਗਿਆ ਹੈ। ਇਹ ਮੱਠਵਾਦ ਹੈ ਤੇ ਮਨੁੱਖ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ। ਤਿਆਗ ਤੋਂ ਭਾਵ ਹੈ ਕਿ ਮਨੁੱਖ ਨੇ ਸਾਰੇ ਭੋਗ ਭੋਗ ਲਏ ਹਨ ਤੇ ਦੇਖ ਲਿਆ ਹੈ ਕਿ ਉਨ੍ਹਾਂ ਤੋਂ ਬਾਅਦ ਮਨੁੱਖ ਬਿਲਕੁਲ ਖਾਲੀ ਮਹਿਸੂਸ ਕਰਦਾ ਹੈ ਤੇ ਮਹਿਸੂਸ ਕਰਦਾ ਹੈ, ਮੇਰੀ ਤਾਂ ਕੋਈ ਪ੍ਰਾਪਤੀ ਹੀ ਨਹੀਂ ਹੈ।

ਤਿਆਗ ਇਕ ਅੱਗ ਦਾ ਬਲਦਾ ਰਾਹ ਹੈ। ਤਿਆਗੀ ਸੰਸਾਰਕ ਸਬੰਧਾਂ ਤੋਂ, ਮੋਹ ਤੋਂ ਮੁਕਤ ਹੋ ਕੇ ਪਵਿੱਤਰ ਹੋਇਆ ਹੁੰਦਾ ਹੈ। ਆਮ ਮਨੁੱਖ ਜਿਹੜਾ ਇਛਾਵਾਂ ਦਾ ਭਰਿਆ ਪਿਆ ਹੈ, ਇਕ ਦਮ ਤਿਆਗੀ ਨਹੀਂ ਬਣ ਸਕਦਾ, ਤਿਆਗ ਦੀ ਅੱਗ ਉਸ ਨੂੰ ਭਸਮ ਕਰ ਦੇਵੇਗੀ, ਇਛਾਵਾਂ ਭਾਵੇਂ ਇਹ ਨਾ ਕਰਨ। ਇਛਾਵਾਂ ਕੇਵਲ ਲਪੇਟ ਹੀ ਨਹੀਂ ਲੈਂਦੀਆਂ, ਇਨ੍ਹਾਂ ਦੀਆਂ ਕਰੂੰਬਲਾਂ ਵੀ ਇਛਾਵਾਂ ਦਾ ਹੀ ਰੂਪ ਧਾਰਨ ਕਰ ਲੈਂਦੀਆਂ ਹਨ। ਲਾਲਚ, ਨਫਰਤ, ਗੁੱਸਾ, ਈਰਖਾ, ਲੋਭ, ਮਨੋਵੇਗ ਇਨ੍ਹਾਂ ਸਾਰਿਆਂ ਦਾ ਤਿਆਗ ਅਵੱਸ਼ਕ ਹੈ। ਇਨ੍ਹਾਂ ਦੇ ਤਿਆਗ ਲਈ ਅਧਿਆਤਮਕ ਸ਼ਕਤੀ ਤੇ ਸਵੈ ਅਨੁਸ਼ਾਸ਼ਨ ਦੀ ਲੋੜ ਹੈ ਉਸ ਤੋਂ ਬਿਨਾਂ ਇਨ੍ਹਾਂ ਦਾ ਤਿਆਗ ਨਹੀਂ ਹੋ ਸਕਦਾ।

ਤਿਆਗ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਸੰਸਾਰਕ ਇਛਾਵਾਂ ਅੱਗ ਵਿਚ ਸੁਆਹ ਕਰ ਦਿਤੀਆਂ ਹੋਣ। ਆਤਮ ਮਾਰਗ ਤੇ ਚਲਣ ਦਾ ਅਭਿਆਸ ਹੋ ਚੁਕਾ ਹੋਵੇ। ਜਗਿਆਸੂ ਤਿਆਗ ਦੀ ਅੱਗ ਦਾ ਸੇਕ ਤੇ ਅੱਗ ਦੀ ਭਸਮ ਕਰਨ ਦੀ ਸ਼ਕਤੀ ਨੂੰ ਸਹਾਰ ਸਕਦਾ ਹੋਵੇ। ਇਹ ਨਹੀਂ ਹੋ ਸਕਦਾ ਕਿ ਮਨੁੱਖ ਇਕ ਦਿਨ ਸਵੇਰੇ ਉਠੇ ਤੇ ਕਹਿ ਦੇਵੇ ਕਿ ਮੈਂ ਤਿਆਗ ਕੀਤਾ, ਜੇ ਉਹ ਸਾਰੇ ਵਿਚਾਰ ਨਾਲ ਹੀ ਲੈ ਕੇ ਤੁਰ ਪਵੇ, ਮਨ ਦਾ ਅਨੁਸ਼ਾਸ਼ਨ ਹੋਇਆ ਹੀ ਨਾ ਹੋਵੇ, ਇਸ ਤੋਂ ਭਾਵ ਹੈ ਕਿ ਉਸ ਨੇ ਤਿਆਗ ਕੀਤਾ ਹੀ ਨਹੀਂ।

ਇਹੋ ਜਿਹਾ ਤਿਆਗੀ ਜਦੋਂ ਸੜਕ ਤੇ ਟੁਰੇਗਾ ਉਸ ਨੂੰ ਭੂਤ ਪ੍ਰੇਤ ਹੀ ਸੜਕ ਤੇ ਦਿਸਣਗੇ ਕਿਉਂਕਿ ਉਸ ਨੇ ਆਪਣੇ ਭੈ ਤੇ ਵਿਜੈ ਪ੍ਰਾਪਤ ਕੀਤੀ ਹੀ ਨਹੀਂ। ਉਸ ਨੂੰ ਤਿਆਗ ਦੇ ਰਸਤੇ ਤੇ ਚਲਣ ਦਾ ਗਿਆਨ ਹੀ ਨਹੀਂ। ਘਰੋਂ ਦੌੜ ਜਾਣ ਨਾਲ ਕੋਈ ਤਿਆਗੀ ਨਹੀਂ ਬਣ ਜਾਂਦਾ। ਆਪਣੇ ਕਰਤੱਬ ਤੋਂ ਦੌੜਨਾ ਆਪਣੀਆਂ ਜ਼ਿੰਮੇਵਾਰੀਆਂ ਨਾ ਪੂਰੀਆਂ ਕਰ ਸਕਣੀਆਂ, ਕਿਸੇ ਨੂੰ ਗਿਆਨ ਨਹੀਂ ਦੇ ਸਕਦੀਆਂ, ਸੰਸਾਰ ਤੋਂ ਦੌੜਨ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਤਿਆਗ ਆਤਮ ਬਲੀਦਾਨ ਦਾ ਮਾਰਗ ਹੈ, ਆਤਮ ਗਿਆਨ ਦਾ ਮਾਰਗ ਹੈ, ਜਦੋਂ ਮਨੁੱਖ ਇਸ ਮਾਰਗ ਤੇ ਆਉਂਦਾ ਹੈ, ਉਹ ਸੰਸਾਰਕ ਪਦਾਰਥਾਂ ਦੀ ਕੀਮਤ ਦੇਖ ਚੁਕਾ ਹੈ। ਉਹ ਜਾਣਦਾ ਹੈ ਇਹ ਚੀਜ਼ਾਂ ਦਾ ਮੁੱਲ ਕੀ ਹੈ, ਜਾਣਦਾ ਹੈ ਕਿ ਇਨ੍ਹਾਂ ਦਾ ਮੁੱਲ ਉਦੋਂ ਤਕ ਹੀ ਹੈ ਜਦੋਂ ਤਕ ਇਹ ਤੁਹਾਨੂੰ ਆਤਮ ਮਾਰਗ ਤੇ ਤੁਰਨ ਦੀ ਸਹਾਇਤਾ ਕਰਦੀਆਂ ਹਨ। ਉਹ ਜਾਣਦਾ ਹੈ ਕਿ ਮਨ ਚਮਕਦੀਆਂ ਵਸਤਾਂ ਪਿਛੇ ਦੌੜਦਾ ਹੈ ਪਰ ਉਹ ਉਦੋਂ ਤਕ ਹੀ ਦੌੜਦਾ ਹੈ ਜਦੋਂ ਤਕ

'ਆਤਮ ਮਾਰਗ', ਮਾਰਚ, 1999



Sri Satguru Jagjit Singh Ji eLibrary NamdhariElibrary@gmail.com

ਉਹ ਇਹ ਨਹੀਂ ਜਾਣਦਾ ਕਿ ਅਸਲੀ ਖਜ਼ਾਨਾ ਤਾਂ ਉਸ ਦੇ ਅੰਦਰ ਹੀ ਦੱਬਿਆ ਪਿਆ ਹੈ, ਜਦੋਂ ਉਹ ਅੰਦਰ ਦਾ ਅਨੁਭਵ ਕਰ ਲੈਂਦਾ ਹੈ ਅੰਦਰ ਦੀ ਸ਼ਾਂਤੀ ਨੂੰ ਜਾਣ ਜਾਂਦਾ ਹੈ ਅੰਦਰ ਦੀ ਸਥਿਰਤਾ ਦਾ ਅਨੁਭਵ ਕਰ ਲੈਂਦਾ ਹੈ, ਉਸ ਨੂੰ ਅੰਦਰ ਦੇ ਖਜ਼ਾਨੇ ਦੀ ਸੋਝੀ ਹੋ ਜਾਂਦੀ ਹੈ। ਸ਼ਾਂਤ ਮਨ ਨਾਲ, ਉਹ ਸੰਸਾਰ ਦੇ ਭੋਗ ਬਿਲਾਸ ਜਦੋਂ ਦੇਖਦਾ ਹੈ ਇਸ ਦੀਆਂ ਚਮਕਾਂ ਤੋਂ ਜਾਣੂੰ ਹੁੰਦਾ ਹੈ ਉਹ ਮਹਿਸੂਸ ਕਰਦਾ ਹੈ ਇਹ ਕਿੰਨੀਆਂ ਭਿਆਨਕ ਹਨ ਤੇ ਸਮਾਧੀ ਸਥਿਤ ਹੋ ਕੇ ਉਹ ਇਹ ਵੀ ਦੇਖਦਾ ਹੈ ਕਿ ਉਸ ਦੇ ਅੰਦਰ ਅਜੇ ਕਿੰਨੀਆਂ ਇਛਾਵਾਂ ਛੁਪੀਆਂ ਬੈਠੀਆਂ ਹਨ, ਉਹ ਕਿੰਨੀਆਂ ਭਿਆਨਕ ਹਨ, ਕਿੰਨੀਆਂ ਨਾਸ਼ਵਾਨ ਹਨ। ਫੇਰ ਉਹ ਇਹ ਮਹਿਸੂਸ ਕਰਦਾ ਹੈ ਕਿ ਤਿਆਗ ਦੀ ਅੱਗ ਹੀ ਇਸ ਦਾ ਢੁਕਵਾਂ ਉਤਰ ਹੈ।

ਇਸ ਮਾਰਗ ਤੇ ਤੁਰਨ ਲਈ ਤੁਹਾਨੂੰ ਸਵੈ ਸਿਖਿਆ ਦੀ ਲੋੜ ਹੈ, ਸਵੈ ਅਨੁਸ਼ਾਸ਼ਨ ਦੀ ਲੋੜ ਹੈ, ਸਾਡੇ ਅੰਦਰ ਬਹੁਤ ਸਾਰੀਆਂ ਇਛਾਵਾਂ ਲੁਕੀਆਂ ਪਈਆਂ ਹਨ, ਦਬੀਆਂ ਪਈਆਂ ਹਨ, ਇਸ ਕਾਰਨ ਕਰਕੇ ਹੀ ਇਸ ਮਾਰਗ ਨੂੰ ਤਲਵਾਰ ਦੀ ਧਾਰ ਤੇ ਤੁਰਨਾ ਕਿਹਾ ਗਿਆ ਹੈ। ਹਰ ਇਕ ਕਦਮ ਤੇ ਡਿਗਣ ਦਾ ਡਰ ਰਹਿੰਦਾ ਹੈ, ਸੁਆਰਥ ਦੀ ਇੱਛਾ ਸਭ ਤੋਂ ਪ੍ਰਬਲ ਹੈ, ਇਸ ਤੇ ਕਾਬੂ ਪਾਉਣਾ ਸਭ ਤੋਂ ਔਖਾ ਹੈ। ਤਿਆਗ ਦੇ ਮਾਰਗ ਤੇ ਕੇਵਲ ਉਹ ਹੀ ਚਲ ਸਕਦੇ ਹਨ ਜਿਨ੍ਹਾਂ ਨੇ ਨਿਰਭੈਤਾ ਪ੍ਰਾਪਤ ਕਰ ਲਈ ਹੋਵੇ ਤੇ ਮੋਹ ਤੋਂ ਛੁਟਕਾਰਾ ਪ੍ਰਾਪਤ ਕਰ ਲਿਆ ਹੋਵੇ, ਲੋਭ ਤੋਂ ਮੁਕਤ ਹੋ ਗਏ ਹੋਣ ਤੇ ਹੋਰ ਸੰਸਾਰਕ ਆਕਰਸ਼ਨਾਂ ਤੋਂ ਛੁਟਕਾਰਾ ਪ੍ਰਾਪਤ ਕਰ ਲਿਆ ਹੋਵੇ। ਇਹ ਮਾਰਗ ਬਹੁਤ ਕਠਿਨ ਹੈ, ਇਸ ਤੇ ਚਲਣ ਲਈ ਨਿਰਭੈਤਾ ਦੀ ਲੋੜ ਹੈ, ਨਾਲ ਹੀ ਲੋੜ ਹੈ ਸਵੈਧੀਨਤਾ ਦੀ ਤੇ ਉਸ ਯੋਗਤਾ ਦੀ ਜਿਹੜੀ ਮਨ ਨੂੰ ਇਕਾਗਰ ਕਰਕੇ ਗਿਆਨ ਦੇ ਪ੍ਰਕਾਸ਼ ਵਲ ਲੈ ਜਾਵੇ। ਇਸ ਤੋਂ ਕੋਈ ਵੀ ਚੀਜ਼ ਘੱਟ ਜਿਹੜੀ ਹੋਵੇਗੀ ਉਹ ਇਸ ਮਾਰਗ ਤੇ ਇਕ ਬਾਧਾ ਬਣ ਜਾਵੇਗੀ।

ਇਥੇ ਇਹ ਦਸਣਾ ਵੀ ਜ਼ਰੂਰੀ ਹੋਵੇਗਾ ਕਿ ਇਹ ਮਾਰਗ ਕਿੰਨਾ ਸੋਹਣਾ ਤੇ ਅਨੰਦਮਈ ਹੈ, ਜਦੋਂ ਤੁਸੀਂ ਇਸ ਲਈ ਪੂਰੇ ਤਿਆਰ ਹੋਵੋ, ਜਦੋਂ ਬਾਹਰ ਦੀਆਂ ਇਛਾਵਾਂ ਨੂੰ ਤੁਸੀਂ ਅੰਦਰ ਵਲ ਮੋੜ ਲਿਆ ਹੋਵੇ, ਜਿਹੜੇ ਅਨੰਦ ਦੀ ਪ੍ਰਾਪਤੀ ਉਸ ਵਿਚੋਂ ਹੁੰਦੀ ਹੈ ਉਸ ਨੂੰ ਸ਼ਬਦਾਂ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ।

ਬੈਰਾਗ ਦਾ ਦੂਸਰਾ ਮਾਰਗ ਜਿਹੜਾ ਅਧਿਆਤਮਕ ਵਿਕਾਸ ਲਈ ਅਵੱਸ਼ਕ ਹੈ ਉਹ ਹੈ ਨਿਸ਼ਕਾਮ ਕਰਮ। ਇਸ ਮਾਰਗ ਤੇ ਮਨੁੱਖ ਆਪਣਾ ਕਰਮ ਕਰਦਾ ਹੈ ਉਹ ਡਿਊਟੀ ਕਰਦਾ ਹੈ, ਧਰਮ ਨਿਭਾਉਂਦਾ ਹੈ, ਇਹ ਸਭ ਕੁਝ ਸੁਚੱਜੀ ਤਰ੍ਹਾਂ ਤੇ ਨਿਸ਼ਕਾਮ ਹੋ ਕੇ ਕਰਦਾ ਹੈ। ਪਤਾ ਹੈ ਕਿ ਕਰਮ ਕਰਨੇ ਹਨ ਜਿਵੇਂ ਸਾਰੇ ਕਰਦੇ ਹੀ ਹਨ ਪਰ ਕਿਸੇ ਸੁਆਰਥ ਲਈ ਨਹੀਂ ਕਰਨੇ। ਪੂਰਾ ਧਿਆਨ ਲਾ ਕੇ ਕਰਮ ਕਰਦੇ ਹਨ, ਪੂਰੀ ਸੋਝੀ ਨਾਲ ਕਰਦੇ ਹਨ, ਕੀ ਉਸ ਦਾ ਫਲ ਹੁੰਦਾ ਹੈ? ਉਸ ਨਾਲ ਕੋਈ ਵਾਸਤਾ ਨਹੀਂ। ਆਪਣਾ ਕਰਮ ਕਰਨਾ, ਆਪਣੀ ਡਿਊਟੀ ਕਰਨੀ ਇਹ ਹੀ ਇਕ ਮਾਤਰ ਧਰਮ ਹੈ ਇਸ ਤਰ੍ਹਾਂ ਕਰਦੇ ਜਗਿਆਸੂ ਨਾ ਕੇਵਲ ਸੰਸਾਰਕ ਕੰਮ ਹੀ ਕਰਦਾ ਹੈ ਸਗੋਂ ਸਫਲਤਾ ਨਾਲ ਕਰਦਾ ਹੋਇਆ ਉਹ ਸੰਸਾਰ ਦੇ ਕੰਮਾਂ ਤੋਂ ਉਪਰ ਉਠਦਾ ਜਾਂਦਾ ਹੈ।

ਤਿਆਗ ਦੇ ਮਾਰਗ ਦਾ ਲਕਸ਼ ਤੇ ਕਰਮ ਦੇ ਮਾਰਗ ਦਾ ਲਕਸ਼ ਇਕੋ ਹੀ ਰਹਿੰਦਾ ਹੈ, ਇਕ ਹੀ ਹੈ। ਦੋਨਾਂ ਦਾ ਉਦੇਸ਼ ਗਿਆਨ ਦੀ ਪ੍ਰਾਪਤੀ ਹੈ, ਦੋਨੋਂ ਬੈਰਾਗ ਦੇ ਖਜ਼ਾਨੇ ਤਕ ਪਹੁੰਚਦੇ ਹਨ। ਬਹੁਤ ਪੱਕਾ ਇਕ ਸੁਨਿਹਿਰੀ ਡੋਰ, ਨਿਰਮੋਹ ਦੀ ਬਣੀ ਹੋਈ ਤੇ ਇਛਾਵਾਂ ਤੇ ਪੂਰਾ ਕਾਬੂ, ਇਹ ਇਕ ਸਾਂਝੀ ਡੋਰ ਹੈ ਜਿਹੜੀ ਬੈਰਾਗ, ਤਿਆਗ ਤੇ ਨਿਸ਼ਕਾਮ ਕਰਮਾਂ ਨੂੰ ਬੰਨ੍ਹਦੀ ਹੈ। ਦੋਨੋਂ ਮਾਰਗਾਂ ਤੇ ਜਗਿਆਸੂ ਇਸ ਡੋਰ ਨੂੰ ਫੜ ਕੇ ਜੀਵਨ ਦੀਆਂ ਘੁੰਮਣ ਘੇਰੀਆਂ ਵਿਚੋਂ ਲੰਘਦਾ ਗਿਆਨ ਤਕ ਪਹੁੰਚਦਾ ਹੈ।

ਲੋਕੀ ਕਰਮ ਦੇ ਫਲ ਲਭਦੇ ਹਨ ਕਿਉਂਕਿ ਉਹ ਆਪਣੀ ਠੀਕ ਅਸਲੀ ਜ਼ਰੂਰਤ ਨੂੰ ਜਾਣਦੇ ਹੀ ਨਹੀਂ, ਨਾ ਹੀ ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਜਾਣਗੀਆਂ, ਬਹੁਤ ਸਾਰੇ ਲੋਕੀ ਇਧਰ ਉਧਰ ਕੁਝ ਨਾ ਕੁਝ ਕਰਦੇ ਰਹਿੰਦੇ ਹਨ ਤੇ ਆਸ ਰਖਦੇ ਹਨ ਕਿ ਉਨ੍ਹਾਂ ਦੀ ਮਹਿਮਾ ਕੀਤੀ ਜਾਵੇਗੀ ਉਨ੍ਹਾਂ ਨੂੰ ਇਨਾਮ ਵੀ ਮਿਲੇਗਾ। ਇਹ ਦੋਨੋਂ ਮਹਿਮਾ ਤੇ ਇਨਾਮ ਇਹ ਵੀ ਇਕ ਕਿਸਮ ਦੇ ਜਾਲ ਹਨ ਜਿਹੜੇ ਮਨੁੱਖ ਨੂੰ ਫਸਾਉਂਦੇ ਹਨ ਤੇ ਡੂੰਘੀ ਪਰੇਸ਼ਾਨੀ ਵਿਚ ਲੈ ਜਾਂਦੇ ਹਨ। ਇਹੋ ਜਿਹੇ ਜੀਵਨ ਵਿਚ ਕੋਈ ਸ੍ਵੈਧੀਨਤਾ ਨਹੀਂ, ਇਹ ਤਾਂ ਚੂਹੇ ਦੇ ਪਿੰਜਰੇ ਤੇ ਜਾਲਾ ਬਣਾਉਣ ਵਾਲੀ ਗੱਲ ਹੈ। ਜਾਲ ਬਣਾਈ ਜਾਣਾ ਪਰ ਅੰਤ ਵਿਚ ਕਿਤੇ ਨਹੀਂ ਪਹੁੰਚਦੇ, ਥੱਕ ਕੇ ਬੈਠ ਜਾਂਦੇ ਹਨ।

ਜੀਵਨ ਦਾ ਉਦੇਸ਼ ਅਧਿਆਤਮਕ ਹੈ, ਰੂਹਾਨੀਅਤ ਹੈ। ਇਸ ਨੂੰ ਆਪਣੇ ਜੀਵਨ ਦਾ ਇਕ ਮਾਤਰ ਪੱਥ ਪਰਦਰਸ਼ਕ ਹੀ ਸਮਝਣਾ ਚਾਹੀਦਾ ਹੈ। ਆਪਣੀਆਂ ਸੰਸਾਰਕ ਡਿਊਟੀਆਂ ਖੁਸ਼ੀ-ਖੁਸ਼ੀ ਕਰੋ, ਪੂਰੀ ਸਮਰਥਾ ਨਾਲ ਕਰੋ, ਜਿਥੇ ਵੀ ਤੁਸੀਂ ਹੋ, ਚਾਹੇ ਇਕ ਵਿਦਿਆਰਥੀ ਹੋ, ਕੰਮ ਕਰਦੇ ਹੋ, ਬੱਚੇ ਹੋ, ਮਾਤਾ ਪਿਤਾ ਹੋ, ਸਮਾਜ ਦੇ ਸਦਸ ਹੋ, ਜੋ ਹੋ, ਜਿਥੇ ਵੀ ਹੋ, ਇਸ ਤਰ੍ਹਾਂ ਕਰਨ ਤੋਂ ਬਾਅਦ ਛੱਡ ਦਿਓ। ਸਭ ਅਧਿਆਤਮਕ ਅਨੁਭਵ ਖੋਲ੍ਹਦਾ ਹੈ ਫੇਰ ਉਹ ਡਿਊਟੀ ਹੀ ਬਣ ਕੇ ਰਹਿ ਜਾਏਗੀ, ਇਕਸਾਰ ਹੋ ਜਾਵੇਗੀ।

ਇਹ ਰਸਤਾ ਬਹੁਤ ਸਾਦਾ ਹੈ, ਜੀਵਨ ਨੂੰ ਵਿਸਤ੍ਰਿਤ ਕਰਨ ਦਾ, ਇਹ ਜਗਿਆਸੂ ਨੂੰ ਪਵਿੱਤਰ ਕਰਕੇ ਕਰਮਾਂ ਤੋਂ ਤੇ ਮੋਹ ਤੋਂ ਛੁਟਕਾਰਾ ਦਿਵਾਉਂਦਾ ਹੈ। ਇਸ ਪਿਛੋਂ ਕੋਈ ਲੋੜ ਮਹਿਸੂਸ ਨਹੀਂ ਹੁੰਦੀ ਕਿ ਇਧਰ ਉਧਰ ਦੇ ਕੋਈ ਕਰਮ ਕੀਤੇ ਜਾਣ, ਨਾ ਹੀ ਚੀਜ਼ਾਂ ਇੱਕਠੀਆਂ ਕਰਨੀਆਂ, ਦੂਸਰਿਆਂ ਤੋਂ ਸਲਾਹਨਾ ਦੀ ਉਮੀਦ ਰਖਣੀ। ਲੋੜਾਂ ਘੱਟ ਹੋ ਜਾਂਦੀਆਂ ਹਨ, ਕਾਮਨਾਵਾਂ ਰਹਿਤ ਹੋ ਜਾਂਦੇ ਹੋ, ਜੋ ਵੀ ਕਰਮ ਕਰਦੇ ਹੋ ਉਹ ਪਿਆਰ ਵਿਚ ਕਰਦੇ ਹੋ, ਪਿਆਰ ਨਾਲ ਕੀਤੇ ਕਰਮ ਬੇਹਦ ਖੁਸ਼ੀ ਦਿੰਦੇ ਹਨ, ਇਹੋ ਜਿਹੇ ਕਰਮ ਆਪਣੇ ਸੁਆਰਥ ਲਈ ਨਹੀਂ ਕੀਤੇ ਜਾਂਦੇ, ਫੇਰ ਹੌਲੀ-ਹੌਲੀ ਤੁਸੀਂ ਨਿਸੁਆਰਥ ਹੋ ਕੇ ਕਰਮ ਕਰਦੇ ਹੋ ਇਸ ਤਰ੍ਹਾਂ ਕਰਨਾ ਹੀ ਰੂਹਾਨੀ ਅਨੁਸਾਸ਼ਨ ਹੈ, ਰੂਹਾਨੀ ਅਨੁਭਵ ਹੈ।

L L L L L L L



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ਫੇਰੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ ਪੰਨਾ – 47)*

ਸਵਾ ਦੋ ਘੰਟੇ ਦਾ ਇਹ ਲੈਕਚਰ ਦੇਣਾ ਸਾਡੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਸੀ, ਇਸ ਲਈ ਰਾਜਮੁਨੀ ਜੀ ਅਤੇ ਡਾਕਟਰ ਰਾਓ ਜੀ ਤੋਂ ਵਿਦਾ ਲੈ ਕੇ ਅਸੀਂ ਆਪਣੇ ਪ੍ਰੋਗਰਾਮ ਅਨੁਸਾਰ ਕਾਰਾਂ ਵਿਚ ਬੈਠ ਗਏ, ਰਸਤੇ ਵਿਚ ਮੈਨੂੰ ਸ੍ਰੀ ਰਸ਼ਪਾਲ ਮਲਹੋਤਰਾ ਨੇ ਦਸਿਆ ਕਿ ਇਨ੍ਹਾਂ ਪ੍ਰੇਮੀਆਂ ਵਿਚ ਜੋ ਬਹੁਤ ਜੁਆਨ ਜਿਹੀ ਬੀਬੀ ਵੀ ਬੈਠੀ ਸੀ, ਉਹ ਬਹੁਤ ਮਾਲਦਾਰ ਹੈ। ਇਕ ਵਾਰੀ ਉਸ ਨੂੰ ਛਿਕਾਂ ਲਗ ਗਈਆਂ ਸਭ ਦਵਾਦਾਰੂ ਕਰਨ ਉਪਰੰਤ ਵੀ ਛਿਕਾਂ ਬੰਦ ਨਾ ਹੋਈਆਂ। ਉਹ ਸਵਾਮੀ ਜੀ ਪਾਸ ਪਹੁੰਚੀ। ਸਵਾਮੀ ਜੀ ਨੇ ਵਿਚਾਰ ਕੇ ਦੇਖ ਲਿਆ ਕਿ ਇਸ ਦੇ ਨੱਕ ਅੰਦਰ ਕੋਈ ਵਾਲ ਹੈ ਜੋ ਛਿਕਾਂ ਦਿਵਾਉਂਦਾ ਹੈ ਕਿਉਂਕਿ ਉਹ ਡਾਕਟਰ ਵੀ ਸਨ ਉਨ੍ਹਾਂ ਨੇ ਉਹ ਨੁਕਸ ਦੂਰ ਕਰ ਦਿਤਾ। ਛਿਕਾਂ ਇਕ ਦਮ ਬੰਦ ਹੋ ਗਈਆਂ। ਇਸ ਬੀਬੀ ਨੇ 3 ਮਿਲੀਅਨ ਡਾਲਰ ਦਾ ਚੈਕ ਬੜੇ ਅਭਿਮਾਨ ਭਰੇ ਤਰੀਕੇ ਨਾਲ ਸਵਾਮੀ ਜੀ ਵਲ ਸੁੱਟ ਕੇ ਕਿਹਾ ਕਿ ਮਿਸਟਰ ਸਵਾਮੀ ਇਹ ਚੁਕ ਲੈ, ਤੇਰੇ ਕੰਮ ਆਵੇਗਾ। ਸਵਾਮੀ ਜੀ ਨੇ ਦੇਖਿਆ ਕਿ ਇਸ ਬੀਬੀ ਦੇ ਮਨ ਵਿਚ ਆਪਣੀ ਦੌਲਤ ਦਾ ਬਹੁਤ ਅਭਿਮਾਨ ਹੈ, ਜੋ ਇਸ ਦੇ ਜੀਵਨ ਨੂੰ ਨਸ਼ਟ ਕਰ ਦੇਵੇਗਾ। ਉਹ ਸਾਧੂ ਸਨ, ਸਾਧੂ ਸਦਾ ਹੀ ਬੇਪ੍ਰਵਾਹ ਹੋਇਆ ਕਰਦੇ ਹਨ, ਜੇ ਉਹ ਆਪਣੇ ਸ਼ਰਧਾਲੂਆਂ ਤੋਂ ਭੇਟਾਵਾਂ ਲੈਂਦੇ ਹਨ ਤਾਂ ਉਨ੍ਹਾਂ ਦਾ ਖਿਆਲ ਇਹ ਹੁੰਦਾ ਹੈ ਕਿ ਇਨ੍ਹਾਂ ਦੀ ਮਾਇਆ ਕਿਸੇ ਸੁਚੱਜੇ ਥਾਂ ਲਾ ਕੇ ਸਫਲੀ ਕਰੀਏ ਤਾਂ ਕਿ ਇਨ੍ਹਾਂ ਦੇ ਵਿਘਨ ਦੂਰ ਹੋ ਜਾਣ, ਹੋਰ ਸੰਤਾਂ ਦਾ ਇਹ ਮਤਲਬ ਨਹੀਂ ਹੋਇਆ ਕਰਦਾ ਕਿ ਸ਼ਰਧਾਲੂਆਂ ਦੀ ਮਾਇਆ ਨਾਲ ਆਪਣੇ ਬੈਂਕ ਭਰ ਲੈਣ। ਸੋ ਇਸ ਬੀਬੀ ਨੇ ਚੈਕ ਬੜੇ ਅਭਿਮਾਨ ਨਾਲ ਲਿਖਿਆ ਅਤੇ ਸਵਾਮੀ ਜੀ ਦੇ ਅੱਗੇ ਸੁੱਟ ਦਿਤਾ ਅਤੇ ਕਿਹਾ ਕਿ ਲੈ ਚੁਕ ਲੈ ਸਵਾਮੀ, ਤੇਰੇ ਕੰਮ ਆਵੇਗਾ। ਉਨ੍ਹਾਂ ਨੇ ਇਸ ਗੱਲ ਨੂੰ ਅੱਛਾ ਨਾ ਸਮਝਿਆ ਅਤੇ ਕਿਹਾ ਕਿ ਇਸ ਬੀਬੀ ਅੰਦਰ ਮਾਇਆ ਦਾ ਬਹੁਤ ਅਭਿਮਾਨ ਹੈ, ਇਹ ਸਾਧੂਆਂ ਨੂੰ ਮੰਗਤੇ ਹੀ ਸਮਝਦੀ ਹੈ, ਉਨ੍ਹਾਂ ਨੇ ਉਹ ਚੈਕ ਚੁਕਿਆ ਅਤੇ ਉਸ ਦੇ 15-20 ਟੁਕੜੇ ਕਰਕੇ ਕਿਹਾ ਕਿ ਇਹ ਲੈ ਜਾ, ਸਾਨੂੰ ਤੇਰੀ ਅਭਿਮਾਨ ਭਰੀ ਮਾਇਆ ਦੀ ਲੋੜ ਨਹੀਂ। ਇਸ ਬੀਬੀ ਨੂੰ ਉਸ ਸਮੇਂ ਸਮਝ ਆਈ ਕਿ ਸਾਧੂ ਨਿਰਚਾਹ, ਬੇਲੋੜੇ, ਬੇਪ੍ਰਵਾਹ ਹੁੰਦੇ ਹਨ, ਉਸ ਵੇਲੇ ਇਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਇਸ ਨੇ ਸਵਾਮੀ ਜੀ ਤੋਂ ਮਾਫੀ ਮੰਗੀ ਤੇ ਕਹਿਣ ਲੱਗੀ ਕਿ ਮੇਰੇ ਤੋਂ ਭੁੱਲ ਹੋ ਗਈ। ਮੈਂ ਆਪ ਦੀ ਹਸਤੀ ਨੂੰ ਪਹਿਚਾਣ ਨਾ ਸਕੀ। ਉਸ ਸਮੇਂ ਤੋਂ ਹੀ ਉਹ ਸਤਿਸੰਗ ਕਰ ਰਹੀ ਸੀ। ਅੱਜ ਉਹ ਸਤਿਸੰਗ ਕਰ ਰਹੀ ਸੀ ਅਤੇ ਡਾਕਟਰ ਰਾਓ ਜੀ ਦੇ ਦੱਸਣ ਤੇ ਉਹ ਮੇਰੇ ਪਾਸ ਸ਼ਿਕਾਗੋ ਆਈ ਸੀ। ਉਸ ਨੇ ਪ੍ਰਵਚਨ ਬਹੁਤ ਧਿਆਨ ਨਾਲ ਸੁਣੇ ਸਨ, ਇਹ ਗੱਲ ਮੈਨੂੰ ਸ੍ਰੀ ਰਸ਼ਪਾਲ ਮਲਹੋਤਰਾ ਜੀ ਨੇ ਗੱਡੀ ਵਿਚ ਹੀ ਦੱਸੀ। ਗੱਲਾਂ ਕਰਦੇ ਕਰਦੇ ਅਸੀਂ ਸਰਦਾਰ ਗੁਰਚਰਨ ਸਿੰਘ ਝੱਜ ਦੇ ਨਿਵਾਸ ਅਸਥਾਨ ਤੇ ਪਹੁੰਚ ਗਏ, ਉਨ੍ਹਾਂ ਦੇ ਬਾਲ ਬੱਚੇ ਅਤੇ ਪੜੌਸੀ ਰਿਸ਼ਤੇਦਾਰ ਜੋ ਉਨ੍ਹਾਂ ਨੇ ਬੁਲਾਏ ਹੋਏ ਸਨ, ਉਹ ਸਾਰੇ ਮੈਨੂੰ ਮਿਲੇ, ਮਿਸਿਜ਼ ਝੱਜ ਜਦੋਂ ਮੇਰੇ ਸਾਮ੍ਹਣੇ ਆਈ ਤਾਂ ਮੈਂ ਪੁਛਿਆ ਬੇਟਾ! ਕਲ੍ਹ ਜਦੋਂ ਅਸੀਂ airport (ਹਵਾਈ ਅੱਡੇ) ਤੋਂ ਆ ਰਹੇ ਸੀ ਤਾਂ ਅਚਾਨਕ ਤੇਰੇ ਅੱਖਾਂ ਵਿਚ ਹੰਝੂ ਕਿਉਂ ਆ ਗਏ ਸਨ? ਉਥੇ ਬੈਠੇ ਸੱਜਣਾਂ ਵਿਚ ਕਈ ਬੋਲ ਉਠੇ ਕਿ ਬਾਬਾ ਜੀ ਇਸ ਪਰਿਵਾਰ ਨਾਲ ਬੜੀ ਦੁਰਘਟਨਾ ਹੋਈ ਹੈ। 24 ਸਾਲ ਦਾ ਲਾਇਕ ਬੱਚਾ ਜਿਸ ਨੇ ਪੜ੍ਹਾਈ ਲਿਖਾਈ ਵਿਚ ਬਹੁਤ ਉਚੀ ਪੋਜ਼ੀਸ਼ਨ ਲਈ ਹੋਈ ਸੀ ਉਹ ਅਚਾਨਕ ਹੀ ਇਸ ਸੰਸਾਰ ਉਪਰੋਂ ਚਲਿਆ ਗਿਆ, ਅੱਜ ਇਕ ਮਹੀਨਾ ਹੋ ਚੁਕਿਆ ਹੈ। ਉਸ ਵੇਲੇ ਬੀਬੀ ਨੇ ਦਸਿਆ ਕਿ ਉਹ ਬੱਚਾ ਬਹੁਤ ਹੀ ਲਾਇਕ ਸੀ, ਬਹੁਤ ਪਿਆਰ ਕਰਦਾ ਸੀ, ਇਹ ਅੱਜ ਤਕ ਸਾਨੂੰ ਨਹੀਂ ਪਤਾ ਲਗ ਸਕਿਆ ਕਿ ਉਸ ਨੇ ਖੁਦਕਸ਼ੀ ਕਿਉਂ ਕਰ ਲਈ। ਕਹਿਣ ਲੱਗੀ ਕਿ ਮੈਂ ਨਾਲ ਦੇ ਕਮਰੇ ਵਿਚ ਬੈਠੀ ਸੀ, ਅਚਾਨਕ ਗੋਲੀ ਦੀ ਅਵਾਜ਼ ਸੁਣ ਕੇ ਮੈਂ ਜਦੋਂ ਗਈ ਤਾਂ ਮੇਰਾ ਲਾਡਲਾ ਪੁੱਤਰ ਖੂਨ ਵਿਚ ਲੱਥਪੱਥ ਹੋਇਆ ਪਿਆ ਸੀ। ਪਹਿਲਾਂ ਮਨ ਵਿਚ ਇਹ ਸੋਚ ਫੁਰੀ ਕਿ ਮੈਂ ਵੀ ਆਪਣੇ ਗੋਲੀ ਮਾਰ ਲਵਾਂ ਤੇ ਆਪਣੇ ਜੀਵਨ ਦਾ ਖਾਤਮਾ ਕਰ ਦੇਵਾਂ। ਕਾਰਨ ਇਹ ਸੀ ਕਿ ਮੇਰੇ ਤੋਂ ਇਹ ਦੁੱਖ ਝੱਲਿਆ ਨਹੀਂ ਸੀ ਜਾਣਾ, ਬੜੀਆਂ ਰੀਝਾਂ ਨਾਲ ਬੱਚਾ ਪਾਲਿਆ ਸੀ। ਪਤਾ ਨਹੀਂ ਉਹ ਕਿਹੜਾ ਕਾਰਨ ਹੋਇਆ ਕਿ ਉਸ ਨੇ ਆਪਣੇ ਜੀਵਨ ਦਾ ਅੰਤ ਕਰ ਲਿਆ। ਮੈਂ ਅਜੇ ਇਨ੍ਹਾਂ ਉਧੇੜ ਬੁਣ ਦੇ ਖਿਆਲ ਵਿਚ ਹੀ ਸੀ ਕਿ 'ਆਤਮ ਮਾਰਗ' ਡਾਕ ਵਿਚ ਆ ਗਿਆ, ਮੈਂ ਉਠ ਕੇ ਚੁਕਿਆ ਵਿਚਾਲਿਓਂ ਖੋਲ੍ਹਿਆ ਤਾਂ ਉਸ ਵਿਚ ਰਾਜਕੁਮਾਰੀ ਭਾਈ ਤਿਲੋਕੇ ਨੂੰ ਕਹਿ ਰਹੀ ਸੀ ਕਿ ਮੈਂ ਤੇਰੇ ਇਸ ਸੰਸਾਰ ਤੋਂ ਜਾਣ ਪਿਛੋਂ ਜਿਉਂਦੀ ਨਹੀਂ ਰਹਿਣਾ, ਮੈਂ ਉਹੀ ਤੀਰ ਆਪਣੇ ਸੀਨੇ ਵਿਚ ਮਾਰ ਕੇ ਮਰ ਜਾਵਾਂਗੀ, ਜਿਸ ਨੇ ਤੈਨੂੰ ਐਨੀ ਤਕਲੀਫ ਦਿਤੀ ਹੈ। ਉਸ ਵੇਲੇ ਭਾਈ ਤਿਲੋਕਾ ਜੀ ਉਸ ਨੂੰ ਸਮਝਾ ਰਹੇ ਸਨ ਕਿ ਬੀਬਾ! ਖੁਦਕਸ਼ੀ ਕਰਕੇ ਮਿਲਾਪ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਦੇ ਉਸ ਵਿਚ ਬਹੁਤ ਸਾਰੇ ਬਚਨ ਲਿਖੇ ਹੋਣ ਕਰਕੇ ਮੇਰੇ ਅੰਦਰ ਰੋਸ਼ਨੀ ਆ ਗਈ ਅਤੇ ਮੁੜ ਕੇ ਜੀਵਨ ਜਿਉਣ ਦਾ ਉਤਸ਼ਾਹ ਪੈਦਾ ਹੋ ਗਿਆ। ਕਹਿਣ ਲੱਗੀ ਪਿਤਾ ਜੀ! ਮੇਰਾ ਜੀਵਨ 'ਆਤਮ ਮਾਰਗ' ਨੇ ਬਚਾ ਲਿਆ, ਮੇਰੇ ਨਾਲ ਬਹੁਤ ਸਾਰੇ ਪ੍ਰੇਮੀ ਸਨ, ਜੋ ਇਹ ਬਚਨ ਸੁਣ ਕੇ ਹੈਰਾਨ ਹੋਏ।

ਬੀਬੀ ਨੇ ਸਹਿਜ ਨਾਲ ਹੀ ਪੁਛਿਆ ਕਿ ਬਾਬਾ ਜੀ ਜੀਵ ਸਰੀਰ ਛੱਡ ਕੇ ਚਲਿਆ ਕਿਥੇ ਜਾਂਦਾ ਹੈ? ਮੈਂ ਕਿਹਾ, "ਬੇਟਾ! ਇਹ ਪ੍ਰਸ਼ਨ ਬਹੁਤ ਲੰਮਾ ਹੈ, ਪਰ ਸੰਖੇਪ ਵਿਚ ਮੈਂ ਤੈਨੂੰ ਦਸਦਾ ਹਾਂ ਕਿ ਗੁਰੂ ਮਹਾਰਾਜ ਦੀ ਬਾਣੀ ਵਿਚ ਵੀ ਇਹ ਪ੍ਰਸ਼ਨ ਆਉਂਦਾ ਹੈ –

***ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥***
***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥***
***ਪੰਨਾ – 1193***

ਉਂਝ ਗੁਰੂ ਮਹਾਰਾਜ ਜੀ ਨੇ ਕਈ ਥਾਂ ਸਪਸ਼ਟ ਕਰਕੇ ਦਸਿਆ ਹੈ ਕਿ ਸੰਸਾਰ ਵਿਚ ਜੋ ਜੀਵ ਆਉਂਦੇ ਹਨ ਉਨ੍ਹਾਂ ਦੀ ਗਤੀ ਸੰਸਾਰ ਵਿਚ ਕੀਤੇ ਹੋਏ ਚੰਗੇ ਮੰਦੇ ਕੰਮਾਂ ਦੇ ਮੁਤਾਬਿਕ ਹੋਇਆ ਕਰਦੀ ਹੈ, ਜਿਨ੍ਹਾਂ ਨੂੰ ਅਸੀਂ ਕਰਮ ਆਖਦੇ ਹਾਂ। ਜ਼ਿੰਦਗੀ ਭਰ ਅਸੀਂ ਜੀਵਨ ਜੀਉਣ ਲਈ ਘੋਲ ਕਰਦੇ ਹਾਂ, ਸਾਡੇ ਅੰਦਰ ਕਈ ਕਿਸਮ ਦੇ ਸੰਸਕਾਰ ਪੱਕ ਜਾਂਦੇ ਹਨ, ਅੰਤ ਦੇ ਸਮੇਂ ਜੋ ਸੰਸਕਾਰ ਸਾਡੇ ਅੰਦਰ ਗਹਿਰਾ ਹੈ ਉਸ ਬਾਰੇ ਸਾਨੂੰ ਖਿਆਲ ਆ ਜਾਂਦਾ ਹੈ, ਉਸ ਦੇ ਮੁਤਾਬਿਕ ਹੀ ਗਤੀ



Sri Satguru Jagjit Singh Ji eLibrary NamdhariElibrary@gmail.com

ਮਿਲਦੀ ਹੈ। ਜੇ ਅੰਤ ਸਮੇਂ ਮਕਾਨ ਵਿਚ ਧਿਆਨ ਰਹਿ ਗਿਆ ਤਾਂ ਪ੍ਰੇਤ ਬਣ ਜਾਈਦਾ ਹੈ। ਜੇ ਪੈਸਾ ਧਿਆਨ ਵਿਚ ਰਹਿ ਜਾਵੇ ਤਾਂ ਸੱਪ ਬਣ ਜਾਂਦਾ ਹੈ, ਇਸ ਤਰ੍ਹਾਂ ਜਿਹੋ ਜਿਹਾ ਅੰਤ ਵਿਚ ਧਿਆਨ ਰਹੇ ਓਹੋ ਜਿਹੀ ਗਤੀ ਪ੍ਰਾਪਤ ਹੋਇਆ ਕਰਦੀ ਹੈ। ਸੰਖੇਪ ਵਿਚ ਮੈਂ ਦਸਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਜਦੋਂ ਦੱਖਣ ਵਿਚ ਜਾ ਕੇ ਬੰਦੇ ਬਹਾਦਰ ਨੂੰ ਮਿਲਦੇ ਹਨ ਤਾਂ ਬੰਦਾ ਬਹਾਦਰ ਗੁਰੂ ਮਹਾਰਾਜ ਜੀ ਦੇ ਉਚ ਪਾਏ ਦੇ ਜੀਵਨ ਅਤੇ ਫਲਸਫੇ ਨੂੰ ਅਨੁਭਵ ਕਰਕੇ ਸੇਵਕ ਬਣ ਗਿਆ। ਗੁਰੂ ਮਹਾਰਾਜ ਨੇ ਉਸ ਨੂੰ ਪੁਛਿਆ, "ਮਾਧੋਦਾਸ! ਤੇਰਾ ਗੁਰੂ ਕੌਣ ਸੀ ਅਤੇ ਹੁਣ ਕਿਥੇ ਹੈ?" ਬੰਦਾ ਬਹਾਦਰ ਜਿਸ ਦਾ ਨਾਮ ਉਸ ਸਮੇਂ ਮਾਧੋਦਾਸ ਸੀ, ਨੇ ਦਸਿਆ ਕਿ ਮੇਰੇ ਗੁਰੂ ਤਾਂ ਬ੍ਰਹਮਲੀਨ ਹੋ ਚੁਕੇ ਹਨ ਉਹ ਬਹੁਤ ਕਰਨੀ ਕਮਾਈ ਵਾਲੇ ਸਨ, ਕਿਉਂਕਿ ਸੁਪਨੇ ਵਿਚ ਵੀ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ। ਰਿਧੀਆਂ ਸਿਧੀਆਂ ਉਨ੍ਹਾਂ ਦੇ ਪਿਛੇ ਮਾਇਆ ਦੇ ਪਰਛਾਵੇਂ ਵਾਂਗੂੰ ਲੱਗੀਆਂ ਰਹਿੰਦੀਆਂ ਸਨ। ਉਹ ਬਹੁਤ ਮਹਾਨ ਸਨ, ਸਰੀਰ ਛੱਡਣ ਤੋਂ ਬਾਅਦ ਉਹ ਬ੍ਰਹਮਲੀਨ ਹੋ ਚੁੱਕੇ ਹੋਣਗੇ। ਉਸ ਵੇਲੇ ਗੁਰੂ ਮਹਾਰਾਜ ਜੀ ਸੁਣ ਕੇ ਮੁਸਕਰਾਏ ਅਤੇ ਕਹਿਣ ਲੱਗੇ ਠੀਕ ਹੈ ਮਾਧੋਦਾਸ! ਉਹ ਦ੍ਰਿਸ਼ਟੀ ਹੋਰ ਹੈ ਜਿਹੜੀ ਰੂਹਾਂ ਨੂੰ ਦੇਖ ਲੈਂਦੀ ਹੈ। ਉਸ ਨੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਕਿਹਾ ਕਿ ਜੇ ਤੁਹਾਨੂੰ ਪਤਾ ਹੈ ਤਾਂ ਕ੍ਰਿਪਾ ਕਰਕੇ ਮੈਨੂੰ ਦੱਸੋ ਤੇ ਮੇਰੇ ਗੁਰੂ ਜੀ ਦੇ ਦਰਸ਼ਨ ਵੀ ਕਰਾਓ। ਮਹਾਰਾਜ ਜੀ ਪਲੰਘ ਤੇ ਬਿਰਾਜਮਾਨ ਸਨ, ਕਹਿਣ ਲੱਗੇ ਮਾਧੋਦਾਸ! ਇਹ ਬਿੱਲ ਦਾ ਦਰਖਤ ਹੈ ਇਹਦੇ ਉਤੇ ਦੇਖ, ਜੋ ਸਭ ਤੋਂ ਉਚਾ ਬਿਲ ਹੈ ਉਸ ਨੂੰ ਤੋੜ ਕੇ ਸਾਡੇ ਪਾਸ ਲਿਆ, ਹੁਕਮ ਦੀ ਤਾਮੀਲ ਹੋ ਗਈ। ਇਕ ਸੇਵਕ ਨੇ ਉਹ ਬਿੱਲ ਤੋੜਿਆ ਗੁਰੂ ਮਹਾਰਾਜ ਜੀ ਨੇ ਕਿਹਾ, ਮਾਧੋਦਾਸ ਇਸ ਨੂੰ ਤੋੜ, ਤੋੜਨ ਉਪਰੰਤ ਕੀ ਦੇਖਦੇ ਹਨ ਕਿ ਉਹਦੇ ਵਿਚੋਂ ਇਕ ਵੱਡਾ ਕੀੜਾ ਫਲ ਖਾ ਰਿਹਾ ਹੈ। ਕਹਿਣ ਲੱਗੇ ਇਹ ਤੇਰਾ ਗੁਰੂ ਹੈ, ਹੈਰਾਨ ਹੋ ਗਿਆ, ਮੇਰੇ ਗੁਰੂ ਦੀ ਇਹ ਗਤੀ? ਪੁਛਣ ਲੱਗਿਆ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਤੂੰ ਇਸ ਤੋਂ ਹੀ ਪੁਛ ਲੈ। ਮਹਾਰਾਜ ਜੀ ਨੇ ਉਹ ਸ਼ਕਤੀ ਦੇ ਦਿਤੀ ਜਿਸ ਸ਼ਕਤੀ ਅਨੁਸਾਰ ਆਦਮੀ ਸਾਰੀ ਸ੍ਰਿਸ਼ਟੀ ਦੇ ਭਾਵਾਂ ਨੂੰ ਸਮਝ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਪਰਾ ਬਾਣੀ ਸਮਝਣ ਦੀ ਸ਼ਕਤੀ ਦੇ ਦਿਤੀ, ਉਸ ਨੇ ਸੁਣਿਆ ਕਿ ਉਸ ਦਾ ਗੁਰੂ ਕਹਿ ਰਿਹਾ ਹੈ ਮਾਧੋਦਾਸ! ਤੂੰ ਇਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਦੇ ਚਰਨ ਨਾ ਛੱਡੀ, ਇਹ ਤੇਰੀ ਕਲਿਆਨ ਵਾਸਤੇ ਹੀ ਆਏ ਹਨ। ਜਦੋਂ ਉਸ ਨੇ ਪੁਛਿਆ ਕਿ ਤੁਹਾਡੀ ਇਹ ਗਤੀ ਕਿਵੇਂ ਹੋ ਗਈ? ਤਾਂ ਉਸ ਨੇ ਕਿਹਾ ਕਿ ਜਦੋਂ ਮੈਂ ਸਰੀਰ ਛੱਡ ਰਿਹਾ ਸੀ ਤਾਂ ਮੇਰੀ ਸੁਰਤੀ ਪੱਕੇ ਹੋਏ ਬਿਲ ਦੇ ਵਿਚ ਚਲੀ ਗਈ ਅਤੇ ਫੁਰਨਾ ਹੋਇਆ ਕਿ ਮੈਂ ਬਿਲ ਨਹੀਂ ਖਾਧਾ, ਉਸ ਵੇਲੇ ਤੋਂ ਮੈਂ ਕੀੜਾ ਬਣ ਕੇ ਇਨ੍ਹਾਂ ਬਿਲਾਂ ਵਿਚ ਰਹਿ ਰਿਹਾ ਹਾਂ। ਹੁਣ ਤਾਂ ਗੁਰੂ ਮਹਾਰਾਜ ਨੇ ਮੇਰੀ ਕਲਿਆਣ ਕਰ ਦਿਤੀ।

ਇਕ ਵਾਰੀ ਜਹਾਂਗੀਰ ਸ਼ਿਕਾਰ ਖੇਲ੍ਹ ਰਿਹਾ ਸੀ, ਗੁਰੂ ਮਹਾਰਾਜ ਨਾਲ ਸਨ। ਫੌਜ ਨਾਲ ਹੈ, ਬਹੁਤ ਵੱਡਾ ਇਕੱਠ ਹੋਇਆ ਹੋਇਆ ਹੈ ਕਿਉਂਕਿ ਦਸਣ ਵਾਲਿਆਂ ਨੇ ਇਹ ਦਸਿਆ ਕਿ ਜੰਗਲ ਵਿਚ ਬਹੁਤ ਬਲੀ ਸ਼ੇਰ ਹੈ ਜੋ ਕਾਬੂ ਆਉਣ ਦੀ ਥਾਂ ਬੰਦੇ ਨੂੰ ਹੀ ਮਾਰ ਦਿੰਦਾ ਹੈ। ਜਦੋਂ ਜਹਾਂਗੀਰ ਨੇ ਉਹ ਸ਼ੇਰ ਵੇਖਿਆ ਤਾਂ ਹੁਕਮ ਕੀਤਾ ਇਸ ਉਪਰ ਇਕੱਠੇ ਵਾਰ ਕਰੋ, ਇਹ ਬਹੁਤ ਵੱਡਾ ਸ਼ੇਰ ਹੈ, ਇਹ ਇਕੱਲੇ ਆਦਮੀ ਦੇ ਮਾਰਨ ਦਾ ਨਹੀਂ। ਜਹਾਂਗੀਰ ਸਮੇਤ ਸਾਰੇ ਪਹਿਲਾਂ ਹੀ ਡਰੇ ਹੋਏ ਸਨ ਕਿਉਂਕਿ ਹਾਥੀ ਵੀ ਪਿਸ਼ਾਬ ਕਰ ਰਹੇ ਸਨ, ਘੋੜੇ ਵੀ ਲਿੱਦ ਕਰ ਰਹੇ ਸਨ, ਸ਼ਿਕਾਰੀ ਕੁੱਤੇ ਤਾਂ ਪਤਾ ਨਹੀਂ ਡਰ ਕੇ ਕਿੱਧਰ ਨੱਠ ਗਏ। ਜਦੋਂ ਉਸ ਨੇ ਬੇਬਸੀ ਪ੍ਰਗਟ ਕੀਤੀ ਤਾਂ ਗੁਰੂ ਮਹਾਰਾਜ ਜੀ ਢਾਲ ਤੇ ਤਲਵਾਰ ਲੈ ਕੇ ਅੱਗੇ ਵੱਧੇ, ਸ਼ੇਰ ਨੂੰ ਚੈਲਿੰਜ ਕੀਤਾ ਅਤੇ ਉਸ ਨੇ ਪੂਰੇ ਜ਼ੋਰ ਨਾਲ ਪਿਛੇ ਹਟ ਕੇ ਛਲਾਂਗ ਭਰੀ ਤੇ ਆਪਣੀ ਗਰਜ ਗੁੰਜਾਈ। ਗੁਰੂ ਮਹਾਰਾਜ ਜੀ ਨੇ ਉਸ ਦਾ ਵਾਰ ਅਤੇ ਉਸ ਦੇ ਪੰਜੇ ਢਾਲ ਤੇ ਰੋਕ ਕੇ ਉਸ ਦਾ ਲੱਕ ਕੱਟ ਦਿਤਾ। ਇਕ ਅਜੀਬ ਬਾਤ ਹੋਈ ਕਿ ਜਦੋਂ ਉਹ ਸ਼ੇਰ ਮਰਿਆ ਤਾਂ ਜਹਾਂਗੀਰ ਨੇ ਇਕ ਪ੍ਰਕਾਸ਼ ਦੇਖਿਆ ਜੋ ਉਸ ਸ਼ੇਰ ਵਿਚੋਂ ਨਿਕਲਿਆ ਸੀ, ਉਸ ਵੇਲੇ ਉਸ ਨੇ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਕਿ ਜਾਨਵਰ ਤਾਂ ਬਹੁਤ ਮਾਰੇ ਹਨ ਪਰ ਐਸ ਤਰ੍ਹਾਂ ਦਾ ਪ੍ਰਕਾਸ਼ ਨਹੀਂ ਕਦੇ ਦੇਖਿਆ। ਜਹਾਂਗੀਰ ਨੇ ਕਿਹਾ ਕਿ ਰੂਹ ਨੂੰ ਠਹਿਰਾ ਲਿਆ ਜਾਵੇ, ਉਸ ਰੂਹ ਤੋਂ ਪੁਛਿਆ ਤਾਂ ਉਸ ਨੇ ਦਸਿਆ ਕਿ ਮੈਂ ਤੇਰਾ ਚਾਚਾ ਹਾਂ। ਮੈਂ ਤੇਰੇ ਪਿਤਾ ਅਕਬਰ ਨਾਲ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਗਿਆ। ਉਥੇ ਅਸੂਲ ਸੀ ਕਿ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕੋ ਫੇਰ ਗੁਰੂ ਮਹਾਰਾਜ ਦੇ ਦਰਸ਼ਨ ਕਰੋ। ਮੇਰੇ ਭਰਾ ਅਕਬਰ ਨੇ ਸਾਧਾਰਣ ਬੰਦਿਆਂ ਵਾਂਗੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਉਸ ਉਪਰੰਤ ਉਹ ਗੁਰੂ ਮਹਾਰਾਜ ਕੋਲ ਜਦੋਂ ਗਿਆ ਤਾਂ ਉਹ ਸਿਜਦਾ ਕਰਕੇ ਬੈਠ ਰਿਹਾ ਸੀ ਉਸ ਵੇਲੇ ਮੇਰੇ ਮਨ ਵਿਚ ਤਰਕ ਆ ਗਈ ਕਿ ਮੇਰੇ ਭਰਾ ਨੂੰ ਪਤਾ ਨਹੀਂ ਕੀ ਹੋ ਗਿਆ ਹੈ, ਇਹ ਇਸਲਾਮ ਦਾ ਧਾਰਨੀ ਹੋ ਕੇ ਕਾਫਰਾਂ ਨੂੰ ਮੱਥੇ ਟੇਕਦਾ ਹੈ ਅਤੇ ਉਨ੍ਹਾਂ ਤੋਂ ਲੈ ਲੈ ਕੇ ਖਾ ਰਿਹਾ ਹੈ। ਜਦੋਂ ਮੈਂ ਘਰ ਗਿਆ ਤਾਂ ਰਾਤ ਨੂੰ ਖਾਣਾ ਖਾਣ ਵੇਲੇ ਐਸੀ ਘਟਨਾ ਵਾਪਰੀ ਕਿ ਇਕ ਛੋਟੀ ਹੱਡੀ ਮੇਰੀ ਸਾਹ ਦੀ ਨਾਲੀ ਵਿਚ ਚਲ ਗਈ ਤੇ ਮੇਰੀ ਮੌਤ ਹੋ ਗਈ ਤੇ ਮੈਨੂੰ ਸ਼ੇਰ ਦੀ ਜੂਨੀ ਮਿਲ ਗਈ। ਇਹ ਤਾਂ ਗੁਰੂ ਮਹਾਰਾਜ ਦੀ ਕ੍ਰਿਪਾ ਹੋ ਗਈ ਕਿ ਇਹ ਮੇਰੇ ਸਰੀਰ ਦਾ ਕੱਟਿਆ ਜਾਣਾ ਮੇਰੇ ਗੁਨਾਹਾਂ ਦੇ ਕੱਟੇ ਜਾਣ ਦੇ ਬਰਾਬਰ ਹੈ। ਮੇਰੇ ਸਾਰੇ ਗੁਨਾਹ ਕੱਟੇ ਗਏ। ਹੁਣ ਮੈਂ ਬਹਿਸ਼ਤ ਨੂੰ ਜਾ ਰਿਹਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਕਹਿ ਨਹੀਂ ਸਕਦਾ ਕਿ ਰੂਹ ਕਿਥੇ ਚਲੀ ਜਾਂਦੀ ਹੈ ਪਰ ਫੇਰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਐਸੇ ਵਾਕ ਆਉਂਦੇ ਹਨ, ਜਿਨ੍ਹਾਂ ਤੋਂ ਅਸੀਂ ਕੁਝ ਅਨੁਮਾਨ ਲਾ ਸਕਦੇ ਹਾਂ।

***ਜਿਸ ਕੈ ਅੰਤਰਿ ਰਾਜ ਅਭਿਮਾਨੁ ॥***
***ਸੋ ਨਰਕਪਾਤੀ ਹੋਵਤ ਸੁਆਨੁ ॥***
***ਜੋ ਜਾਨੈ ਮੈ ਜੋਬਨਵੰਤੁ ॥***
***ਸੋ ਹੋਵਤ ਬਿਸਟਾ ਕਾ ਜੰਤੁ ॥***
***ਆਪਸ ਕਉ ਕਰਮਵੰਤੁ ਕਹਾਵੈ ॥***
***ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥***
***ਧਨ ਭੂਮਿ ਕਾ ਜੋ ਕਰੈ ਗੁਮਾਨੁ ॥***
***ਸੋ ਮੂਰਖੁ ਅੰਧਾ ਅਗਿਆਨੁ ॥***
***ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥***
***ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ਪੰਨਾ - 278***

ਰਾਜ ਦਾ ਅਭਿਮਾਨ ਕਰਨ ਵਾਲਾ ਨਰਕਾਂ ਵਿਚ ਵਾਸਾ ਲਵੇਗਾ ਅਤੇ ਮੁੜ ਕੇ ਜਦੋਂ ਉਸ ਨੂੰ ਭੂਮੀ ਤੇ ਸਰੀਰ ਮਿਲੇਗਾ ਤਾਂ ਕੁੱਤੇ ਦਾ ਮਿਲੇਗਾ। ਇਸੇ ਤਰ੍ਹਾਂ ਸੰਤਾਂ ਦੀ ਨਿੰਦਿਆ ਕਰਨ ਵਾਲੇ ਕੁਤਿਆਂ ਦੇ ਸਿਰ ਵਿਚ ਜੋ ਕੀੜੇ ਪੈਂਦੇ ਹਨ, ਉਹ ਕੀੜੇ ਬਣ ਕੇ ਦੁਖ ਪਾਉਂਦੇ ਹਨ। ਤੀਸਰੇ ਉਹ ਜੋ ਭਜਨ ਬੰਦਗੀ ਪੁੰਨ ਦਾਨ ਕਰਦੇ ਹਨ ਅਤੇ ਉਨ੍ਹਾਂ ਦਾ ਬਦਲਾ ਚਾਹੁੰਦੇ ਹਨ ਉਹ ਸਵਰਗ ਲੋਕਾਂ ਵਿਚ ਚਲੇ ਜਾਂਦੇ ਹਨ ਅਤੇ ਕੁਛ ਸਮੇਂ ਬਾਅਦ ਸੁੱਖ ਭੋਗ ਕੇ ਜਦੋਂ ਧਰਤੀ ਤੇ ਆ ਕੇ ਉਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਮਨੁੱਖਾਂ ਦਾ ਜਾਂ ਹੋਰ ਜੋ ਸਰੀਰ ਮਿਲਣਾ ਹੁੰਦਾ ਹੈ ਉਸ ਸਰੀਰ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਬਚਨ ਕੀਤੇ ਜਿਸ ਨਾਲ ਉਸ ਪਰਿਵਾਰ ਨੂੰ ਸ਼ਾਂਤੀ ਆਈ। ਉਸ ਤੋਂ ਵਿਦਾ ਹੋ ਕੇ ਅਸੀਂ ਅੱਗੇ ਚਲੇ, ਭਾਈ ਗੁਰਦੀਪ ਸਿੰਘ ਰੰਧਾਵਾ ਜੀ ਦੇ ਘਰ ਪਹੁੰਚੇ, ਉਥੋਂ ਮਨਜੀਤ ਗਿੱਲ

178 HILLANDALE DR.
GLOOMINGDALE, ILL-60108, USA

ਦੇ ਘਰ ਗਏ। ਉਸ ਨੇ ਸਾਰੇ ਪ੍ਰੇਮੀਆਂ ਲਈ ਜਲ ਪਾਣੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਪਹਿਲਾਂ ਸਾਰਿਆਂ ਨੂੰ ਫਲ ਛਕਾਏ ਫੇਰ ਕੌਫੀ ਵਗੈਰਾ ਨਾਲ ਸੇਵਾ ਕੀਤੀ। ਇਹ ਮੇਰਾ ਵੱਡਾ ਲੜਕਾ ਹੈ, ਇਸ ਨੇ ਲੁਧਿਆਣਾ ਐਗਰੀਕਲਚਰ ਕਾਲਜ ਵਿਚੋਂ ਡਿਗਰੀ ਪ੍ਰਾਪਤ ਕਰਕੇ ਗੋਲਡ ਮੈਡਲ ਲਿਆ ਸੀ। ਫਿਰ ਇਸ ਨੇ ਬਾਕੀ ਦੀ ਪੜ੍ਹਾਈ, ਇੰਗਲੈਂਡ ਆਪਣੀ ਵੱਡੀ ਭੈਣ ਪਾਸ ਜਾ ਕੇ ਕੀਤੀ ਅਤੇ ਐਮ.ਏ. ਦੀ ਡਿਗਰੀ ਲੈ ਕੇ. ਯੂ.ਐਸ.ਏ ਵਿਚ ਪਹੁੰਚ ਗਿਆ ਸੀ। ਹੁਣ ਇਸ ਦਾ ਕੰਮ ਬਹੁਤ ਸੋਹਣਾ ਹੈ, ਬਹੁਤ ਵੱਡੀ ਕੰਪਨੀ ਵਿਚ ਇੰਜਨੀਅਰ ਦੀਆਂ ਡਿਊਟੀਆਂ ਨਿਭਾ ਰਿਹਾ ਹੈ। ਇਸ ਦੀ ਲੜਕੀ ਲੁਧਿਆਣਾ ਮੈਡੀਕਲ ਕਾਲਜ ਵਿਚ ਡਾਕਟਰੀ ਦਾ ਕੋਰਸ ਕਰ ਰਹੀ ਹੈ ਅਤੇ ਲੜਕਾ ਇਥੇ ਹੀ ਪੜ੍ਹ ਰਿਹਾ ਹੈ। ਲੜਕਾ ਬਹੁਤ ਸਾਊ, ਸਰੀਫ ਹੈ। ਮੈਨੂੰ ਲੈ ਕੇ ਉਪਰਲੇ ਕਮਰੇ ਵਿਚ ਚਲਿਆ ਗਿਆ। ਉਥੇ ਲਿਜਾ ਕੇ ਪਿਆਨੋ ਵਜਾਉਣਾ ਸ਼ੁਰੂ ਕਰ ਦਿਤਾ। ਉਮਰ ਵਿਚ ਅਜੇ ਛੋਟਾ ਹੀ ਹੈ, ਪਰ ਬਹੁਤ ਸੋਹਣੀਆਂ ਧੁਨਾਂ ਕੱਢ ਰਿਹਾ ਸੀ। ਮਨਜੀਤ ਨੂੰ ਮੈਂ ਕਿਹਾ ਕਿ ਇਸ ਬੱਚੇ ਨੂੰ ਪੜ੍ਹਾ ਲਿਖਾ ਲੈ ਪਰ ਇਸ ਦੇ ਖਿਆਲ ਮੇਰੇ ਵਰਗੇ ਹੀ ਹਨ, ਇਸ ਨੇ ਇਸ ਸੰਸਾਰ ਵਿਚ ਜ਼ਰੂਰ ਕੋਈ ਸੋਹਣਾ ਕੰਮ ਕਰਨਾ ਹੈ। ਅੱਧਾ ਘੰਟਾ ਉਸ ਥਾਂ ਠਹਿਰ ਕੇ ਸ੍ਰੀ ਰਸ਼ਪਾਲ ਮਲਹੋਤਰਾ ਜੋ ਇਸ ਦੇ ਪਹਿਲਾਂ ਤੋਂ ਹੀ ਵਾਕਫ ਸਨ, ਹਾਸੇ ਮਖੌਲ ਦੀਆਂ ਗੱਲਾਂ ਕਰਦੇ ਉਠੇ ਅਤੇ ਸਰਦਾਰ ਰਤਨ ਸਿੰਘ ਜੀ, ਬੀਬੀ ਜੋਗਿੰਦਰ ਕੌਰ ਦੇ ਘਰ ਚਰਨ ਪਾਉਣ ਅਸੀਂ ਚਲੇ ਗਏ। ਸਰਦਾਰ ਰਤਨ ਸਿੰਘ ਜੀ ਅਤੇ ਬੀਬੀ ਜੋਗਿੰਦਰ ਕੌਰ ਜੀ ਵਿਦੇਸ਼ ਵਿਚ ਰਹਿੰਦੇ ਹੋਏ ਵੀ ਧਾਰਮਕ ਅਸੂਲਾਂ ਨੂੰ ਨਿਭਾ ਰਹੇ ਹਨ। ਇਨ੍ਹਾਂ ਦਾ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪਿਆਰ ਹੈ, ਉਹ ਵੀ ਇਥੇ ਇਨ੍ਹਾਂ ਪਾਸ ਆ ਕੇ ਠਹਿਰ ਜਾਂਦੇ ਹਨ। ਮੇਰੇ ਨਾਲ ਵੀ ਇਹ ਪਿਆਰ ਪਹਿਲਾਂ ਤੋਂ ਹੀ ਕਰਦੇ ਸਨ। ਮੈਨੂੰ ਬੜੀ ਖੁਸ਼ੀ ਹੋਈ ਇਨ੍ਹਾਂ ਦੀ ਸ਼ਰਧਾ ਭਾਵਨਾ ਦੇਖ ਕੇ। ਉਸ ਪਿਛੋਂ ਅਸੀਂ ਅੱਗੇ ਚੱਲੇ ਤਾਂ ਰੂਪੀ ਸਿੱਧੂ ਜੋ ਮੇਰੀ ਛੋਟੀ ਲੜਕੀ ਹੈ ਉਸ ਦੇ ਘਰ –

ROOPY SIDHU
1906 SLAYTON LN
42 EN DALE HEIGHTS
ILL - 60139 USA

ਵਿਚ ਪਹੁੰਚੇ, ਉਸ ਦਾ ਪਤੀ ਸੁਖਜੀਤਸਿੱਧੂ ਇਲੈਕਟਰੋਨਿਕ ਦਾ ਆਪਣਾ ਹੀ Repair store ਚਲਾ ਰਿਹਾ ਹੈ। ਇਥੇ ਸਾਰੇ ਪ੍ਰੇਮੀਆਂ ਨੇ ਪ੍ਰਸ਼ਾਦੇ ਛਕੇ ਅਤੇ ਦੋ ਘੰਟੇ ਅਰਾਮ ਕੀਤਾ। ਰੂਪੀ ਦਾ ਲੜਕਾ ਅਰਜਨ ਸਿੱਧੂ ਬਹੁਤ ਹੀ ਹੋਣਹਾਰ ਲੜਕਾ ਹੈ। ਵੈਸੇ ਤਾਂ ਸਾਰੇ ਬੱਚੇ ਹੀ ਇਸ ਦੇ ਸਰੀਫ ਹਨ ਬਹੁਤ ਹੀ ਪਿਆਰ ਵਾਲੇ, ਨਿੱਘੇ ਸੁਭਾਅ ਵਾਲੇ ਹਨ ਪਰ ਇਸ ਬੱਚੇ ਨੂੰ ਮੈਂ ਵਿਸ਼ੇਸ਼ ਕਰਕੇ ਦੇਖਿਆ, ਛੋਟੀ ਉਮਰ ਦਾ ਹੈ ਪਰ ਸੇਵਾ ਭਾਵ ਇਸ ਵਿਚ ਬਹੁਤ ਹੈ। ਸੰਗਤ ਨੇ ਪ੍ਰਸ਼ਾਦੇ ਛਕੇ ਇਹ ਉਨ੍ਹਾਂ ਦੀਆਂ ਪਲੇਟਾਂ ਚੁੱਕ ਚੁੱਕ ਕੇ garbage bag ਵਿਚ ਆਪ ਸੁੱਟ ਰਿਹਾ ਸੀ। ਕਦੇ ਟਿਸ਼ੂ ਵੰਡ ਰਿਹਾ ਸੀ। ਰਾਤ ਦਾ ਪ੍ਰੋਗਰਾਮ ਮੇਰਾ ਦੀਵਾਨ ਗੁਰਦੁਆਰੇ ਵਿਚ ਹੋਇਆ। ਉਥੇ ਵੀ ਮੈਂ ਦੇਖਿਆ ਕਿ ਇਹ ਦੇਗ ਵੰਡਣ ਤੋਂ ਪਹਿਲਾਂ ਸਾਰੀ ਸੰਗਤ ਨੂੰ ਟਿਸ਼ੂ ਦੇ ਰਿਹਾ ਸੀ। ਕਿਸੇ ਕਿਸਮ ਦਾ ਝਾਕਾ ਇਸ ਦੇ ਅੰਦਰ ਨਹੀਂ ਸੀ। ਇਹ ਬੜੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਸੀ। ਫੇਰ ਮੈਂ ਲੈਕਚਰ ਕਰਦਾ ਰਿਹਾ, ਇਹ ਸੰਗਤ ਵਿਚ ਬੈਠਾ ਰਿਹਾ ਜਦੋਂ ਮੇਰਾ ਲੈਕਚਰ ਖਤਮ ਹੋਇਆ, ਮੇਰੇ ਬਰਾਬਰ ਆ ਕੇ ਬੈਠ ਗਿਆ। ਮੈਨੂੰ ਇਸ ਬੱਚੇ ਨੂੰ ਦੇਖ ਕੇ ਬੜੀ ਖੁਸ਼ੀ ਹੋਈ। ਮਿਲਵਾਕੀ ਦੇ ਗੁਰਦੁਆਰੇ ਵਿਚ ਵੀ ਮੈਂ ਇਸ ਨੂੰ ਦੇਖਿਆ ਕਿ ਇਸ ਵਿਚ ਸਵੈ ਸੰਜਮ ਅਤੇ ਸੇਵਾ ਭਾਵ ਹੈ, ਬੱਚਿਆਂ ਵਾਂਗੂੰ ਤਾਂ ਇਹ ਲਗਦਾ ਹੀ ਨਹੀਂ, ਸਿਆਣਿਆ ਵਾਂਗੂੰ ਕੰਮ ਕਰਦਾ ਹੈ।

**ਅਮਰੀਕਾ ਵਿਖੇ ਸ. ਦਰਸ਼ਨ ਸਿੰਘ ਧਾਲੀਵਾਲ ਦੇ ਗ੍ਰਹਿ ਪਾਰਕ ਵਿਚ ਬਾਬਾ ਜੀ ਆਪਣੇ ਅਨੰਦ ਵਿਚ ਬੈਠੇ ਹਨ।**

ਸੋ ਸ਼ਿਕਾਗੋ ਦੀ ਲਿਸਟ ਬੜੀ ਲੰਮੀ ਸੀ। ਅਸੀਂ ਬੀਬੀ ਰਸ਼ਪਾਲ ਕੌਰ ਦੇ ਘਰ ਗਏ। ਉਸ ਦੇ ਭਰਾ ਸਰਦਾਰ ਹਰਿੰਦਰ ਸਿੰਘ ਹੰਸਪਾਲ ਪਾਰਲੀਮੈਂਟ ਦੇ ਮੈਂਬਰ ਹਨ। ਉਹ ਬੀਬੀ ਬੜੀ ਸੇਵਾ ਭਾਵ ਵਾਲੀ ਹੈ। ਪਹਿਲਾਂ ਵੀ ਮੈਂ ਉਸ ਦੇ ਘਰ ਰੂਹਾਨੀ


Sri Satguru Jagjit Singh Ji eLibrary NamdhariElibrary@gmail.com

ਬਚਨ ਕਰ ਆਇਆ ਸੀ।

ਫੇਰ ਅਸੀਂ ਭਾਨ ਸਿੰਘ ਭੱਠਲ ਦੇ ਘਰ ਚਰਨ ਪਾਏ ਅਤੇ ਥੋੜ੍ਹਾ ਆਰਾਮ ਕੀਤਾ, ਉਸ ਉਪਰੰਤ ਗੁਰੂਦੁਆਰਾ ਦੀਵਾਨ ਵਿਚ ਦੋ ਘੰਟੇ ਲਈ ਬਚਨ ਕੀਤੇ, ਸੰਗਤ ਬਹੁਤ ਆਈ ਹੋਈ ਸੀ। ਬਹੁਤ ਹੀ ਧਿਆਨ ਨਾਲ ਇਕਾਗਰ ਚਿੱਤ ਹੋ ਕੇ ਉਨ੍ਹਾਂ ਨੇ ਬਚਨ ਸੁਣੇ ਉਸ ਪਿਛੋਂ ਅਸੀਂ ਮਿਸਿਜ਼ ਭੱਠਲ ਦੇ ਘਰ ਪਹੁੰਚ ਗਏ ਅਤੇ ਸਾਰਿਆਂ ਨੇ ਰਾਤ ਦਾ ਭੋਜਨ ਉਥੇ ਛਕਿਆ। ਦੂਸਰੇ ਦਿਨ ਸਾਡੀ ਦਸ ਵਜੇ Detroit ਲਈ ਫਲਾਈਟ ਬੁੱਕ ਸੀ, ਸ਼ਿਕਾਗੋ ਤੋਂ ਚਲ ਕੇ ਅਸੀਂ 24-3-98 ਨੂੰ Detroit ਪਹੁੰਚ ਗਏ। ਉਥੇ ਬੀਬੀ ਹਰਿੰਦਰ ਕੌਰ ਸਾਨੂੰ receive ਕਰਨ ਲਈ ਹੋਰ ਸਤਿਸੰਗੀਆਂ ਸਮੇਤ ਆਈ ਹੋਈ ਸੀ। ਅਸੀਂ ਉਸ ਦੀ ਵੱਡੀ ਗੱਡੀ ਵਿਚ ਬੈਠ ਗਏ। ਉਸ ਦੀ ਰਿਸ਼ਤੇਦਾਰੀ ਧਮੋਟ ਵਿਚ ਹੋਣ ਕਰਕੇ ਉਨ੍ਹਾਂ ਨੂੰ ਧਮੋਟ ਵਾਲੇ ਸਤਿਸੰਗਾਂ ਵਿਚ ਆਮ ਹੀ ਦੇਖੀਦਾ ਹੈ। ਬੀਬੀ ਨਾਲ ਗੱਲਬਾਤ ਕਰਕੇ ਸਾਰੇ ਹੱਸ ਰਹੇ ਸਨ ਕਿ ਐਡੀ ਵੱਡੀ ਗੱਡੀ ਤੂੰ ਚਲਾ ਰਹੀਂ ਹੈਂ, ਸੰਭਾਲ ਕੇ ਚਲਾਈਂ। ਇਸ ਤਰ੍ਹਾਂ ਉਸ ਦੇ ਘਰ ਪਹੁੰਚ ਕੇ ਸਭ ਨੇ ਪ੍ਰਸ਼ਾਦ ਛਕਿਆ। ਮੈਂ ਉਥੇ ਆਈ ਸਾਰੀ ਸੰਗਤ ਨਾਲ ਬਚਨ ਕੀਤੇ। ਉਸ ਪਿਛੋਂ ਆਰਾਮ ਕੀਤਾ। ਰਾਤ ਨੂੰ ਗੁਰਦੁਆਰਾ ਸਾਹਿਬ ਜਾ ਕੇ ਦੋ ਘੰਟੇ ਦਾ ਲੈਕਚਰ ਦਿਤਾ। ਇਹ ਗੁਰਦੁਆਰਾ ਸਾਹਿਬ ਵੀ ਨਵਾਂ ਹੀ ਸਥਾਪਤ ਹੋਇਆ ਸੀ। ਸ਼ਹਿਰ ਵਿਚ ਹੋਰ ਗੁਰਦੁਆਰੇ ਵੀ ਸਨ। ਸੰਗਤਾਂ ਨੂੰ ਮੈਂ ਹਰਿੰਦਰ ਕੌਰ ਦੇ ਘਰ ਦੋ ਵਜੇ ਰਾਤ ਤਕ ਮਿਲਦਾ ਰਿਹਾ। ਇਥੇ ਹੀ ਮੈਨੂੰ ਦੋ ਬੀਬੀਆਂ ਦੇ ਟੈਲੀਫੋਨ ਆਏ, ਉਨ੍ਹਾਂ ਨੇ ਕਿਹਾ ਕਿ ਅਸੀਂ ਟਰਾਂਟੋ ਤੋਂ ਚੱਲੀਆਂ ਹੋਈਆਂ ਹਾਂ ਦੋਵੇਂ ਅੱਡੋ ਅੱਡ ਕਾਰਾਂ ਵਿਚ ਵਖਰੇ ਵੱਖਰੇ ਸਮੇਂ ਚਲੀਆਂ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਅਸੀਂ Detroit ਪਹੁੰਚ ਗਈਆਂ, ਪਰ ਘਰ ਨਹੀਂ ਲੱਭ ਰਿਹਾ। ਉਸ ਵੇਲੇ ਉਨ੍ਹਾਂ ਨੂੰ ਰਸਤੇ ਦੀਆਂ ਹਦਾਇਤਾਂ ਦਿਤੀਆਂ ਅਤੇ ਦੋਵੇਂ ਹੀ ਪਹੁੰਚ ਗਈਆਂ। ਉਨ੍ਹਾਂ ਨੂੰ ਮਿਲਣ ਵਾਸਤੇ ਮੈਂ ਅਜ ਆਰਾਮ ਨਹੀਂ ਸੀ ਕੀਤਾ। ਰਾਤ ਦੇ ਇਕ ਵਜੇ ਉਨ੍ਹਾਂ ਨਾਲ ਬਚਨ ਕੀਤੇ। ਉਨ੍ਹਾਂ ਵਿਚ ਇਕ ਬੀਬੀ ਕਮਲ ਸੀ ਜੋ ਦਿੱਲੀ ਏਅਰਪੋਰਟ ਤੇ ਅਸਾਨੂੰ ਜਹਾਜ਼ ਵਿਚ ਬਿਠਾਇਆ ਕਰਦੀ ਸੀ ਅਤੇ ਜਦੋਂ ਅਸੀਂ ਵਾਪਸ ਆਇਆ ਕਰਦੇ ਸਾਂ ਤਾਂ ਸਾਨੂੰ ਜਹਾਜ਼ ਵਿਚ ਹੀ ਲੈਣ ਆ ਜਾਇਆ ਕਰਦੀ ਹੈ। ਉਹ ਇੰਗਲੈਂਡ ਵਿਆਹੀ ਗਈ ਸੀ ਉਥੋਂ ਉਹ ਕੈਨੇਡਾ ਪਹੁੰਚ ਕੇ ਟਰਾਂਟੋ ਵਿਚ ਰਹਿ ਰਹੇ ਸਨ।

25-3-98 ਨੂੰ ਅਸੀਂ ਸਵੇਰੇ ਹੀ ਮਿਲਵਾਕੀ ਲਈ ਫਲਾਈਟ ਲਈ। ਉਥੇ ਅਸਾਨੂੰ ਲੈਣ ਲਈ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਅਤੇ ਉਸ ਦੇ ਸਾਥੀ ਪੁਜੇ ਹੋਏ ਸਨ, ਏਅਰਪੋਰਟ ਤੋਂ ਅਸੀਂ ਸਿੱਧੇ ਹੀ ਉਨ੍ਹਾਂ ਦੇ ਘਰ ਗਏ, ਉਥੇ ਉਨ੍ਹਾਂ ਨੇ ਬਹੁਤ ਸਾਰੇ ਪ੍ਰੇਮੀ ਬੁਲਾਏ ਹੋਏ ਸਨ, ਜਿਨ੍ਹਾਂ ਦੀ ਗੱਲਬਾਤ ਤੋਂ ਸਾਨੂੰ ਪਤਾ ਲੱਗਿਆ ਸੀ ਕਿ ਉਹ ਬਹੁਤ ਸਿਆਣੇ ਪੁਰਸ਼ ਹਨ। ਸਰਦਾਰ ਦਰਸ਼ਨ ਸਿੰਘ ਨੂੰ 1997 ਵਿਚ ਅਕਤੂਬਰ ਦੇ ਮਹੀਨੇ ਰਤਵਾੜਾ ਸਾਹਿਬ ਵਿਚ ਹੋਏ ਸਮਾਗਮ ਵਿਚ ਸਨਮਾਨਤ ਕੀਤਾ ਸੀ ਕਿਉਂਕਿ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਬਹੁਤ ਹੀ ਸੂਝ ਵਾਲਾ ਪੰਜਾਬੀ ਬੱਚਾ ਹੈ। ਇਸ ਨੇ ਅਮਰੀਕਾ ਵਿਚ ਜਾ ਕੇ ਆਪਣੀ ਮਿਹਨਤ ਨਾਲ ਆਪਣਾ ਨਾਮ ਕਮਾਇਆ ਅਤੇ ਅਮਰੀਕਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਦੇਸ਼ ਦੀ ਆਨ ਸ਼ਾਨ ਨੂੰ ਵਧਾ ਰਿਹਾ ਹੈ। ਰਾਤ ਨੂੰ ਗੁਰਦੁਆਰਾ ਮਿਲਵਾਕੀ ਵਿਚ ਦੀਵਾਨ ਲੱਗਿਆ, ਉਥੇ ਮਿਲਵਾਕੀ ਵਾਲਿਆਂ ਦੀ ਸੰਗਤ ਤਾਂ ਬਹੁਤ ਥੋੜ੍ਹੀ ਸੀ, ਹੋ ਸਕਦਾ ਹੈ ਉਨ੍ਹਾਂ ਦੀ ਅਬਾਦੀ ਘੱਟ ਹੀ ਹੋਵੇ, ਪਰ ਸ਼ਿਕਾਗੋ ਤੋਂ ਕਾਫੀ ਸੰਗਤ ਉਥੇ ਪਹੁੰਚੀ ਹੋਈ ਸੀ। ਇਥੇ ਹੀ ਮੈਂ ਇਕ ਹੋਰ ਗੱਲ ਦਸਣੀ ਚਾਹੁੰਦਾ ਹਾਂ ਕਿ ਸ਼ਿਕਾਗੋ ਵਿਚ ਭਾਈ ਸਾਹਿਬ ਮਹਿੰਦਰ ਸਿੰਘ ਜੀ ਬਹੁਤ ਹੀ ਸੂਝ ਵਾਲੇ ਵਿਦਵਾਨ ਪੁਰਸ਼ ਪੈਰਾਟੀਨ ਦੇ ਗੁਰਦੁਆਰਾ ਸਾਹਿਬ ਵਿਚ ਪਿਛਲੇ 15-16 ਸਾਲ ਤੋਂ ਸੇਵਾ ਕਰ ਰਹੇ ਹਨ। ਉਨ੍ਹਾਂ ਦੀ ਸ਼ਿਕਾਗੋ ਵਿਚ ਬਹੁਤ ਮਾਨਤਾ ਹੈ ਆਮ ਤੌਰ ਉਪਰ ਦੇਖਿਆ ਗਿਆ ਕਿ ਉਹ ਉਨ੍ਹਾਂ ਪ੍ਰਚਾਰਕਾਂ ਨੂੰ ਸੇਧ ਦੇ ਦਿੰਦੇ ਹਨ ਜਿਹੜੇ ਗੁਰਮਤਿ ਸਿਧਾਂਤਾਂ ਤੋਂ ਵਿਪਰੀਤ ਬਚਨ ਕਰਦੇ ਹੋਣ। ਇਨ੍ਹਾਂ ਨੂੰ ਸ਼ਿਕਾਗੋ ਦੇ ਪ੍ਰੇਮੀ ਬਹੁਤ ਪਿਆਰ ਕਰਦੇ ਹਨ। ਰਹਿਣਾ ਸਹਿਣਾ ਇਨ੍ਹਾਂ ਦਾ ਬਹੁਤ ਸਾਦਾ ਹੈ। ਗੁਰਮੁਖਾ ਵਰਗਾ ਜੀਵਨ ਹੈ ਅਤੇ ਇਨ੍ਹਾਂ ਨੇ ਸ਼ਿਕਾਗੋ ਵੀ ਸਤਿਸੰਗ ਸੁਣਿਆ ਅਤੇ 90 ਮੀਲ ਦੂਰ ਮਿਲਵਾਕੀ ਵੀ ਇਹ ਸੰਗਤ ਵਿਚ ਸ਼ਸ਼ੋਭਤ ਸਨ। ਮੈਂ ਇਨ੍ਹਾਂ ਨੂੰ 12-13 ਸਾਲ ਤੋਂ ਜਾਣਦਾ ਸੀ ਪਰ ਹੁਣ ਸਮਾਂ ਲੰਘਣ ਕਰਕੇ ਸਰੀਰ ਵਿਚ ਬੁਢਾਪੇ ਦੀਆਂ ਨਿਸ਼ਾਨੀਆਂ ਆ ਚੁਕੀਆਂ ਸਨ, ਪਰ ਮੈਨੂੰ ਪਛਾਨਣ ਵਿਚ ਦੇਰ ਨਾ ਲੱਗੀ, ਕਿਉਂਕਿ ਇਹ ਪੂਰੇ ਇਕਾਗਰ ਚਿੱਤ ਹੋ ਕੇ ਸਤਿਸੰਗ ਸੁਣ ਰਹੇ ਸਨ। ਇਕ-ਇਕ ਅੱਖਰ ਪੂਰੇ ਧਿਆਨ ਦੇ ਕੇ ਸੁਣ ਰਹੇ ਸਨ। ਸਤਿਸੰਗ ਉਪਰੰਤ ਇਨ੍ਹਾਂ ਨੇ ਉਠ ਕੇ ਮੈਨੂੰ ਜੱਫੀ ਪਾਈ ਅਤੇ ਕੁਝ ਪ੍ਰਸੰਸਕ ਸ਼ਬਦ ਆਪਣੀ ਭਾਵਨਾ ਦੇ ਇਨ੍ਹਾਂ ਨੇ ਪ੍ਰਗਟ ਕੀਤੇ। ਪਿਛੋਂ ਮੈਨੂੰ ਦਸਿਆ ਕਿ ਇਹ ਆਮ ਪ੍ਰਚਾਰਕਾਂ, ਸੰਤਾਂ ਤੇ ਟੀਕਾ ਟਿਪਣੀ ਕਰ ਦਿੰਦੇ ਹਨ ਪਰ ਤੁਹਾਡੇ ਬਚਨ ਤਾਂ ਬਹੁਤ ਹੀ ਪ੍ਰੇਮ ਨਾਲ ਸੁਣਦੇ ਰਹੇ। ਸਰਦਾਰ ਦਰਸ਼ਨ ਸਿੰਘ ਧਾਲੀਵਾਲ ਇਨ੍ਹਾਂ ਇਲਾਕਿਆਂ ਵਿਚ ਮੰਨੇ ਪ੍ਰਮੰਨੇ ਬਿਜਨਸਮੈਨ ਹਨ ਆਮ ਤੌਰ ਤੇ ਇਨ੍ਹਾਂ ਦੇ 400 ਤੋਂ ਵੱਧ ਪੈਟਰੋਲ ਪੰਪ ਲੱਗੇ ਹੋਏ ਹਨ ਅਤੇ ਕਈ Refinaries (ਤੇਲ ਸਾਫ ਕਰਨ ਦੇ ਕਾਰਖਾਨੇ) ਲਾਏ ਹੋਏ, ਮਾਇਆ ਦੀ ਕੋਈ ਘਾਟ ਨਹੀਂ ਹੈ। ਵਾਹਿਗੁਰੂ ਜੀ ਨੇ ਸੁਭਾਅ ਇਨ੍ਹਾਂ ਨੂੰ ਬਹੁਤ ਮਿੱਠਾ ਦਿਤਾ ਹੋਇਆ ਹੈ, ਆਪਣੀ ਮਾਤਾ ਪਿਤਾ ਭੈਣਾਂ ਨੂੰ ਉਚਾ ਚੁਕਣ ਦੀ ਇਨ੍ਹਾਂ ਵਿਚ ਬਹੁਤ ਹੀ ਲਾਲਸਾ ਹੈ। ਪਿਤਾ ਦਾ ਬਹੁਤ ਹੀ ਆਦਰ ਕਰਿਆ ਕਰਦੇ ਸਨ। ਜਦੋਂ ਇਹ ਆਪਣੇ ਪਿੰਡ ਪਟਿਆਲੇ ਨੇੜੇ ਰਖੜੇ ਆਉਂਦੇ ਹਨ, ਉਥੇ ਸਮਾਗਮ ਕਰਾਉਂਦੇ ਹਨ, ਤਾਂ ਮੈਨੂੰ ਵੀ ਬਲੁਲਾਇਆ ਕਰਦੇ ਹਨ। ਉਥੇ ਹੀ ਮੈਨੂੰ ਸਰਦਾਰ ਗੁਰਚਰਨ ਸਿੰਘ ਟੋਹੜਾ ਜੀ ਦੇ ਦਰਸ਼ਨ ਹੋਇਆ ਕਰਦੇ ਹਨ। ਇਨ੍ਹਾਂ ਨੇ ਆਪਣੇ ਘਰ ਤੋਂ ਦੂਰ ਇਕ ਛੋਟੇ ਜਿਹੇ ਜੰਗਲ ਵਿਚ Guest House ਬਣਾਇਆ ਹੋਇਆ ਹੈ ਜਿਸ ਵਿਚ ਬਹੁਤ ਸਾਰੇ ਪ੍ਰੇਮੀ ਠਹਿਰ ਸਕਦੇ ਹਨ। ਉਥੇ ਹੀ ਅਸੀਂ ਰਾਤ ਨੂੰ ਨਿਵਾਸ ਕੀਤਾ, ਸਵੇਰੇ ਅਸੀਂ ਮਿਲਵਾਕੀ ਤੋਂ ਫਲਾਈਟ ਫੜਨੀ ਸੀ, ਇਹਨਾਂ ਨੇ ਸੀਟਾਂ ਰੀਜ਼ਰਵ ਕਰਾਈਆਂ ਹੋਈਆਂ ਸਨ, ਗੱਲਾਬਾਤਾਂ ਵਿਚ ਹੀ ਸਾਡੇ ਜਹਾਜ਼ ਦੇ ਚਲਣ ਦਾ ਸਮਾਂ ਲੰਘਾ ਦਿਤਾ, ਅਸੀਂ ਕਿਹਾ ਅਸੀਂ ਤਾਂ ਜ਼ਰੂਰ ਜਾਣਾ ਹੈ। ਕਿਉਂਕਿ ਰਾਤ ਦਾ ਦੀਵਾਨ ਸਾਡਾ ਗੁਰਦੁਆਰਾ Freemount ਹੈ। ਸ਼ਿਕਾਗੋ ਤੋਂ ਸੀਟਾਂ ਬੁੱਕ ਕਰਾ ਲਈਆਂ ਪਰ ਜਦੋਂ ਅਸੀਂ ਏਅਰਪੋਰਟ ਤੇ ਪਹੁੰਚੇ ਤਾਂ ਜਹਾਜ਼ ਉਡਾਰੀ ਮਾਰਨ ਲਈ ਤਿਆਰ ਸੀ। ਅਸੀਂ ਇਨ੍ਹਾਂ ਦੀ ਬਹੁਤ ਵੱਡੀ ਕਾਰ ਵਿਚ ਸ਼ਿਕਾਗੋ ਪਹੁੰਚੇ ਸੀ। ਜਿਸ ਨੇ 90 ਮੀਲ ਦਾ ਸਫਰ ਤਾਂ ਹਵਾਈ ਜਹਾਜ਼ ਵਾਂਗੂੰ ਹੀ ਨਬੇੜਿਆ ਪਰ ਜਹਾਜ਼ ਵਾਲਿਆਂ



Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ ਬੰਦੇ ਤਾਂ ਜਾ ਸਕਦੇ ਹਨ ਪਰ ਹੁਣ ਸਮਾਨ ਭੇਜਣ ਦਾ ਸਮਾਂ ਨਹੀਂ ਹੈ। ਅਸੀਂ ਰੁਕ ਗਏ। ਅਗਲੀ ਫਲਾਈਟ ਦੀਆਂ ਸੀਟਾਂ ਲਈਆਂ ਜਿਸ ਨੇ ਸਿੱਧਾ ਸਨਹੋਜ਼ੇ ਪਹੁੰਚਣਾ ਸੀ।

26-3-98 ਸਰਦਾਰ ਦਰਸ਼ਨ ਸਿੰਘ ਧਾਲੀਵਾਲ ਨੇ ਸਾਨੂੰ ਜਹਾਜ਼ ਚੜ੍ਹਾਇਆ। ਮੇਰੇ ਨਾਲ ਮਲਹੋਤਰਾ ਸਾਹਿਬ, ਸ. ਮਹਿੰਦਰ ਸਿੰਘ ਗਿੱਲ ਅਤੇ ਭਾਈ ਗੁਰਦੀਪ ਸਿੰਘ ਸਨ। ਸਾਡਾ ਦੀਵਾਨ ਗੁਰਦੁਆਰਾ ਸਾਹਿਬ ਵਿਚ ਲਗਣਾ ਸੀ। ਅਸੀਂ ਏਅਰਪੋਰਟ ਤੋਂ ਸਿੱਧੇ ਹੀ ਗੁਰਦੁਆਰਾ ਸਾਹਿਬ ਗਏ ਪਰ ਫੇਰ ਵੀ ਇਕ ਘੰਟਾ ਲੇਟ ਪਹੁੰਚੇ। ਬਾਰਸ਼ ਹੋ ਰਹੀ ਸੀ, ਕਿਉਂਕਿ ਜਥਾ ਮੇਰੇ ਤੋਂ ਪਹਿਲਾਂ ਹੀ ਪਹੁੰਚਿਆ ਹੋਇਆ ਸੀ, ਉਹ ਕੀਰਤਨ ਕਰ ਰਿਹਾ ਸੀ। ਮੈਂ ਜਾ ਕੇ ਫੇਰ ਡੇਢ ਘੰਟਾ ਕੀਰਤਨ ਕੀਤਾ, ਉਸ ਪਿਛੋਂ ਜਥਾ ਤਾਂ ਸਨਹੋਜ਼ੇ ਠਹਿਰ ਗਿਆ ਅਸੀਂ ਚਾਰੋਂ ਜਣੇ, ਸਰਦਾਰ ਮਹਿੰਦਰ ਸਿੰਘ ਗਿੱਲ ਨਾਲ ਡੇਢ ਸੌ ਮੀਲ ਦਾ ਸਫਰ ਕਰਕੇ ਰਾਤ ਨੂੰ 12.30 ਤਕ ਟਰਲੋਕ ਪਹੁੰਚੇ।

**L L L L L L L**

---

**(ਪੰਨਾ 10 ਦੀ ਬਾਕੀ)**

ਇਹ ਸਤਿ ਅਸਤਿ ਦੀ ਵਿਚਾਰ ਕਰੇਗਾ। ਸਾਡਾ ਮਨ ਨਾਮ ਸਿਮਰਨ ਵਿਚ ਲਗੇਗਾ, ਪ੍ਰਭੂ ਨਾਲ ਪਿਆਰ ਉਪਜੇਗਾ, ਗੁਰੂ ਵਾਲੇ ਬਣ ਕੇ ਜਦੋਂ ਅਸੀਂ ਨਾਮ ਦੀ ਸਾਧਨਾ ਕਰਾਂਗੇ, ਉਸ ਵੇਲੇ ਸਾਨੂੰ ਵਿਵੇਕ ਦੀ ਅਵਸਥਾ ਪ੍ਰਾਪਤ ਹੋਵੇਗੀ, ਜਿਸ ਰਾਹੀਂ ਅਸੀਂ ਆਪਣੇ ਸਰੂਪ ਦਾ ਗਿਆਨ ਪ੍ਰਾਪਤ ਕਰਕੇ ਭਰਮ ਦੀ ਕਾਈ ਮਿਟਾ ਦੇਵਾਂਗੇ, ਉਸ ਵੇਲੇ ਅਸਾਨੂੰ ਪਤਾ ਲਗੇਗਾ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ॥***
***ਨਗਰ ਮਹਿ ਆਪਿ ਬਾਹਰਿ ਫੁਨਿ ਆਪਨ***
***ਪ੍ਰਭ ਮੇਰੋ ਕੋ ਸਗਲ ਬਸੇਰਾ॥***
***ਆਪੇ ਹੀ ਰਾਜਨੁ ਆਪੇ ਹੀ ਰਾਇਆ***
***ਕਹ ਕਹ ਠਾਕੁਰੁ ਕਹ ਕਹ ਚੇਰਾ॥***
***ਕਾ ਕਉ ਦੁਰਾਉ ਕਾ ਸਿਉ ਬਲਬੰਚਾ***
***ਜਹ ਜਹ ਪੇਖਉ ਤਹ ਤਹ ਨੇਰਾ॥***
***ਸਾਧ ਮੂਰਤਿ ਗੁਰੁ ਭੇਟਿਓ ਨਾਨਕ***
***ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥ ਪੰਨਾ - 827***

ਆਪਣਾ ਛੋਟਾ ਆਪਾ ਆਪਣੀ ਝੂਠੀ ਹੋਂਦ ਨੂੰ ਪਛਾਣ ਕੇ ਆਤਮ ਸਰੂਪ ਨੂੰ ਪਛਾਣ ਲਵੇਗਾ, ਉਸ ਵੇਲੇ ਇਹ ਮਨ ਵਿਚ ਪਈ ਹੋਈ ਧੁੰਧ ਮਿਟ ਕੇ ਆਤਮ ਪ੍ਰਕਾਸ਼ ਹੋ ਜਾਵੇਗਾ।

ਸਾਧਸੰਗਤ ਜੀ! ਅੱਜ ਕਿਉਂਕਿ ਧੁੰਦ ਬਹੁਤ ਸੀ ਸੋ ਸਾਰੀ ਵਿਚਾਰ ਧੁੰਦ ਉਪਰ ਹੀ ਹੋਈ ਹੈ, ਮਹਾਰਾਜ ਜੀ ਦਾ ਜੋ ਹੁਕਮਨਾਮਾ ਆਇਆ ਹੈ ਇਸ ਦੀ ਵਿਚਾਰ ਫੇਰ ਕਦੇ ਕੀਤੀ ਜਾਵੇਗੀ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਸ ਕਰਕੇ ਆਪਣੇ ਘਰਾਂ ਨੂੰ ਜਾਣ ਸਮੇਂ ਬਹੁਤ ਸਾਵਧਾਨੀ ਵਰਤਣੀ ਅਜੇ ਵੀ ਧੁੰਧ ਜ਼ੋਰਾਂ ਤੇ ਹੈ ਵਾਹਿਗੁਰੂ ਜੀ ਤੁਹਾਡਾ ਸਫਰ ਸਹੀ ਸਲਾਮਤ ਪੂਰਾ ਕਰਨ, ਇਹੋ ਅਰਦਾਸ ਹੈ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ॥***

**L L L L L L L**

**(ਪੰਨਾ 15 ਦੀ ਬਾਕੀ)**

ਸੂਖਸ਼ਮ ਪੱਧਰ ਤਕ ਤੇ ਉਚੇ ਪੱਧਰ ਤਕ ਕੇਵਲ ਆਤਮ ਚਿੰਤਨ ਹੀ ਪਹੁੰਚਾ ਸਕਦਾ ਹੈ, ਅਨੁਭਵੀ ਅੰਤਰ ਗਿਆਨ ਥੋੜ੍ਹਾ ਥੋੜ੍ਹਾ ਕਰਕੇ ਨਹੀਂ ਹੁੰਦਾ ਇਹ ਤਾਂ ਸੁਭਾਵਿਕ ਹੀ ਹੁੰਦਾ ਹੈ, ਇਹ ਉਦੋਂ ਆਉਂਦਾ ਹੈ ਜਦੋਂ ਸਾਧਕ ਆਪਣੀ ਦਲੀਲ ਆਪਣਾ ਚਿੰਤਨ ਸਮਰਪਣ ਕਰ ਦਿੰਦਾ ਹੈ।

ਸਾਡੀ ਉਨ੍ਹਾਂ ਵਿਆਖਿਆਕਾਰਾਂ ਨਾਲ ਅਸਹਿਮਤੀ ਹੈ, ਜਿਹੜੇ ਕਹਿੰਦੇ ਹਨ ਕਿ ਬੁੱਧੀ ਨਾਲ ਸੁਤੰਤਰਤਾ ਮਿਲ ਸਕਦੀ ਹੈ ਕਿਉਂਕਿ ਦੋ ਵੱਖ-ਵੱਖ ਸ਼ਕਤੀਆਂ ਕੰਮ ਕਰ ਰਹੀਆਂ ਹਨ। ਇਕ ਹੈ ਉਚੇ ਉਠਣਾ ਉਨਤੀ ਕਰਨ ਦੀ ਸ਼ਕਤੀ ਜਿਸ ਨੂੰ ਤ੍ਰਿਸ਼ਨਾ ਕਹਿੰਦੇ ਹਨ, ਇਸ ਰਾਹੀਂ ਧੁਰ ਪਹੁੰਚ ਕੇ ਵੀ ਤ੍ਰਿਪਤੀ ਨਹੀਂ ਹੁੰਦੀ, ਤ੍ਰਿਪਤੀ ਉਨਤੀ ਉਚੇ ਉਠਣ ਤੇ ਅਧੋਗਤੀ ਉਤਪਤੀ ਦਾ ਜੋੜ ਹੈ ਇਨ੍ਹਾਂ ਸ਼ਕਤੀਆਂ ਦਾ ਜੋੜ ਹੈ, ਦਲੀਲ ਮਨੁੱਖ ਦੀ ਕੋਸ਼ਿਸ਼ ਹੈ ਤਾਕਤ ਹੈ, ਆਤਮ ਚਿੰਤਨ ਅਨੁਭਵੀ ਗਿਆਨ ਇਲਾਹੀ ਹੈ, ਅਨੁਭਵੀ ਗਿਆਨ ਬਿਲਕੁਲ ਵਖਰਾ ਹੈ, ਬੁੱਧੀ ਦਾ ਗਿਆਨ ਬਿਲਕਲ ਵਖਰਾ ਹੈ। ਬੁੱਧੀ ਦੇ ਗਿਆਨ ਨਾਲ ਤੁਸੀਂ ਚੇਤਨਤਾ ਦੇ ਸੂਖਸ਼ਮ ਪੱਧਰ ਤਕ ਪਹੁੰਚ ਸਕਦੇ ਹੋ ਪਰ ਅਨੁਭਵੀ ਗਿਆਨ ਤੋਂ ਬਿਨਾਂ ਤੁਸੀਂ ਆਤਮਕ ਗਿਆਨ ਨਹੀਂ ਪ੍ਰਾਪਤ ਕਰ ਸਕਦੇ, ਤੁਸੀਂ ਅੰਦਰ ਦੇ ਗਿਆਨ ਦੇ ਸੋਮੇ ਤੇ ਨਹੀਂ ਪਹੁੰਚ ਸਕਦੇ, ਇਹ ਅਨੁਭਵੀ ਗਿਆਨ ਉਦੋਂ ਹੀ ਆਉਂਦਾ ਹੈ, ਜਦੋਂ ਤੁਸੀਂ ਆਪਣਾ ਤਾਣ ਲਾ ਕੇ ਥੱਕ ਜਾਂਦੇ ਹੋ।

ਅਨੁਭਵੀ ਗਿਆਨ ਦੀਆਂ ਬੇਅੰਤ ਸ਼ਕਤੀਆਂ ਹਨ। ਉਹ ਸਾਧਕ ਦੀਆਂ ਬੇੜੀਆਂ ਬੰਧਨ ਤੋੜ ਸਕਦਾ ਹੈ, ਉਹ ਬੇੜੀਆਂ ਟੁੱਟਣ ਤੋਂ ਬਾਅਦ ਬੁੱਧੀ ਦੇ ਵਿਚਾਰਾਂ ਤੋਂ ਪਰ੍ਹੇ ਹੋ ਕੇ ਉਚੇ ਉਠ ਕੇ ਹੀ ਅੰਦਰ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਜਿਥੋਂ ਸਾਰਾ ਗਿਆਨ ਫੁਟਦਾ ਹੈ, ਉਹ ਸੋਮਾ ਹੈ ਆਤਮਾ ਨਿਰੋਲ ਆਤਮਾ, ਜਦੋਂ ਤਕ ਤੁਸੀਂ ਕਿਸੇ ਹੋਰ ਗਿਆਨ ਤੇ ਨਿਰਭਰ ਰਹੋਗੇ ਜਾਂ ਕਿਸੇ ਹੋਰ ਸ਼ਕਤੀ ਤੇ ਨਿਰਭਰ ਰਹੋਗੇ ਭਾਵੇਂ ਪੈਸੇ ਤੇ, ਸਿਹਤ ਤੇ, ਮਨ ਤੇ ਬੁੱਧੀ ਤੇ ਉਦੋਂ ਤਕ ਤੁਸੀਂ ਅਧੂਰੇ ਹੋ, ਪੂਰਨਤਾ ਤਾਂ ਅੰਦਰ ਦੀ ਤਾਕਤ ਨਾਲ ਹੀ ਹੁੰਦੀ ਹੈ, ਬਾਹਰ ਦੀਆਂ ਸਾਰੀਆਂ ਸ਼ਕਤੀਆਂ ਸੀਮਤ ਹਨ। ਜੇ ਤੁਸੀਂ ਸਾਰਾ ਧਨ ਵਰਤ ਲਵੋ; ਖਰਚ ਲਵੋ; ਸਾਰੇ ਮਿਤਰ, ਸਾਰੀ ਬੁੱਧੀ ਇਨ੍ਹਾਂ ਵਿਚੋਂ ਕੁਝ ਵੀ ਤੁਹਾਨੂੰ ਅਨੁਭਵੀ ਗਿਆਨ ਨਹੀਂ ਦੇ ਸਕਦੇ।

ਇਕਤਾਲੀਵੇਂ ਬਤਾਲੀਵੇਂ ਸ਼ਲੋਕ ਵਿਚ ਅਰਜਨ ਨੂੰ ਮਾਇਆ ਦਾ ਵਿਜੈਈ ਕਿਹਾ ਗਿਆ ਹੈ। ਇਨ੍ਹਾਂ ਸ਼ਲੋਕਾਂ ਤੋਂ ਪ੍ਰਗਟ ਹੁੰਦਾ ਹੈ, ਸੱਚਾ ਧਨ ਅੰਦਰ ਦੀ ਸ਼ਕਤੀ ਹੈ, ਹਿੰਮਤ, ਮਨੋਬਲ, ਨਿਰਭੈਤਾ ਅਤੇ ਡੂੰਘਾ ਵਿਵੇਕ ਗਿਆਨ। ਜਿਸ ਦਿਨ ਸਾਧਕ ਆਪਣੇ ਅੰਦਰ ਦੇਖਣ ਲਗ ਪੈਂਦਾ ਹੈ ਉਸ ਦਿਨ ਤੋਂ ਹੀ ਉਹ ਆਪਣੇ ਅੰਦਰ ਤੋਂ ਜਾਣੂੰ ਹੋ ਜਾਂਦਾ ਹੈ, ਜੇ ਉਹ ਸਾਧਨਾ ਦੇ ਮਾਰਗ ਤੇ ਤੁਰਦਾ ਰਹੇ, ਉਹ ਸਾਰੇ ਪੱਧਰਾਂ ਤੇ ਹੀ ਸੁਤੰਤਰ ਹੋ ਜਾਂਦਾ ਹੈ ਅਤੇ ਅੰਤ ਵਿਚ ਅਨੁਭਵੀ ਗਿਆਨ ਦਾ ਅਧਿਕਾਰੀ ਬਣ ਜਾਂਦਾ ਹੈ, ਅਨੁਭਵੀ ਗਿਆਨ ਰਾਹੀਂ ਹੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਅਨੁਭਵੀ ਗਿਆਨ ਹੀ ਉਤਮ ਗਿਆਨ ਹੈ।

ਇਥੇ ਚੌਥੇ ਅਧਿਆਏ ਦਾ ਅੰਤ ਹੁੰਦਾ ਹੈ ਇਸ ਵਿਚ ਕਰਮ ਫਲ ਤਿਆਗਣ ਦਾ ਗਿਆਨ ਦਸਿਆ ਗਿਆ ਹੈ।

**L L L L L L L**



Sri Satguru Jagjit Singh Ji eLibrary NamdhariElibrary@gmail.com

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਗਿ. ਮੇਹਰ ਸਿੰਘ ਜੀ*

## ਵੱਡੇ ਲੰਬੇ ਦੀਵਾਨ ਬੰਦ ਕਰ ਦਿਤੇ

ਕਰਮਸਰ ਆ ਕੇ ਢੱਕੀ ਦੇ ਡੇਰੇ ਨਾਲੋਂ ਕਾਫੀ ਤਬਦੀਲੀਆਂ ਆਈਆਂ। ਕਰਮ ਯੋਗ ਰਾਜ ਯੋਗ ਅੰਦਰ ਬਦਲ ਗਿਆ। ਸੰਗਤਾਂ ਦੀ ਆਵਾਜਾਈ ਬਹੁਤ ਹੀ ਵਧ ਗਈ। ਹਰ ਸਮੇਂ ਮੇਲਾ ਲੱਗਾ ਰਹਿਣ ਲੱਗਾ ਫਿਰ ਵੱਡੇ ਦੀਵਾਨਾਂ ਸਮੇਂ ਤਾਂ ਸੰਗਤਾਂ ਦਾ ਇਕ ਤੂਫਾਨ ਹੀ ਆ ਜਾਂਦਾ ਸੀ। ਤਿੰਨ ਵੱਡੇ ਦੀਵਾਨ ਢੱਕੀ ਅੰਦਰ ਦਿਨ ਰਾਤ ਹੀ ਰਹਿੰਦੇ ਸਨ ਤਿੰਨ ਦਿਨ ਲੱਗਣ ਲਗ ਪਏ। ਦੁਨੀਆਂ ਦੇ ਨਾਲ ਹੀ ਬਾਹਰ ਨਹਿਰ ਕੰਢੇ ਇਕ ਤਰ੍ਹਾਂ ਮੇਲਾ ਹੀ ਲਗਣ ਲਗ ਪਿਆ। ਮੇਲੇ ਅੰਦਰ ਦੀਵਾਨ ਦੇ ਇੰਤਜ਼ਾਮ ਹਿਤ ਸੇਵਾਦਾਰ ਲਗਾਉਣੇ ਪਏ ਜੋ ਪਹਿਲਾਂ ਨਾਲੋਂ ਕਈ ਗੁਣਾਂ ਅਧਿਕ ਸਨ। ਲੰਗਰ ਪਕਾਉਣ ਤੇ ਤਿਆਰ ਕਰਾਉਣ ਦੀ ਜ਼ਿੰਮੇਵਾਰੀ ਛੋਟੇ ਸੰਤ ਮਹਾਰਾਜ ਦੀ ਸੀ। ਉਨ੍ਹਾਂ ਨੂੰ ਖੇਚਲ ਕਰਨੀ ਪੈਂਦੀ ਸੀ। ਇਕ ਵਾਰ ਨੌਂ ਮਾਘ ਦੇ ਦੀਵਾਨ ਸਮੇਂ ਤਿੰਨ ਦਿਨ ਲਗਾਤਾਰ ਦੀਵਾਨ ਰਿਹਾ। ਕੀਰਤਨ ਅਖੰਡ ਹੁੰਦਾ ਹੀ ਰਹਿੰਦਾ ਸੀ। ਵੱਡੇ ਸੰਤ ਜੀ ਮਹਾਰਾਜ ਰੋਜ਼ਾਨਾ ਹੀ ਅੱਠ ਘੰਟੇ ਕੀਰਤਨ ਕਰਦੇ ਸਨ ਪਰ ਹਾਜ਼ਰ ਸਾਰਾ ਹੀ ਦਿਨ ਤੇ ਰਾਤ ਰਹਿੰਦੇ ਸਨ। ਕੇਵਲ ਸੁਬ੍ਹਾ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਹਿਤ ਜਾਂ ਫਿਰ ਦੋ ਸਮੇਂ ਪ੍ਰਸ਼ਾਦ ਚਾਹ ਆਦਿਕ ਛਕਣ ਹਿਤ ਹੀ ਜਾਂ ਕੁਝ ਸਮਾਂ ਆਰਾਮ ਲਈ ਲੈਂਦੇ ਸਨ। ਦੁਪਹਿਰ ਸਮੇਂ ਇਕ ਵਜੇ ਜਾਂ ਫਿਰ ਚਾਰ ਵਜੇ ਦੀਵਾਨ ਅੰਦਰ ਆ ਟਿਕਦੇ ਸਨ, ਫਿਰ ਸਾਰੀ ਰਾਤ ਹੀ ਚਲ ਸੋ ਚਲ, ਕੀਰਤਨ ਚਲਦਾ ਹੀ ਰਹਿੰਦਾ। ਰਾਤ ਨੂੰ ਸੱਤ ਅੱਠ ਵਜੇ ਤੋਂ ਇਕ ਵਜੇ, ਕਦੀ ਦੋ ਵਜੇ ਤਕ ਆਪ ਕੀਰਤਨ ਕਰਦੇ ਫਿਰ ਆਸਾ ਜੀ ਦੀ ਵਾਰ ਲਈ ਕਿਸੇ ਸੱਜਣ ਨੂੰ ਲਗਾ ਕੇ ਹੀ ਆਪ ਇਸ਼ਨਾਨ ਧਿਆਨ ਆਦਿਕ ਹਿਤ ਚਾਰ ਵਜੇ ਤਕ ਬਿਸਰਾਮ ਸਥਾਨ ਨੂੰ ਚਲੇ ਜਾਂਦੇ ਸਨ।

**ਸੰਤ ਈਸ਼ਰ ਸਿੰਘ ਜੀ ਅਤੇ**
**ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ**

ਛੋਟੇ ਸੰਤ ਜੀ ਮਹਾਰਾਜ ਨੇ ਉਸ ਜੋੜ ਮੇਲੇ ਸਮੇਂ ਤਿੰਨ ਦਿਨਾਂ ਵਿਚ ਦੋ ਸੌ ਬੋਰੀ ਕਣਕ ਦਾ ਆਟਾ ਪਕਵਾਇਆ, ਉਸੇ ਹੀ ਹਿਸਾਬ ਨਾਲ ਦਾਲ ਦੇ ਦੇਗੇ ਤਿਆਰ ਕਰਵਾਏ ਤੇ ਹਸ ਕੇ ਫੁਰਮਾਇਆ ਸੀ, ਇਸੇ ਤਰ੍ਹਾਂ ਰਿਹਾ ਤਾਂ ਸਾਨੂੰ ਵੀ ਆਪਣੇ ਵਡੇਰਿਆਂ ਵਾਂਗ ਨੌਰੰਗਾਬਾਦ ਵਰਗੀਆਂ ਦੇਗਾਂ ਬਣਾਉਣੀਆਂ ਪੈਣਗੀਆਂ, ਜਿਨ੍ਹਾਂ ਵਿਚ ਇਕੋ ਵਾਰੀ ਪੰਜਾਹ ਹਜ਼ਾਰ ਸੰਗਤ ਹਿਤ ਦਾਲ ਤੇ ਤੀਹ ਹਜ਼ਾਰ ਸੰਗਤ ਲਈ ਮਿੱਠੇ ਚਾਵਲ ਬਣ ਸਕਿਆ ਕਰਨ। ਉਸ ਸਾਲ ਦੋ ਸੌ ਕੜਾਹੇ ਕੜਾਹ ਪ੍ਰਸਾਦਿ ਤਿਆਰ ਹੋਇਆ, ਅੱਠ ਮਾਘ ਦੇ ਦਿਨ ਤੇ ਰਾਤ ਦੇ ਬਾਰਾਂ ਵਜੇ ਤਕ ਲੰਗਰ ਦੇ ਸਿਰ ਪਰ ਛੋਟੇ ਮਹਾਰਾਜ ਆਪ ਸਰਪ੍ਰਸਤੀ ਕਰਦੇ ਰਹੇ, ਕੋਈ ਲੰਗਰ ਪਕਾਉਣ ਜਾਂ ਫਿਰ ਵਰਤਾਉਣ ਦੀ ਢਿਲ ਆਉਣ ਤੇ ਰੋਕ ਦਾ ਇਸ ਤੋਂ ਚੰਗਾ ਢੰਗ ਕਿਹੜਾ ਸੀ? ਪਰ ਇਸ ਤਿੰਨ ਦਿਨਾਂ ਨੇ ਲਗਾਤਾਰ ਜਗਰਾਤੇ ਤੇ ਖੜੋਤੇ ਰਹਿਣ ਨੇ ਹਰ ਸਰੀਰ ਤੇ ਖਾਸ ਕਰਕੇ ਦੋਨੋਂ ਹੀ ਮਹਾਂਪੁਰਸ਼ਾਂ ਨੂੰ ਇਕ ਤਰ੍ਹਾਂ ਨਿਢਾਲ ਕਰ ਦਿਤਾ। ਨੌਂ ਮਾਘ ਦੁਪਹਿਰ ਸਮੇਂ ਜਦੋਂ ਸੰਗਤਾਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਪ੍ਰਸ਼ਾਦਿ ਛਕ ਕੇ ਘਰ ਨੂੰ ਜਾ ਰਹੀਆਂ ਸਨ ਉਸ ਦਿਨ ਵੱਡੇ ਸੰਤ ਜੀ ਮਹਾਰਾਜ ਕੁਰਸੀ ਲਗਾ ਕੇ ਸੰਗਤਾਂ ਨੂੰ ਦਰਸ਼ਨ ਵੀ ਨਾ ਦੇ ਸਕੇ, ਕਿਉਂਕਿ ਉਹ ਇਤਨੇ ਥਕ ਗਏ ਸਨ ਕਿ ਬਾਹਰ ਆ ਸਕਣ ਦੀ ਸਰੀਰ ਵਿਚ ਸਮਰਥਾ ਹੀ ਨਹੀਂ ਰਹੀ ਸੀ। ਜਦੋਂ ਤਿੰਨ ਦਿਨ ਬਾਅਦ ਸੰਤ ਜੀ ਮਹਾਰਾਜ ਬਰਾਜੇ ਤਦ ਗਿਆਰਾਂ ਵਜੇ ਬਿਰਾਜ ਕੇ ਸਾਰਾ ਦਿਨ ਪ੍ਰਸ਼ਾਦਿ ਨਾ ਛਕ ਸਕੇ, ਨਾ ਹੀ ਚਾਹ ਪਾਣੀ ਹੀ ਛਕ ਸਕੇ। ਰਾਤ ਦੀ ਰੋਟੀ ਦਾ ਸਮਾਂ ਵੀ ਮਸਾਂ ਹੀ ਕੱਢਿਆ ਫਿਰ ਬਿਰਾਜ ਗਏ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਅਭਿਆਸ ਸਮੇਂ ਵੀ ਉਹ ਕਾਫੀ ਮੁਸ਼ਕਲ ਵਿਚ ਹੀ ਰਹੇ, ਇਸ ਤਰ੍ਹਾਂ ਅਗਲਾ ਸਾਰਾ ਹੀ ਦਿਨ ਇਸ ਤਰਦੱਦ ਤੇ ਮੁਸ਼ਕਤ ਨੇ ਅਸਰ ਜਾਰੀ ਰੱਖਿਆ। ਸ਼ਾਮ ਸਮੇਂ



Sri Satguru Jagjit Singh Ji eLibrary NamdhariElibrary@gmail.com

ਮਾਲਸ਼ ਕਰਾਉਣੀ ਪੈਂਦੀ। ਸੁਬ੍ਹਾ ਸ਼ਾਮ ਹਰ ਸਮੇਂ ਹੀ ਇਹ ਤਕਲੀਫ ਨਾਲ ਹੀ ਰਹਿੰਦੀ, ਸੰਤ ਜੀ ਮਹਾਰਾਜ ਫੁਰਮਾਉਂਦੇ –

ਇਸ ਦੀਵਾਨ ਨੇ ਸਾਨੂੰ ਚਿਤਾਵਨੀ ਦੇ ਦਿਤੀ ਇਕ ਰਸ ਬਿਰਤੀ ਰੱਖਣ ਵਾਲੇ ਸਾਧੂ ਦਾ ਲੰਬੇ ਦੀਵਾਨ ਕਰਨਾ ਬਰਤ ਤੋੜਨ ਦੇ ਬਰਾਬਰ ਹੈ। ਨਿਯਮਬਧ ਜੀਵਨ ਹੀ ਤਾਂ ਸੰਤਾਂ ਦੇ ਆਦਰਸ਼ ਮਈ ਜੀਵਨ ਦਾ ਇਕ ਅੰਗ ਹੈ। ਪਰ ਜੇਕਰ ਇਹ ਬੰਧਨ ਹੀ ਟੁੱਟ ਜਾਏ ਤਦ ਜੀਵਨ ਹੀ ਬੇਅਰਥ ਹੋ ਕੇ ਰਹਿ ਜਾਂਦਾ ਹੈ।

ਸੋ ਇਸੇ ਹੀ ਸਮੇਂ ਸੰਤ ਜੀ ਮਹਾਰਾਜ ਨੇ ਛੋਟੇ ਮਹਾਰਾਜ ਤੇ ਹੋਰ ਸਤਿਪੁਰਖਾਂ ਦੇ ਨਾਲ ਸਲਾਹ ਕਰਕੇ ਇਹ ਫੈਸਲਾ ਕੀਤਾ ਕਿ ਅੱਗੇ ਨੂੰ ਦੀਵਾਨ ਕੇਵਲ ਇਕੋ ਹੀ ਦਿਨ ਰਿਹਾ ਕਰੇਗਾ ਤੇ ਉਹ ਵੀ ਸਰਦੀਆਂ ਅੰਦਰ ਦੀਵਾਨ ਦਿਨ ਸਮੇਂ ਹੀ ਕੀਤੇ ਜਾਇਆ ਕਰਨਗੇ। ਰਾਤ ਦੇ ਦੀਵਾਨ ਹੋਣਗੇ ਪਰ ਅਸਲ ਦੀਵਾਨ ਦਿਨੇ ਹੀ ਕਰ ਲਏ ਜਾਇਆ ਕਰਨਗੇ। ਵੱਡੇ ਸੰਤ ਸਰਦੀਆਂ ਦੇ ਦੀਵਾਨਾਂ ਵਿਚ ਕੀਰਤਨ ਦਿਨ ਦੇ ਸਮੇਂ ਹੀ ਕਰਨਗੇ।

ਇਸ ਫੈਸਲੇ ਦਾ ਅਸਰ ਧਾਰਮਿਕ ਤੌਰ ਪਰ ਵੀ ਉਤਮ ਹੀ ਹੋਇਆ ਕਿਉਂਕਿ ਦੀਵਾਨ ਜੋ ਅਸਲ ਵਿਚ ਲੋਕਾਂ ਅੰਦਰ ਪ੍ਰੇਮ ਭਾਵਨਾ, ਸਤਿਸੰਗ ਤੇ ਉਤਮ ਗੁਣ ਧਾਰਨ ਕਰਨ ਹਿਤ ਕੀਤੇ ਜਾਂਦੇ ਸਨ, ਕਈ ਵਾਰੀ ਬਦੀਆਂ ਦੀ ਉਪਜ ਦਾ ਕਾਰਨ ਤਾਂ ਹੋ ਸਕਦੇ ਹਨ। ਸੋ ਸੰਤ ਜੀ ਮਹਾਰਾਜ ਨੇ ਜਿਥੇ ਵੱਡੇ ਦੀਵਾਨ ਲੰਬੇ ਸਮੇਂ ਹਿਤ ਬੰਦ ਕਰ ਦਿਤੇ ਉਥੇ ਨਾਲ ਹੀ ਬਾਹਰ ਨਹਿਰ ਕੰਢੇ ਦੁਕਾਨਾਂ ਜੋ ਮੇਲੇ ਦੀ ਸ਼ਕਲ ਪੈਦਾ ਕਰ ਦਿੰਦੀਆਂ ਸਨ ਬੰਦ ਕਰਾ ਦਿਤੀਆਂ ਸਨ। ਸੰਤ ਜੀ ਮਹਾਰਾਜ ਨੇ ਇਕ ਦੁਕਾਨ ਬਾਹਰ ਆਪ ਬਣਵਾ ਦਿਤੀ ਜੋ ਲੋਕਾਂ ਲਈ ਪ੍ਰਸ਼ਾਦਿ ਆਦਿਕ ਦੇਣ ਤੇ ਫਿਰ ਵੇਲੇ ਕੁਵੇਲੇ ਜੋ ਸੱਜਣ ਲੰਗਰ ਵਿਚ ਪ੍ਰਸ਼ਾਦਿ ਨਾ ਛਕਣਾ ਚਾਹੁੰਣ ਉਨ੍ਹਾਂ ਲਈ ਸਹੂਲਤ ਪੈਦਾ ਕਰਨ ਹਿਤ ਇਹ ਇਕ ਚੰਗਾ ਉਦਮ ਕਰਮ ਹੀ ਸਮਝਿਆ ਗਿਆ। ਹੁਣ ਦੀਵਾਨ ਵੱਡੇ ਗੁਰੂ ਨਾਨਕ ਸਾਹਿਬ ਦਾ ਨਿਜਧਾਮ ਜਾਣ ਦਾ ਦਿਵਸ ਮਨਾਉਣ ਹਿਤ ਹੋਏ ਸਨ। ਰਾਤ ਸਮੇਂ ਦੀਵਾਨ ਜ਼ਰੂਰ ਸਜਦੇ ਹਨ ਪਰ ਰਾਤ ਨੂੰ ਦੀਵਾਨ ਅੰਦਰ ਬਾਹਰੋਂ ਉਹੀ ਸਜਣ ਆਉਂਦੇ ਸਨ ਜੋ ਸਿਰਫ ਕੀਰਤਨ ਜਾਂ ਮਹਾਰਾਜ ਦੇ ਵਿਚਾਰ ਹੀ ਸੁਣਨ ਨੂੰ ਆਉਂਦੇ ਸਨ। ਭਾਵੇਂ ਉਹ ਰਾਤ ਸਮੇਂ ਕਾਫੀ ਦੂਰ ਤੋਂ ਲੁਧਿਆਣੇ ਤੇ ਪਟਿਆਲੇ ਤੋਂ ਬੱਸਾਂ ਤੇ ਟੈਕਸੀਆਂ ਲੈ ਕੇ ਆਉਂਦੇ ਸਨ ਤੇ ਕੀਰਤਨ ਖਤਮ ਹੋਣ ਸਮੇਂ ਹੀ ਉਸੇ ਹੀ ਸਮੇਂ ਨਾਲ ਹੀ ਗੱਡੀਆਂ ਲੈ ਕੇ ਘਰਾਂ ਨੂੰ ਵੀ ਚਲੇ ਜਾਂਦੇ ਸਨ। ਕੀਰਤਨ ਸਮੇਂ ਹਜ਼ਾਰਾਂ ਦੀ ਗਿਣਤੀ ਹੋਣ ਦੇ ਬਾਵਜੂਦ ਕੋਈ ਬੱਚਾ ਵੀ ਰੋਂਦਾ ਹੋਇਆ ਨਹੀਂ ਸੀ ਦਿਸਦਾ। ਹਰ ਸਮੇਂ ਲੋਕ ਸੰਤ ਜੀ ਮਹਾਰਾਜ ਦੀ ਵਿਆਖਿਆ ਤੇ ਕੀਰਤਨ ਹੀ ਸੁਣਨਾ ਪਸੰਦ ਕਰਦੇ ਸਨ। ਜਦੋਂ ਕੀਰਤਨ ਅਰੰਭ ਹੋ ਜਾਵੇ ਲੋਕਾਂ ਅੰਦਰ ਉਤਸ਼ਾਹ ਪ੍ਰੇਮ ਦੇ ਜਜ਼ਬੇ ਠਾਠਾਂ ਮਾਰਨ ਲਗ ਪੈਂਦੇ ਸਨ। ਹੱਲੇ ਦੇ ਕੀਰਤਨ ਸਮੇਂ ਸਾਰੀ ਹੀ ਸੰਗਤ ਜ਼ੋਰ ਲਗਾ ਕੇ ਕੀਰਤਨ ਕਰਦੀ, ਬਾਹਰ ਦੀ ਦੁਨੀਆਂ ਘੱਟੋ ਘੱਟ ਉਸ ਸਮੇਂ ਤਕ ਭੁੱਲ ਹੀ ਜਾਂਦੀ ਜਦੋਂ ਇਹ ਕੀਰਤਨ ਹੋ ਰਿਹਾ ਹੁੰਦਾ। ਇਹ ਸਤਿਸੰਗਤ ਤੇ ਸੰਤ ਦਰਸ਼ਨ ਦਾ ਲਾਭ ਹੈ ਜੋ ਲੱਖਾਂ ਸੰਗਤਾਂ ਹਰ ਸਮੇਂ ਪ੍ਰਾਪਤ ਕਰਦੀਆਂ ਹਨ।

## ਮਾਤਾ ਮਸਤਾਨੀ ਦਾ ਉਧਾਰ

1938 ਤੋਂ ਪਹਿਲਾਂ ਸੰਤ ਜੀ ਮਹਾਰਾਜ ਪਹਿਲਾਂ ਬਾਹਰ ਦੌਰੇ ਪਰ ਡੇਰੇ ਤੋਂ ਬਹੁਤ ਦੂਰ ਨਹੀਂ ਜਾਂਦੇ ਸਨ। ਪਰ ਦੁਆਬੇ ਦੇ ਕੁਝ ਪ੍ਰੇਮੀ ਸਿੰਘ ਲਾਹੌਰ ਰਹਿੰਦੇ ਸਨ। ਇਨ੍ਹਾਂ ਵਿਚ ਇਕ ਮਾਈ ਮਸਤਾਨੀ ਤਾਂ ਸੰਤ ਜੀ ਮਹਾਰਾਜ ਅੰਦਰ ਹੱਦੋਂ ਵਧ ਸ਼ਰਧਾ ਤੇ ਭਗਤੀ ਰਖਦੀ ਸੀ। ਉਸੇ ਦੀ ਹੀ ਖਿੱਚ ਤੇ ਪ੍ਰੇਮ ਦੇ ਬੱਧੇ ਹੋਏ ਸੰਤ ਜੀ ਮਹਾਰਾਜ ਨੇ ਪਹਿਲੀ ਵਾਰ ਲਾਹੌਰ ਆਉਣਾ ਪ੍ਰਵਾਨ ਕਰ ਲਿਆ ਸੀ। ਸੰਤ ਜੀ ਮਹਾਰਾਜ ਕਾਫੀ ਅਰਸਾ ਲਾਹੌਰ ਮੁਜੰਗ ਦੀਵਾਨ ਕਰਨ ਲੱਗੇ, ਲਾਹੌਰ ਦੀ ਸਿੱਖ ਸੰਗਤ ਬੜੇ ਪ੍ਰੇਮ ਨਾਲ ਹਰੀ ਕੀਰਤਨ ਤੇ ਅੰਮ੍ਰਿਤ ਬਚਨ ਦਾ ਅਨੰਦ ਮਾਣਦੀ ਸੀ ਤੇ ਇਕ ਵਾਰੀ ਸੰਤ ਜੀ ਮਹਾਰਾਜ ਨੇ ਲਾਹੌਰ ਰਾਹੀਂ ਕਰਾਚੀ ਵਲ ਨੂੰ ਜਾਣਾ ਸੀ। ਮਾਈ ਮਸਤਾਨੀ ਕਾਫੀ ਬੀਮਾਰ ਸੀ। ਉਸ ਨੇ ਆਪਣੇ ਪਰਿਵਾਰ ਨੂੰ ਕਿਹਾ ਕਿ ਉਹ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਵਾ ਦੇਣ। ਘਰ ਵਾਲੇ ਪਰੇਸ਼ਾਨ ਸਨ ਕਿ ਉਹ ਬਜ਼ੁਰਗ ਮਾਤਾ ਦੀ ਖਾਹਸ਼ ਕਿਵੇਂ ਪੂਰੀ ਕਰਨ, ਅਚਾਨਕ ਦੁਪਹਿਰ ਸਮੇਂ ਹੀ ਬਾਬੂ ਰਲਾ ਸਿੰਘ ਜੀ ਜੋ ਉਸ ਸਮੇਂ ਸੰਤ ਜੀ ਮਹਾਰਾਜ ਦੀ ਸੇਵਾ ਅੰਦਰ ਸਨ ਆ ਪੁੱਜੇ ਤੇ ਸਤਿਨਾਮ ਦੀ ਆਵਾਜ਼ ਦਿਤੀ। ਮਾਤਾ ਜੀ ਦੀ ਨੂੰਹ ਤੇ ਪੁੱਤਰ ਬਾਹਰ ਆਏ ਕਿ ਇਹ ਜਾਣੀ ਪਛਾਣੀ ਆਵਾਜ਼ ਬਾਬਾ ਜੀ ਦੀ ਹੈ ਉਹ ਕਿਧਰੋਂ ਆ ਗਏ? ਫਿਰ ਜਦੋਂ ਸਚਮੁਚ ਹੀ ਉਨ੍ਹਾਂ ਸੰਤ ਜੀ ਮਹਾਰਾਜ ਦੇ ਨਿਜੀ ਸੇਵਕ ਨੂੰ ਹੀ ਖੜ੍ਹਾ ਤਕਿਆ ਤਦ ਦੰਗ ਰਹਿ ਗਏ। ਬਾਬੂ ਜੀ ਨੇ ਸੰਤ ਜੀ ਮਹਾਰਾਜ ਦੇ ਸਿੰਧ ਦੇ ਦੌਰੇ ਦਾ ਜ਼ਿਕਰ ਕੀਤਾ ਤੇ ਦਸਿਆ ਕਿ ਉਹ ਸਟੇਸ਼ਨ ਪਰ ਹਨ। ਰਾਤ ਦੀ ਗੱਡੀ ਹੀ ਜਥੇ ਨੇ ਸਿੰਧ ਨੂੰ ਜਾਣਾ ਹੈ। ਸੋ ਸੰਤ ਜੀ ਮਹਾਰਾਜ ਨੇ ਭੇਜਿਆ ਹੈ ਕਿ ਮਾਤਾ ਮਸਤਾਨੀ ਯਾਦ ਕਰਦੀ ਹੈ ਉਨ੍ਹਾਂ ਨੂੰ ਦਸ ਦਿਓ ਕਿ ਅਸੀਂ ਉਨ੍ਹਾਂ ਦੇ ਹੀ ਸ਼ਹਿਰ ਅੰਦਰ ਬੈਠੇ ਹਾਂ ਕਿਧਰੇ ਦੂਰ ਨਹੀਂ ਹਾਂ।

ਮਾਤਾ ਜੀ ਦਾ ਸਾਰਾ ਪਰਿਵਾਰ ਸਟੇਸ਼ਨ ਪਰ ਪੁਜਾ, ਸੰਤ ਜੀ ਮਹਾਰਾਜ ਨੂੰ ਪ੍ਰਾਰਥਨਾ ਕਰਕੇ ਕਿ ਰਾਤ ਸਮੇਂ ਤਕ ਉਹ ਗੱਡੀ ਚੜ੍ਹ ਜਾਣਗੇ ਪਰ ਨਾਲ ਹੀ ਮਾਤਾ ਦੀ ਬੇਨਤੀ ਵੀ ਪੁਚਾਈ ਕਿ ਉਹ ਕਈ ਦਿਨਾਂ ਤੋਂ ਦਰਸ਼ਨਾਂ ਨੂੰ ਤਰਸਦੀ ਹੈ। ਸੰਤ ਜੀ ਮਹਾਰਾਜ ਉਨ੍ਹਾਂ ਨਾਲ ਘਰ ਚਲੇ ਗਏ। ਮਾਤਾ ਬਿਸਤਰ ਤੋਂ ਉਠ ਕੇ ਨਮਸਕਾਰ ਨਹੀਂ ਕਰ ਸਕਦੀ ਸੀ। ਸਰੀਰ ਦੀਆਂ ਸਾਰੀਆਂ ਹੀ ਸ਼ਕਤੀਆਂ ਉਤਰ ਦੇ ਚੁਕੀਆਂ ਸਨ। ਸੋ ਉਸ ਨੇ ਧੰਨ ਭਾਗ ਸਮਝੇ ਕਿ ਸੰਤ ਮਹਾਰਾਜ ਆ ਗਏ ਹਨ ਤੇ ਉਹ ਵੀ ਉਸ ਦੀ ਅਰਦਾਸ ਸੁਣ ਕੇ ਉਹ ਗਦ ਗਦ ਹੋ ਉਠੀ। ਸੰਤ ਜੀ ਮਹਾਰਾਜ ਨੇ ਮਾਤਾ ਨੂੰ ਅੰਤਮ ਉਪਦੇਸ਼ ਦਿਤਾ ਕਿ ਮਾਤਾ ਤਕੋ, ਇਹ ਸਰੀਰ ਪਤਾ ਨਹੀਂ ਕਦੋਂ ਤੁਹਾਡੇ ਪਿਛੇ ਰਹਿ ਜਾਏਗਾ, ਫਿਰ ਇਹ ਗੱਲ ਸਾਫ ਹੈ ਕਿ ਤੇ ਇਹ ਸਰੀਰ ਨਹੀਂ ਹੈ, ਤੁਸੀਂ ਸਾਰੀ ਉਮਰ ਸਤਿਸੰਗਤ ਕੀਤੀ ਹੈ। ਸੰਤ ਜਨਾ ਦੀ ਸੇਵਾ ਤੇ ਪ੍ਰੇਮ ਭਗਤੀ ਵਿਚ ਜੀਵਨ ਬਤੀਤ ਕੀਤਾ ਹੈ। ਹੁਣ ਉਸ ਦੀ ਪ੍ਰੀਖਿਆ ਦਾ ਸਮਾਂ ਆ ਗਿਆ ਹੈ ਕਿ ਉਸ ਪ੍ਰੇਮਾ ਭਗਤੀ ਦਾ ਤੁਹਾਡੇ ਪਰ ਕੀ ਅਸਰ ਹੈ। ਤੁਸੀਂ ਆਪਣੇ ਆਪ ਨੂੰ ਇਕ ਕਮਜ਼ੋਰ ਤੇ ਨਿਰਬਲ ਸਰੀਰ ਤੋਂ



Sri Satguru Jagjit Singh Ji eLibrary NamdhariElibrary@gmail.com

ਅਲੱਗ ਹੀ ਸਚਿ ਚਿਤ ਅਨੰਦ ਸਰੂਪ ਬ੍ਰਹਮ ਭਾਵ ਆਤਮਾ ਰੂਪ ਹੋ ਕੇ ਉਠੋ। ਸੁਰਤੀ ਨੂੰ ਸ਼ਬਦ ਵਿਚ ਹੀ ਨਿਸ਼ਚੇ ਨੂੰ ਗਿਆਨ ਰਾਹੀਂ ਚਿਤਵਨ ਕਰੋ ਕਿ ਮੈਂ ਦੇਹ ਤੋਂ ਪਰ੍ਹੇ ਸਤਿ ਸ਼ਬਦ ਦਾ ਰੂਪ ਇਕ ਬ੍ਰਹਮ ਆਤਮਾ ਦਾ ਰੂਪ ਹਾਂ। ਇਹ ਜਨਮ ਮਰਣ ਜੀਵਨ ਇਹ ਸਭੋ ਕੁਝ ਇਸ ਭਰਮ ਦੀ ਹੀ ਉਪਜ ਹੈ ਕਿ ਮੈਂ ਇਸ ਸਰੀਰ ਦੇ ਵਸੀਭੂਤ ਹਾਂ। ਫਿਰ ਤੁਸੀਂ ਇਸ ਨਿਸ਼ਚੇ ਦੇ ਹੋ ਜਾਵੋਂਗੇ ਕਿ ਸ਼ਬਦ ਰੂਪ ਬ੍ਰਹਮ ਜਾਂ ਫਿਰ ਆਤਮਾ ਬ੍ਰਹਮ ਤੇ ਤੇਰੇ ਅੰਦਰ ਰਹਿਣ ਵਾਲੀ ਆਤਮਾ ਤੇ ਬ੍ਰਹਿਮੰਡ ਵਿਚ ਸਮਾਈ ਹੋਈ ਪਾਰਬ੍ਰਹਮ ਦੀ ਸਤਾ ਇਕੋ ਹੀ ਰੂਪ ਹਨ, ਉਹ ਤੇ ਇਹ ਕੋਈ ਵਖਰੀ ਸਤਾ ਨਹੀਂ ਹੈ।

ਤੁਸੀਂ ਸ਼ਬਦ ਦਾ ਧਿਆਨ ਤਾਂ ਧਰਦੇ ਹੀ ਹੋ। ਉਹ ਸ਼ਬਦ ਹੀ ਉਲਟ ਕੇ ਬ੍ਰਹਮ ਰੂਪ ਹੋ ਜਾਂਦਾ ਹੈ, ਕੋਈ ਵੀ ਬਾਹਰੋਂ ਚੀਜ਼ ਨਹੀਂ ਆਉਣੀ, ਤੁਸੀਂ ਜਦੋਂ ਇਸ ਭੇਦ ਨੂੰ ਅੱਖੀਂ ਤੱਕੋਗੇ ਕਿ ਤੁਹਾਡੀ ਆਤਮਾ ਹੀ ਚੌਂਹੀਂ ਪਾਸੀ ਸਤਾ ਬਣ ਕੇ ਛਾਈ ਹੋਈ ਹੈ, ਤਦ ਉਸ ਅਨੰਦ ਤੇ ਰਸ ਦਾ ਕੋਈ ਪਾਰਾਵਾਰ ਨਹੀਂ ਰਹੇਗਾ। ਅਸਲ ਵਿਚ ਮਨੁੱਖ ਭਰਮ ਤੇ ਸੰਸੇ ਕਰਕੇ ਹੀ ਸੱਤ ਦੇ ਰਸਤੇ ਤੋਂ ਪਰ੍ਹੇ ਹੋ ਜਾਂਦਾ ਹੈ। ਜਦੋਂ ਸ਼ਬਦ ਸਰੀਰ ਦੇ ਅੰਦਰ ਅਨਹਦ ਹੋ ਜਾਂਦਾ ਹੈ, ਫਿਰ ਉਸ ਦੀਆਂ ਹੱਦਾਂ ਸਰੀਰ ਤੋਂ ਬਾਹਰ ਸਰਬ ਨਿਵਾਸੀ ਤੇ ਸਰਬ ਅੰਗੀ ਹੋ ਜਾਂਦੀਆਂ ਹਨ। ਹੁਣ ਤੱਕੋ ਤੁਸੀਂ ਧਿਆਨ ਨਾਲ ਮੇਰੇ ਚਿਹਰੇ ਵਲ ਤੱਕੋ, ਫਿਰ ਆਪਣੇ ਅੰਦਰ ਝਾਤ ਪਾਓ, ਤੁਹਾਨੂੰ ਇਕੋ ਹੀ ਆਤਮ ਬ੍ਰਹਮ ਦੋਹਾਂ ਦੀ ਸ਼ਕਲਾਂ ਅੰਦਰ ਨਜ਼ਰ ਆਵੇਗਾ।

ਮਸਤਾਨੀ ਮਾਤਾ ਨੇ ਨਿਗਾਹ ਚੁਕੀ। ਇਕੋ ਹੀ ਸਕਲ ਇਕੋ ਹੀ ਨੂਰ ਇਕੋ ਹੀ ਰੰਗ ਚੌਂਹੀਂ ਪਾਸੀਂ ਛਾ ਗਿਆ ਸੀ, ਹਰ ਪਾਸੇ ਅੰਦਰ ਵਸ ਰਹੇ ਸ਼ਬਦ ਰਸ ਦੀ ਨਿੰਮੀ ਨਿੰਮੀ ਝੜੀ ਹੀ ਬਾਰਸ਼ ਵਾਂਗ ਵਰਸਦਾ ਦਿਸਦੀ ਸੀ। ਉਸ ਨੇ ਇਕ ਨਜ਼ਰ ਉਪਰ ਮਾਰੀ ਫਿਰ ਆਪਣੇ ਵਲ ਝਾਤ ਮਾਰੀ ਪਰ ਹੋਰ ਕੁਝ ਨਜ਼ਰ ਹੀ ਨਾ ਆਇਆ, ਫਿਰ ਉਹ ਉਸੇ ਹੀ ਰਸ ਅੰਦਰ ਮਸਤ ਹੋ ਗਈ। ਫਿਰ ਉਹ ਰਸ ਦੋਨਾਂ ਵਿਚ ਬਾਹਰ ਨੂੰ ਫੈਲ ਗਿਆ ਤੇ ਕੁਲ ਬ੍ਰਹਿਮੰਡ ਉਸ ਦੇ ਘੇਰੇ ਵਿਚ ਆ ਗਿਆ। ਮਾਤਾ ਮਸਤਾਨੀ ਉਸੇ ਰੰਗ ਵਿਚ ਅਨੰਤ ਤੇ ਮਹਾਨ ਅਕਹਿ ਰਸ ਵਿਚ ਹੀ ਗੜੂੰਦ ਹੋ ਕੇ ਰਹਿ ਗਈ, ਉਸ ਦੀ ਜ਼ੁਬਾਨ ਬੰਦ ਸੀ। ਨੇਤਰ ਬੰਦ ਸਨ। ਬੁਲ੍ਹ ਫਰਕ ਰਹੇ ਸਨ। ਹਿਰਦਾ ਠੰਢਾ ਠਾਰ ਤੇ ਉਮਾਹ ਉਛਾਲੇ ਖਾ ਰਿਹਾ ਸੀ। ਨੇਤਰਾਂ ਵਿਚੋਂ ਜਲ ਦੀਆਂ ਦੋ ਬੂੰਦਾਂ ਸ਼ੁਕਰਾਨੇ ਵਜੋਂ ਆ ਕੇ ਚਿਹਰੇ ਪਰ ਟਿਕ ਗਈਆਂ ਸਨ। ਚੌਂਹੀਂ ਪਾਸੀਂ ਇਕ ਵਾਹੁ ਵਾਹੁ ਦਾ ਨਾਦ ਗੂੰਜਦਾ ਨਿਹਾਲ ਕਰ ਗਿਆ। ਇਸੇ ਹੀ ਤਰ੍ਹਾਂ ਘਰ ਵਾਲਿਆਂ ਨੇ ਪ੍ਰਸ਼ਾਦਿ ਬਣਾਇਆ। ਸਾਰੇ ਜਥੇ ਨੇ ਪ੍ਰਸ਼ਾਦ ਵੀ ਛਕ ਲਿਆ ਪਰ ਮਾਤਾ ਜੀ ਉਸ ਰਸ ਤੋਂ ਬਾਹਰ ਆ ਕੇ ਬੇ ਰਸ ਹੋਣ ਨੂੰ ਤਿਆਰ ਨਹੀਂ ਸੀ। ਆਖਰ ਸ਼ਾਮ ਦੇ ਹਨ੍ਹੇਰਾ ਹੋਣੋਂ ਪਹਿਲਾਂ ਸੰਤ ਜੀ ਮਹਾਰਾਜ ਨੇ ਸਟੇਸ਼ਨ ਨੂੰ ਜਾਣ ਦੀ ਤਿਆਰੀ ਕੀਤੀ। ਮਾਤਾ ਨੇ ਫਿਰ ਬੇਨਤੀ ਕੀਤੀ, "ਮੇਹਰ ਕਰੋ ਤਾਂ ਇਹ ਸਰੀਰ ਤੁਹਾਡੇ ਚਰਨ ਛੋਹ ਕੇ ਪੂਰਾ ਹੋ ਜਾਵੇ।"

ਸੰਤ ਮਹਾਰਾਜ ਫਿਰ ਰੀਝ ਪਏ ਤੇ ਫੁਰਮਾਇਆ, "ਮਾਤਾ! ਤੂੰ ਤੇ ਧਨਵੰਤ ਹੈਂ, ਤੇਰੇ ਜਿਹੀਆਂ ਮਾਤਾਵਾਂ ਤਾਂ ਬੋਹਿਥ ਰੂਪ ਹਨ ਜੋ ਆਪ ਹੀ ਨਹੀਂ ਸਮੂੰਹ ਪਰਿਵਾਰ ਨੂੰ ਲੈ ਕੇ ਸਤਿ ਸਰੂਪ ਅੰਦਰ ਅਭੇਦ ਹੁੰਦੀਆਂ ਹਨ, ਤੇਰੀ ਇਹ ਖਾਹਸ਼ ਕਿ ਤੂੰ ਸਾਡੀ ਹਾਜ਼ਰੀ ਵਿਚ ਪ੍ਰਾਣ ਛੱਡੇਂ ਹਰ ਹਾਲਤ ਵਿਚ ਪੂਰੀ ਹੋ ਗਈ ਸਮਝੋ, ਤੇਰੇ ਤਾਂ ਦੋਹੀਂ ਹਥੀਂ ਲੱਡੂ ਹਨ, ਜੇਕਰ ਹੁਣ ਤੇਰੀ ਸੰਸਾਰ ਯਾਤਰਾ ਮੁਕੇ ਤਦ ਮੁਕਤੀ ਨੂੰ ਪ੍ਰਾਪਤ ਕਰੇਂਗੀ, ਪਰ ਜੇਕਰ ਇਹ ਸਰੀਰ ਰਹਿ ਗਿਆ ਤਦ ਤੂੰ ਜੀਵਨ ਮੁਕਤ ਹੈਂ, ਤੇਰੇ ਉੱਤੇ ਇਸ ਸੰਸਾਰ ਦੇ ਭਰਮ ਵਹਿਮ ਤੇ ਸੰਸਿਆਂ ਦਾ ਕੋਈ ਅਸਰ ਨਹੀਂ। ਹਾਂ ਤੂੰ ਵੱਡੇ ਸਾਹਿਬਾਂ ਦਾ ਉਹ ਸ਼ਬਦ ਜ਼ਰੂਰ ਯਾਦ ਕਰ ਲੈ ਜੋ ਉਨ੍ਹਾਂ ਅੰਤਮ ਸਮੇਂ ਪੜ੍ਹਿਆ ਸੀ। ਯਾਦ ਕਰ ਲੈ ਫਿਰ ਗੁਰੂ ਬਾਬੇ ਦੀ ਮਿਹਰ ਸਹਿਤ ਜੀਵਨ ਤੇ ਮੌਤ ਦੋਵੇਂ ਹੀ ਸੁਹੇਲੇ ਹੋ ਜਾਣਗੇ। ਜੀਵਨ ਦਾ ਸੰਵਾਰਨਾ, ਜੀਵਨ ਦੀ ਸਫਲਤਾ ਹੀ ਇਸ ਗੱਲ ਵਿਚ ਹੈ। ਅਸੀਂ ਕਿਤਨੇ ਸਤਿ ਮਾਰਗ ਸਤਿ ਸ਼ਬਦ ਤੇ ਸਤਿ ਸਰੂਪ ਵਿਚ ਲਿਵ ਜੋੜੀਏ, ਇਹ ਨਾਮ ਹੀ ਜੀਵਨ ਹੈ। ਆਮ ਦੁਨੀਆਂ ਤਾਂ ਮੁਰਦਿਆਂ ਦਾ ਜੀਵਨ ਬਤੀਤ ਕਰਦੀ ਹੈ ਜਿਸ ਨੂੰ ਇਹ ਸੋਝੀ ਨਹੀਂ ਹੈ ਕਿ ਮੈਂ ਇਸ ਸਰੀਰ ਅੰਦਰ ਕਿਉਂ ਆਇਆ? ਇਸ ਦੀ ਪ੍ਰਾਪਤੀ ਤੇ ਇਸ ਦੀ ਸਫਲਤਾ ਕਿਸ ਤਰ੍ਹਾਂ ਹੋ ਸਕਦੀ ਹੈ ਉਹ ਸੰਸਾਰ ਅੰਦਰ ਜਿਹੇ ਆਏ ਜਿਹੇ ਨਾ ਆਏ। ਪਰ ਉਹ ਜਿਨ੍ਹਾਂ ਨੇ ਇਸ ਪਰਮ ਮਨੋਰਥ ਨੂੰ ਬੁੱਝ ਲਿਆ ਹੈ ਉਹ ਪ੍ਰਵਾਨ ਹੋ ਕੇ ਇਸ ਸੰਸਾਰ ਤੋਂ ਪਵਿੱਤਰ ਮੂੰਹ ਲੈ ਕੇ ਜਾਂਦੇ ਹਨ। ਸੋ ਉਹ ਸ਼ਬਦ ਯਾਦ ਰਖਣਾ ਤੇ ਆਖਰ ਸਮੇਂ ਇਸ ਨੂੰ ਪੜ੍ਹਨਾ, ਗੁਰੂ ਤੁਹਾਨੂੰ ਆਪ ਹੀ ਗੁਰ ਪੁਰੀ ਅੰਦਰ ਪ੍ਰਵੇਸ਼ ਕਰਵਾ ਦੇਣਗੇ। ਸੰਤ ਜੀ ਮਹਾਰਾਜ ਨੇ ਕਿਹਾ –

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ***
***ਸਰਬ ਜੀਆ ਕਾ ਦਾਤਾ ਰੇ।।***
***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ***
***ਸੇ ਫਿਰਿ ਗਰਭਾਸਿ ਨ ਪਰਿਆ ਰੇ॥ ਪੰਨਾ – 612***

ਇਹ ਸ਼ਬਦ ਮਾਤਾ ਨੇ ਹੱਥ ਜੋੜ ਕੇ ਸਿਰ ਝੁਕਾ ਕੇ ਸੁਣਿਆ। ਫਿਰ ਆਪ ਦੁਹਰਾਇਆ।

***........ਸੇ ਫਿਰਿ ਗਰਭਾਸਿ ਨ ਪਰਿਆ ਰੇ॥***
***ਪੰਨਾ – 612***

ਇਹ ਜਾਪ ਕਰਦੀ ਰਹੀ ਮਾਤਾ ਤੇ ਆਪ ਉਹ ਗਰਭਾਸ ਤੋਂ ਪਰ੍ਹੇ ਸਤਿ ਸ਼ਬਦ ਦੇ ਰੂਪ ਅੰਦਰ ਜਾ ਸਮਾਈ। ਇਹ ਮਾਤਾ ਹੁਣ ਨਹੀਂ ਰਹੀ ਪਰ ਸਾਰਾ ਪਰਿਵਾਰ ਉਸ ਰਸ ਤੇ ਉਨ੍ਹਾਂ ਘੜੀਆਂ ਨੂੰ ਯਾਦ ਕਰਦਾ ਹੈ। ਰੰਗ ਮਾਣਦਾ ਹੈ, ਰਸ ਲੁੱਟਦਾ ਹੈ, ਸਤਿਸੰਗ ਤੇ ਸਿਮਰਨ ਅੰਦਰ ਲੱਗਾ ਹੋਇਆ ਹੈ।

## ਜਬੋਵਾਲ ਫੇਰੀ

ਲਾਹੌਰ ਨੂੰ ਜਾਂਦੇ ਹੋਏ ਸੰਤ ਜੀ ਮਹਾਰਾਜ ਸੰਤ ਗੁਰਬਖਸ਼ ਸਿੰਘ ਜੀ ਮਹਾਰਾਜ ਜਬੋਵਾਲ ਨੂੰ ਵੀ ਮਿਲੇ। ਉਨ੍ਹਾਂ ਦੇ ਡੇਰੇ ਜਾ ਕੇ ਹਰ ਕੋਈ ਉਥੋਂ ਦੀ ਸਫਾਈ ਸੋਹਜ ਤੇ ਸੁਹੱਪਣ ਦੀ ਦਾਦ ਦਿਤੇ ਬਿਨਾਂ ਨਹੀਂ ਰਹਿ ਸਕਦਾ ਸੀ। ਸੰਤ ਸਰ ਇਕ ਸ਼ਾਂਤ ਇਕਾਂਤ ਤੇ ਸਫਾਈ ਦੇ ਲਿਹਾਜ ਨਾਲ ਇਕ ਅਲੌਕਿਕ ਸਥਾਨ ਸੀ, ਦਰਬਾਰ ਸਾਹਿਬ ਦੇ ਚੌਂਹੀਂ ਪਾਸੀਂ ਰੇਤੇ ਦਾ


Sri Satguru Jagjit Singh Ji eLibrary NamdhariElibrary@gmail.com

ਮਹਾਂਥਲ ਸੀ, ਉਚੇ ਉਚੇ ਟਿੱਬੇ ਸਨ। ਪਰ ਇਸ ਸਥਾਨ ਤੇ ਆ ਕੇ ਆਦਮੀ ਇਹ ਭੁੱਲ ਜਾਂਦਾ ਸੀ ਕਿ ਇਹ ਰੇਤਲੀ ਜਗ੍ਹਾ ਪਰ ਬਣਿਆ ਹੋਇਆ ਸਥਾਨ ਹੈ। ਜਿਧਰ ਰੇਤ ਦਾ ਜ਼ੋਰ ਸੀ ਉਧਰ ਸੰਤ ਜੀ ਮਹਾਰਾਜ ਨੇ ਇਕ ਵਿਘਾ ਭਰ ਟਾਹਲੀਆਂ ਦੇ ਰੁੱਖ ਲਗਾ ਕੇ ਦੀਵਾਨ ਲਈ ਛਾਂ ਤੇ ਡੇਰੇ ਲਈ ਲੰਬੇ ਸਮੇਂ ਮੋਟੀ ਆਮਦਨ ਦਾ ਜ਼ਰੀਆ ਬਣਾ ਧਰਿਆ ਸੀ। ਸਤਿਸੰਗੀ ਲੋਕ ਆਉਂਦੇ ਸਨ ਤੇ ਉਹ ਹਰੀ ਕੀਰਤਨ ਦਾ ਅਨੰਦ ਮਾਣਦੇ ਸਨ, ਪਰ ਜੇਕਰ ਕੋਈ ਅਭਿਆਸੀ ਸੱਜਣ ਆ ਜਾਵੇ ਤਦ ਉਹ ਇਸ ਸਥਾਨ ਤੋਂ ਹੋਰ ਕੋਈ ਸਵੱਛ ਸਥਾਨ ਨਹੀਂ ਲੱਭ ਸਕਦਾ ਸੀ। ਸੰਤ ਈਸ਼ਰ ਸਿੰਘ ਜੀ ਮਹਾਰਾਜ ਉਥੇ ਕਈ ਦਿਨ ਟਿਕੇ ਰਹੇ ਉਹ ਮਹਿਸੂਸ ਕਰਦੇ ਸਨ ਕਿ ਇਹ ਸਥਾਨ ਕਿਸੇ ਵੀ ਤਰ੍ਹਾਂ ਪੁਰਾਣੀ ਢੱਕੀ ਦੇ ਸਥਾਨ ਨਾਲੋਂ ਘੱਟ ਇਕਾਂਤ ਤੇ ਸੁਹਾਵਣਾ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਕਥਾ ਕੀਰਤਨ ਤੇ ਵਿਵਹਾਰ ਦੀ ਚਾਲੀ ਆਪੋ ਆਪਣੀ ਹੁੰਦੀ ਹੈ। ਕਦੇ ਵੀ ਜੁੜਦੀ ਨਹੀਂ ਪਰ ਮਨ ਮੇਲੀਆਂ ਦਾ ਇਹ ਹੱਲ ਕਿ ਦੋਵੇਂ ਗੁਰਮੁਖ ਮਹਾਂਪੁਰਸ਼ ਇਕ ਦੂਸਰੇ ਨੂੰ ਪਰਮ ਸਤਿਕਾਰ ਸਹਿਤ ਪੇਸ਼ ਹੀ ਨਹੀਂ ਆਏ ਸਗੋਂ ਮਨ ਦੀਆਂ ਆਤਮਕ ਤੇ ਉਤਮ ਰੁਚੀ ਦੀਆਂ ਗੱਲਾਂ ਵੀ ਦਿਲੋਂ ਤੇ ਮਨੋਂ ਹੋ ਕੇ ਕੀਤੀਆਂ। ਹਰ ਕੋਈ ਤਾਂ ਉਨ੍ਹਾਂ ਗੱਲਾਂ ਤੋਂ ਮਤਲਬ ਵੀ ਨਹੀਂ ਕੱਢ ਸਕਦਾ ਸੀ। ਸੰਤ ਜੀ ਮਹਾਰਾਜ ਦਾ ਇਹ ਦਾਹਵਾ ਸੀ ਕਿ ਮਾਝੇ ਨੂੰ ਕੇਵਲ ਬਾਬਾ ਬੀਰ ਸਿੰਘ ਜੀ ਨੇ ਨੱਥ ਪਾਈ ਸੀ। ਪਰ ਅਜੇ ਵੀ ਗੁਰਬਖਸ਼ ਸਿੰਘ ਜੈਸੇ ਬਲੀ ਕਰਣੀ ਪ੍ਰਧਾਨ ਗੁਰਮੁਖ ਸੰਤ ਮਹਾਂਪੁਰਖ ਆਪਣਾ ਦਬ-ਦਬਾ ਬਣਾਈ ਬੈਠੇ ਹਨ ਜਿਨ੍ਹਾਂ ਦੇ ਤੇਜ਼ ਪ੍ਰਤਾਪ ਤੋਂ ਸਮਾਜਿਕ ਤੇ ਸਿਆਸੀ ਹਲਕੇ ਹੀ ਅਸਰ ਕਬੂਲਦੇ ਹਨ। ਸੰਤ ਈਸ਼ਰ ਸਿੰਘ ਜੀ ਤਾਂ ਇਸ ਗੱਲ ਦੇ ਦਾਹਵੇਦਾਰ ਹਨ ਕਿ ਉਨ੍ਹਾਂ ਸਿਆਸਤ ਵਰਗੀ ਤਲਖ ਚੀਜ਼ ਵਿਚੋਂ ਕੀ ਕੱਢਣਾ ਹੈ? ਪਰ ਸੰਤ ਗੁਰਬਖਸ਼ ਸਿੰਘ ਜੀ ਹਰ ਖਿਆਲ ਦੇ ਲੋਕਾਂ ਲਈ ਇਕੋ ਜਿਹਾ ਸਤਿਕਾਰ ਕਾਇਮ ਰਖਦੇ ਸਨ। ਆਪ ਜੀ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਵੀ ਕਰਦੇ ਸਨ ਤੇ ਉਨ੍ਹਾਂ ਨਾਲ ਹਮਦਰਦੀ ਵੀ ਸੀ। ਜਦੋਂ ਵੀ ਕਿਸੇ ਵਰਕਰ ਨੂੰ ਭੀੜਾ ਪੈਂਦੀ ਸੀ, ਪੁਲਿਸ ਮਗਰ ਲੱਗੀ ਫਿਰਦੀ ਸੀ ਉਹ ਹੋਰ ਥਾਵਾਂ ਨਾਲੋਂ ਇਨ੍ਹਾਂ ਪਵਿੱਤਰ ਮਹਾਂਪੁਰਸ਼ਾਂ ਦੀ ਹੀ ਸ਼ਰਨ ਆ ਕੇ ਚਾਰ ਦਿਨ ਆਰਾਮ ਦੇ ਕੱਟ ਲੈਂਦੇ ਸਨ। ਜਬੋਵਾਲ ਤੇ ਸੰਤ ਬਖਸ਼ੀਸ਼ ਸਿੰਘ ਦਾ ਸਥਾਨ ਸਿੰਘ ਬੇਲਾ ਮਹਿਤਾ ਇਨ੍ਹਾਂ ਗੱਲਾਂ ਲਈ ਕਾਫੀ ਮਸ਼ਹੂਰ ਸੀ। ਸੋ ਸੰਤ ਜੀ ਮਹਾਰਾਜ ਇਸ ਇਕਾਂਤ ਤੇ ਸਵੱਛ ਸਥਾਨ ਤਕ ਕੇ ਇਥੇ ਅਤੀ ਪ੍ਰਸੰਨ ਸਨ। ਉਥੇ ਉਨ੍ਹਾਂ ਸੰਤ ਗੁਰਬਖਸ਼ ਸਿੰਘ ਜੀ ਮਹਾਰਾਜ ਦੀ ਵਰਤੋਂ ਵਿਵਹਾਰ ਆਚਾਰ ਤੇ ਖਾਸ ਕਰ ਮਿੱਠੀ ਜ਼ੁਬਾਨ ਦਾ ਖਾਸ ਅਸਰ ਸੀ। ਉਨ੍ਹਾਂ ਛੋਟੇ ਸੰਤਾਂ ਨੂੰ ਕਿਹਾ, "ਜਿਥੇ ਸਿਮਰਨ ਤੇ ਸਾਧਨ ਹਿਤ ਸਾਧੂ ਨੂੰ ਖਾਸ ਧਿਆਨ ਰਖਣਾ ਚਾਹੀਦਾ ਹੈ, ਉਥੇ ਮਿਠ ਬੋਲਾ ਹੋਣਾ ਵੀ ਸੰਤ ਦਾ ਉਤਮ ਤੇ ਮਹਾਨ ਕਰਤਵਯ ਹੈ। ਸੋ ਹਰ ਸਾਧੂ ਨੂੰ ਬਚਨ ਬੋਲਣਾ ਤੇ ਉਨ੍ਹਾਂ ਦੀ ਵਰਤੋਂ ਕਰਨ ਹਿਤ ਇਥੇ ਕੁਝ ਚਿਰ ਸੰਤ ਗੁਰਬਖਸ਼ ਸਿੰਘ ਜੀ ਮਹਾਰਾਜ ਪਾਸ ਟਿਕਣਾ ਲੋੜੀਂਦਾ ਹੈ। ਸੰਤ ਗੁਰਬਖਸ਼ ਸਿੰਘ ਜੀ ਦਾ ਇਕ ਹੋਰ ਗੁਣ ਵੀ ਸੀ। ਉਹ ਸੇਵਕਾਂ ਪਰ ਵਿਹਾਰ ਸਦਾਚਾਰਕ ਤੇ ਲੋਕ ਵਰਤੋਂ ਵਲ ਖਾਸ ਹੀ ਧਿਆਨ ਦਿੰਦੇ ਸਨ। ਉਹ ਇਸ ਨਿਸ਼ਚੇ ਦੇ ਸਨ ਕਿ ਸਾਧੂ ਦੇ ਵਿਹਾਰ ਦੀ ਵਰਤੋਂ ਦਾ ਆਮ ਗ੍ਰਹਿਸਤੀ ਦੇ ਜੀਵਨ ਪਰ ਬੋਝ ਨਹੀਂ ਹੋਣਾ ਚਾਹੀਦਾ। ਸੰਤ ਗੁਰਬਖਸ਼ ਸਿੰਘ ਜੀ ਦੇ ਵਤੀਰੇ ਤੇ ਜ਼ੁਬਾਨ ਦਾ ਅਸਰ ਅੱਜ ਤਕ ਸੰਤ ਈਸ਼ਰ ਸਿੰਘ ਜੀ ਮਹਾਰਾਜ ਪਰ ਹੈ। ਉਹ ਕਈ ਵਾਰ ਉਨ੍ਹਾਂ ਦੀ ਕਿਰਿਆ ਵਿਹਾਰ ਅਚਾਰ ਵਰਤੋਂ ਤੇ ਕਰਣੀ ਦਾ ਜ਼ਿਕਰ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਕਰਿਆ ਕਰਦੇ ਹਨ, ਸੋ ਇਹ ਗੱਲ ਸੱਚ ਹੀ ਹੈ ਕਿ ਸੰਤ ਮਿਲੇ ਤਦ ਕੁਝ ਸੁਣੋ ਕੁਝ ਕਹੋ। ਪਰ ਜਦੋਂ ਵੀ ਕਿਸੇ ਨਾਸਤਕ ਤੇ ਮਨਮੁਖ ਨਾਲ ਵਾਹ ਪਵੇ ਤਦ ਆਨੰਦ ਰਹੋ। ਭਾਵ ਚੁੱਪ ਸਾਧੋ। ਸੰਤ ਨਾਮ ਨਾਲ ਪਰਉਪਕਾਰੀ ਬੋਲਣਗੇ ਭਾਵ ਉਹ ਆਤਮ ਗਿਆਨ, ਸਤਿ ਧਰਮ, ਸਤਿ ਵਿਉਹਾਰ ਤੇ ਕਰਣੀ ਪ੍ਰਧਾਨ ਜੀਵਨ ਦਾ ਵਿਚਾਰ ਕਰਨਗੇ। ਸੰਤਾਂ ਦੀ ਚਰਚਾ, ਮੇਲ ਤੇ ਵਾਰਤਾਲਾਪ ਵਿਚੋਂ ਸਤਿ ਸੰਤੋਖ ਦਾ ਗਿਆਨ, ਧਰਮ ਦਾ ਪਸਾਰ, ਸੰਸਾਰ ਦੀ ਭਲਾਈ, ਮਨੁੱਖ ਮਾਤਰ ਦਾ ਉਧਾਰ ਹੀ ਨਿਕਲੇਗਾ। ਪਰ ਮੂਰਖ ਤੇ ਕੁਝ ਕੂੜੇ ਮਨੁੱਖ ਵਾਧੂ ਸਮਾਂ ਬਰਬਾਦ ਕਰਨ ਤੇ ਵਿਹਾਰ ਨੂੰ ਬੁਰੇ ਪਾਸੇ ਤੋਂ ਸਿੱਧ ਕਰਨ ਦੇ ਉਪਰਾਲੇ ਸੋਚਦੇ ਹਨ। ਸੋ ਸੰਤ ਸਰ ਦਾ ਇਹ ਮੇਲ ਇਕ ਅਮਰ ਯਾਦਗਾਰ ਹੈ। ਜਦੋਂ ਹੀ ਉਸਦੀ ਯਾਦ ਆਵੇ, ਜਦੋਂ ਹੀ ਉਸ ਦੀ ਚਰਚਾ ਚੱਲੇ, ਜਿਸ ਵੀ ਤਰ੍ਹਾਂ ਉਸ ਨੂੰ ਸਿਮਰਨ ਵਿਚ ਲਿਆਓ, ਉਹ ਅਨੰਦ ਦਾ ਸੋਮਾ ਹੈ, ਸਥਾਨ ਦਾ, ਉਸ ਸਮੇਂ ਦਾ ਮਾਹੌਲ, ਸੰਤ ਸਮੂੰਹ ਇਕ ਸਥਾਨ ਪਰ ਇਕ ਹਨ, ਪਰਮ ਤੱਤ ਤੇ ਗਿਆਨ ਪ੍ਰਾਪਤ ਦੇ ਸਾਧਨ ਵਖੋ ਵਖਰੇ ਸਨ। ਅੱਜ ਜਬੋਵਾਲ ਦੇ ਡੇਰੇ ਦਾ ਰੁਖ ਕੁਝ ਹੋਰ ਹੈ ਪਰ ਇਹ ਕਿਸੇ ਤਪਸਵੀ ਸਾਧਨ-ਸਪੰਨ ਮਹਾਂਪੁਰਖ ਦੀ ਯਾਦ ਹੈ, ਜੋ ਸੰਤਾਂ ਦੀ ਦੁਨੀਆਂ ਅੰਦਰ ਰਹੇਗੀ।

## ਅੰਮ੍ਰਿਤ ਪ੍ਰਚਾਰ

ਰਾੜੇ ਢੱਕੀ ਅੰਦਰ ਸੰਤ ਜੀ ਮਹਾਰਾਜ ਕੇਵਲ ਵਿਰਲੇ ਹੀ ਸਮੇਂ ਅੰਮ੍ਰਿਤ ਪ੍ਰਚਾਰ ਕਰਦੇ ਸਨ ਪਰ ਹੁਣ ਪ੍ਰਚਾਰ ਦਾ ਪ੍ਰਵਾਹ ਹੀ ਚਲ ਪਿਆ ਹੈ। ਹਰ ਪੂਰਨਮਾਸ਼ੀ ਸੰਗਰਾਂਦ ਦੇ ਦੀਵਾਨ ਉਪਰੰਤ ਅੰਮ੍ਰਿਤ ਵੇਲੇ ਅੰਮ੍ਰਿਤ ਪ੍ਰਚਾਰ ਹੁੰਦਾ ਹੈ। ਫਿਰ ਸੈਂਕੜੇ ਹੀ ਪ੍ਰਾਣੀ ਗੁਰੂ ਕੇ ਜਹਾਜ਼ ਚੜ੍ਹ ਕੇ, ਗੁਰੂ ਕੀ ਦਾਤ ਪ੍ਰਾਪਤ ਕਰਕੇ ਨਾਮ ਸਿਮਰਨ ਦੀ ਲਗਨ ਵਿਚ ਲੱਗੇ ਹਨ। 1933-34 ਤੋਂ ਲੈ ਕੇ ਹੁਣ ਤਕ ਤਕਰੀਬਨ ਪੰਜ ਲੱਖ ਤੋਂ ਉਪਰ ਪ੍ਰਾਣੀ ਇਸ ਮਹਾਨ ਲਹਿਰ ਤੋਂ ਮੁਤਾਸਰ ਹੋ ਕੇ ਅੰਮ੍ਰਿਤ ਧਾਰਨ ਕਰ ਚੁੱਕੇ ਹਨ। ਇਨ੍ਹਾਂ ਦੇ ਅੰਮ੍ਰਿਤ ਧਾਰਨ ਕਰਨ ਦਾ ਇਕੋ ਹੀ ਗੁਣ ਹੈ ਕਿ ਇਥੇ ਨਾਮ ਮਾਤਰ ਵੀ ਕਟਰਪੁਣਾ ਨਹੀਂ। ਪਰ ਹਾਂ ਸਿੱਖੀ ਦੀ ਰਹਿਤ ਮਰਿਆਦਾ ਬਿਲਕੁਲ ਹੀ ਸਖਤੀ ਤੇ ਅਮਲ ਸਹਿਤ ਦਸਦੇ ਹਨ। ਰਹਿਤ ਮਰਿਆਦਾ ਅੰਦਰ ਸੰਤ ਜੀ ਮਹਾਰਾਜ ਇਤਨੇ ਪਰਪੱਕ ਹਨ ਕਿ ਉਹ ਢਿੱਲੇ ਮੱਠਿਆਂ ਨੂੰ ਘੱਟ ਹੀ ਮੂੰਹ ਲਗਾਉਂਦੇ ਹਨ। ਇਕ ਵਾਰੀ ਇਕ ਸਿੱਖ ਸੰਪਰਦਾਏ ਦਾ ਅਖਾੜਾ ਡੇਰੇ ਆ ਉਤਰਿਆ। ਉਨ੍ਹਾਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਪਾਸੋਂ ਰਾਸ਼ਨ ਆਦਿਕ ਦੀ ਮੰਗ ਵੀ ਕੀਤੀ, ਸੰਤ ਜੀ ਮਹਾਰਾਜ ਵੀ ਜਲਾਲ ਵਿਚ ਆ ਗਏ।



Sri Satguru Jagjit Singh Ji eLibrary NamdhariElibrary@gmail.com

ਫੁਰਮਾਇਆ ਕਿ ਭਾਈ ਇਹ ਤਾਂ ਗੁਰੂ ਕੇ ਤਿਆਰ ਬਰ ਤਿਆਰ ਸਿੰਘਾਂ ਦਾ ਡੇਰਾ ਹੈ। ਗੁਰੂ ਕਾ ਲੰਗਰ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਹੀ ਤਿਆਰ ਮਿਲਦਾ ਹੈ ਪਰ ਜੋ ਆਦਮੀ ਗੁਰੂ ਕੀ ਰਹਿਤ ਮਰਿਆਦਾ ਨੂੰ ਹੀ ਤਲਾਂਜਲੀ ਦੇ ਬੈਠਾ ਹੈ ਅਸੀਂ ਉਸ ਨੂੰ ਨਾ ਹੀ ਆਪਣਾ ਵੱਡਾ ਹੀ ਮੰਨਦੇ ਹਾਂ ਤੇ ਨਾ ਹੀ ਸਾਡਾ ਉਸ ਨਾਲ ਕੋਈ ਵਾਸਤਾ ਹੀ ਹੈ।

ਹੋਰ ਜਥਿਆਂ ਦੇ ਅੰਮ੍ਰਿਤ ਪ੍ਰਚਾਰ ਨਾਲੋਂ ਇਕ ਹੋਰ ਫਰਕ ਵੀ ਇਥੇ ਹੈ। ਜਿਥੇ ਅੰਮ੍ਰਿਤ ਰਸਮ ਸਮਝ ਕੇ ਹੀ ਛਕਾਇਆ ਜਾਂਦਾ ਹੈ ਉਥੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਣ ਵਾਲਿਆਂ ਨਾਲ ਕੋਈ ਲਗਾਉ ਨਹੀਂ ਹੁੰਦਾ। ਉਹ ਇਸ ਕਰਮ ਨੂੰ ਕੇਵਲ ਗਲ ਪਏ ਢੋਲ ਹੀ ਸਮਝ ਕੇ ਵਜਾਉਂਦੇ ਹਨ। ਪਰ ਸੰਤਾਂ ਪਾਸੋਂ ਅੰਮ੍ਰਿਤ ਪਾਨ ਕਰਨ ਵਾਲੇ ਤੇ ਕਰਾਉਣ ਵਾਲੇ ਦੋਨਾਂ ਦੀ ਧਾਰਨਾ ਵਿਚ ਨਿਸ਼ਚੇ, ਕਰਮ ਤੇ ਵਰਤਾਉ ਵਿਚ ਹੋਰਨਾਂ ਨਾਲੋਂ ਭਾਰੀ ਅੰਤਰ ਹੁੰਦਾ ਹੈ। ਸੰਤਾਂ ਪਾਸ ਅੰਮ੍ਰਿਤ ਪਾਨ ਕਰਨ ਹਾਰ ਇਹ ਸਮਝਦਾ ਹੈ ਕਿ ਮੈਂ ਇਹ ਮਹਾਨ ਦਾਤ ਜੀਵਨ ਸੁਹੇਲਾ ਕਰਨ ਹਿਤ ਹੀ ਧਾਰਨ ਕਰਨ ਲੱਗਾ ਹਾਂ। ਜਦੋਂ ਤਕ ਇਹ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕਰਦਾ, ਸਤਿਪੁਰਖਾਂ ਦੀ ਕਮਾਈ ਦਾ ਹਿੱਸੇਦਾਰ ਬਣ ਨਹੀਂ ਸਕਦਾ। ਅੰਮ੍ਰਿਤਪਾਨ ਕਰਨਹਾਰ ਦਾ ਇਹ ਨਿਸ਼ਚਾ ਕਿਸੇ ਹਦ ਤਕ ਸੱਚ ਵੀ ਹੈ, ਜੋ ਸਿੰਘ ਇਹ ਸਮਝ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਕਿ ਉਹ ਇਸ ਸਮੇਂ ਗੁਰੂ ਦੇ ਬਖਸ਼ੇ ਹੋਏ ਉਸ ਪਵਿੱਤਰ ਖਜ਼ਾਨੇ ਨੂੰ ਖੋਹਲ ਰਹੇ ਹਨ, ਜਿਸ ਵਿਚੋਂ ਜੀਵਨ ਦੇ ਅਮੋਲ ਰਤਨ ਪੈਦਾ ਹੋਏ ਹਨ ਉਨ੍ਹਾਂ ਪਾਸੋਂ ਅੰਮ੍ਰਿਤ ਪਾਨ ਕਰਨ ਵਾਲਿਆਂ ਵਿਚੋਂ ਕੋਈ ਸੰਤ ਅਤਰ ਸਿੰਘ, ਕੋਈ ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਕਰਮ ਸਿੰਘ ਜਾਂ ਫਿਰ ਬਾਬਾ ਈਸ਼ਰ ਸਿੰਘ ਹੋ ਸਕਦਾ ਹੈ। ਅੰਮ੍ਰਿਤ ਪਾਨ ਕਰਨ ਵਾਲਾ ਸ਼ਰਧਾਵਾਨ ਸਿਦਕੀ ਤੇ ਅੰਮ੍ਰਿਤ ਦੀ ਦਾਤ ਦਾ ਅਧਿਕਾਰੀ ਹੋਵੇ ਫਿਰ ਅੰਮ੍ਰਿਤ ਦੀ ਦਾਤ ਤਿਆਰ ਕਰਕੇ ਜਗਿਆਸੂ ਨੂੰ ਪਾਨ ਕਰਾਉਣ ਸਮੇਂ ਹੀ ਉਹ ਗੁਰੂ ਦੇ ਰੂਪ ਅੰਦਰ ਅਭੇਦ ਹੋਵੇ ਤਦ ਇਹ ਇਕ ਐਸਾ ਮੇਲ ਹੈ ਜੋ ਉਹ ਹਰ ਜਗ੍ਹਾ ਦਿਸ ਨਹੀਂ ਸਕਦਾ।

ਤੱਕਣ ਵਿਚ ਇਹ ਗੱਲ ਆਈ ਹੈ ਕਿ ਜਿਸ ਪ੍ਰਾਣੀ ਨੇ ਅੰਮ੍ਰਿਤ ਪਾਨ ਕਿਸੇ ਮਹਾਂਪੁਰਸ਼ ਪਾਸੋਂ ਕੀਤਾ ਹੈ, ਨਿਸ਼ਚੇ ਅਨੁਸਾਰ ਸਤਿ ਸਬਦ ਦੀ ਕਮਾਈ ਤੇ ਗੁਰਮਤਿ ਅਨੁਸਾਰ ਧਾਰਮਕ ਲੀਹਾਂ ਧਾਰਨ ਕੀਤੀਆਂ ਉਹ ਆਪ ਤਾਂ ਮੁਕਤ ਹੋ ਹੀ ਗਿਆ ਸਗੋਂ ਉਸ ਨੇ ਹੋਰ ਲੱਖਾਂ ਜੀਵਨਾਂ ਦਾ ਉਧਾਰ ਵੀ ਕੀਤਾ ਹੈ।

ਸੰਤ ਜੀ ਮਹਾਰਾਜ ਦੇ ਉਪਦੇਸ਼ੀ ਸਿੰਘਾਂ ਪਾਸੋਂ ਸਖਤੀ ਨਾਲ ਜਿਥੇ ਇਹ ਪ੍ਰਣ ਲਿਆ ਜਾਂਦਾ ਹੈ ਕਿ ਉਹ ਮਾਸ ਮਦਰਾ ਪਾਨ ਨਹੀਂ ਕਰਨਗੇ। ਉਸ ਨੂੰ ਇਖਲਾਕ ਚਲਣ ਦੀ ਉਚਤਾ ਦੇ ਨਾਲ ਹੀ ਸਿਮਰਨ ਦੀ ਇਕ ਅਚੁਕ ਲੀਹ ਪਰ ਵੀ ਤੋਰਨ ਦਾ ਯਤਨ ਕੀਤਾ ਜਾਂਦਾ ਹੈ। ਇਹ ਤਾਂ ਅਗਲੇ ਦੇ ਪੂਰਬਲੇ ਕਰਮਾਂ ਦੇ ਮੇਲ ਦਾ ਹੀ ਚਿੰਨ੍ਹ ਹੈ। ਮੇਰੀ ਰਾਏ ਹੈ ਕਿ ਪੂਰਨ ਸਮੇਂ ਦੇ ਕਰਮ ਤੇ ਸੰਜੋਗ ਹੀ ਇਹ ਸਮਾਂ ਬਣਾਉਂਦੇ ਹਨ ਕਿ ਮਨੁੱਖ ਨੂੰ ਸਤਿਪੁਰਖਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਸਤਿਪੁਰਖਾਂ ਨੇ ਸਤਿ ਤੇ ਸਤਿ ਸਰੂਪ ਦੀ ਅਰਾਧਨਾ ਕਰਕੇ ਪ੍ਰਭੂ ਨੂੰ ਆਪਣੇ ਅੰਦਰ ਪਰਤੱਖ ਤੱਕਿਆ। ਉਨ੍ਹਾਂ ਦੇ ਉਪਦੇਸ਼ ਗੱਲਾਂ ਵਾਲੇ ਨਹੀਂ ਸਗੋਂ ਕਰਣੀ ਵਾਲੇ ਹੁੰਦੇ ਹਨ। ਫਿਰ ਇਹ ਨਿਸ਼ਚਾ ਜਗਿਆਸੂ ਨੂੰ ਹੁੰਦਾ ਹੈ ਕਿ ਉਹ ਗੁਰੂ ਪ੍ਰਮੇਸ਼ਰ ਵਾਲਾ ਹੋ ਕੇ ਹੁਣ ਪਿਛਲੇ ਜੀਵਨ ਨੂੰ ਛੱਡੇਗਾ। ਇਹ ਸੰਜੋਗ ਤੇ ਰੰਗ ਰਸ ਮਤਾ ਜੀਵਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਹਰ ਦੀਵਾਨ ਦੀ ਸਮਾਪਤੀ ਪਿਛੋਂ ਸੈਂਕੜੇ ਨਹੀਂ ਹਜ਼ਾਰਾਂ ਹੀ ਕਰਮਵਾਨਾਂ ਨੂੰ ਪ੍ਰਾਪਤ ਹੁੰਦਾ ਹੈ। ਉਨ੍ਹਾਂ ਕਰਮ ਸ਼ੀਲ ਕਰਮ ਦੇ ਧਨੀਆਂ ਦੀ ਗਿਣਤੀ ਹਰ ਸਾਲ ਦਸ ਹਜ਼ਾਰ ਤੋਂ ਉਪਰ ਚਲੀ ਜਾਂਦੀ ਹੈ। ਜੋ ਇਸ ਜ਼ਿਲੇ ਦੇ ਹੀ ਸੰਤ ਜੀ ਮਹਾਰਾਜ ਦੇ ਜਥੇ ਰਾਹੀਂ ਗੁਰੂ ਵਾਲੇ ਬਣਦੇ ਹਨ। ਬਾਕੀ ਸਾਰੇ ਇਲਾਕੇ ਤੇ ਯੂ.ਪੀ. ਵਿਚ ਗਿਆਨੀ ਬਾਦਲ ਸਿੰਘ ਜੀ ਸਾਬਕਾ ਇੰਚਾਰਜ ਯੂ.ਪੀ. ਸਿੱਖ ਮਿਸ਼ਨ ਹਾਪੜ ਦੇ ਕਥਨ ਅਨੁਸਾਰ ਸੌ ਪਰਚਾਰਕ ਜੋ ਮਿਸ਼ਨ ਦਾ ਕੰਮ ਕਰਦੇ ਸਨ, ਇਕ ਸਾਲ ਪੂਰੀ ਤਨਦੇਹੀ ਨਾਲ ਕੰਮ ਕਰਕੇ ਜੋ ਅੰਮ੍ਰਿਤ ਦੀ ਦਾਤ ਨਾਲ ਬਣਨ ਵਾਲੇ ਸਿੰਘ ਤੇ ਪਿਛਲਾ ਸਿੱਖਾਂ ਅੰਦਰ ਸਿੱਖੀ ਦਾ ਜਜ਼ਬਾ ਤੇ ਸਿੱਖੀ ਅੰਦਰ ਪਿਆਰ ਸ਼ਰਧਾ ਪੈਦਾ ਨਹੀਂ ਕਰ ਸਕਦੇ ਉਹ ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਇਕ ਹੀ ਦੀਵਾਨ ਕਰ ਦਿੰਦਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਉਹ ਤਰੇਲ ਦੇ ਤੁਪਕਿਆਂ ਵਾਂਗ ਖੇਤਾਂ ਪਰ ਉਪਰੋਂ ਹੀ ਪਾਣੀ ਦੇ ਛਿੱਟੇ ਮਾਰਦੇ ਹਨ, ਪਰ ਸੰਤ ਜੀ ਮਹਾਰਾਜ ਦੇ ਮਨੋਹਰ ਕੀਰਤਨ ਤੇ ਅੰਮ੍ਰਿਤ ਬਚਨ ਆਮ ਤੇ ਸਿੱਧੇ ਪਧਰੇ ਲੋਕਾਂ ਦੀਆਂ ਆਤਮਾਵਾਂ ਪਰ ਉਸ ਤਰ੍ਹਾਂ ਅਸਰ ਕਰਦੇ ਹਨ ਜਿਸ ਤਰ੍ਹਾਂ ਸਾਵਨ ਦੇ ਮੀਂਹ ਦਾ ਹਰ ਖੇਤ ਉਚਾ ਨੀਵਾਂ ਇਕੋ ਜਿਹਾ ਅਸਰ ਕਬੂਲਦਾ ਹੈ।

ਜੋ ਵੀ ਪ੍ਰਾਣੀ ਇਕ ਵਾਰੀ ਇਨ੍ਹਾਂ ਦੀ ਸੰਗਤ ਕਰ ਜਾਏਗਾ ਉਹ ਘੱਟੋ ਘੱਟ ਬਦੀ ਤੋਂ ਤਾਂ ਹਟ ਹੀ ਜਾਏਗਾ। ਇਹ ਇਕ ਮਹਾਨ ਸਤਾ ਹੈ ਜੋ ਲੋਕਾਂ ਨੂੰ ਗੁਰੂ ਵਾਲੇ ਬਣਾ ਕੇ ਫਿਰ ਆਤਮਦੇਸ਼ ਦੇ ਉਤਮ ਸਥਾਨ ਦੇ ਧਾਰਨੀ ਹੋਣ ਲਈ ਪਰੇਰਨਾ ਦਿੰਦੀ ਹੈ। ਮੈਂ ਇਹ ਨਿਸ਼ਚੇ ਨਾਲ ਕਹਿ ਸਕਦਾ ਹਾਂ ਕਿ ਜਗਿਆਸੂ ਇਥੇ ਆ ਕੇ ਸਿਰ ਝੁਕਾ ਕੇ ਧੱਕਾ ਵੀ ਬਰਦਾਸ਼ਤ ਕਰਦਾ ਹੈ ਉਹ ਹੋਰ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਹਰ ਮਨੁੱਖ ਵੱਧ ਤੋਂ ਵੱਧ ਸੰਤ ਜੀ ਦਾ ਨੇੜ ਪਰਾਪਤ ਕਰਨਾ ਪਸੰਦ ਕਰਦਾ ਹੈ। ਇਸ ਲਈ ਹਰ ਕਿਸੇ ਨੂੰ ਇਹ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਉਹ ਜਿਤਨਾ ਵੀ ਸਮਾਂ ਇਥੇ ਸਤਿਪੁਰਸ਼ਾਂ ਦੀ ਸੰਗਤ ਵਿਚ ਰਹੇ ਉਸ ਨੂੰ ਉਸ ਤੋਂ ਵੱਧ ਕਈ ਗੁਣਾਂ ਅਧਿਕ ਲਾਭ ਹੀ ਹੋਵੇਗਾ। ਸਤਿ ਸਰੂਪ ਦੀ ਲੱਖਤਾ ਕਰਾਉਣ ਹਿਤ ਉਹ ਜ਼ੁਬਾਨੀ ਨਹੀਂ ਸਗੋਂ ਅਮਲੀ ਤੇ ਕਰਮ ਦੀ ਸੁਣਵਾਈ ਕਰਨ ਲਈ ਆਗਿਆ ਮੰਨਦੇ ਹਨ। ਸਤਿ ਕਰਮ, ਸਤਿ ਬਿਉਹਾਰ, ਸਤਿ ਕਰਣੀ, ਸਤਿ ਰਹਿਤ ਇਹ ਇਕੋ ਹੀ ਜਗ੍ਹਾ ਤੱਕਣ ਹਿਤ ਸਾਨੂੰ ਇਕ ਹੀ ਸਥਾਨ ਪਰ ਜਾਣਾ ਪੈਂਦਾ ਹੈ। ਉਹ ਆਪਣੇ ਆਪ ਵਿਚ ਮੁਕੰਮਲ ਮਹਾਨ ਸਖਸ਼ੀਅਤ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਹੈ। ਹਰ ਸਾਧੂ ਦੀ ਇਹ ਖਾਹਸ਼ ਹੁੰਦੀ ਹੈ ਕਿ ਉਸ ਦੇ ਚੇਲੇ ਵੱਡੇ ਲੋਕ ਹੋਣ। ਫਿਰ ਉਹ ਜਦੋਂ



Sri Satguru Jagjit Singh Ji eLibrary NamdhariElibrary@gmail.com

ਵੀ ਸਾਧੂ ਦੀ ਸੰਗਤ ਕਰਨ ਆਉਣ, ਉਸ ਦੇ ਸੇਵਕ ਪਹਿਲਾਂ ਹੀ ਉਨ੍ਹਾਂ ਦੇ ਸਵਾਗਤ ਹਿਤ ਹਾਜ਼ਰ ਹੋਣ, ਫਿਰ ਕਈ ਵੱਡੀਆਂ ਵੱਡੀਆਂ ਗੱਦੀਆਂ ਦੇ ਮਾਲਕ ਹੋਣ ਵਾਲੇ ਵੀ ਜਦੋਂ ਇਸ ਪ੍ਰੀਖਿਆ ਪਰ ਆਉਂਦੇ ਹਨ ਤਦ ਉਹ ਵੀ ਫਿਕਰਮੰਦ ਹੋ ਜਾਂਦੇ ਹਨ ਕਿ ਮਤਾਂ ਕੋਈ ਚੇਲਾ ਚਾਟੜਾ ਵਿਗੜ ਹੀ ਜਾਵੇ ਜਾਂ ਫਿਰ ਉਸ ਦੀ ਗੈਰ ਹਾਜ਼ਰੀ ਵਿਚ ਕੋਈ ਨੁਕਸਾਨ ਹੀ ਕਰਦਾ ਹੋਵੇ। ਪਰ ਸੰਤ ਜੀ ਮਹਾਰਾਜ ਇਕਦਮ ਹੀ ਵਖਰੇ ਹੀ ਮਾਹੌਲ ਵਿਚ ਰਹਿੰਦੇ ਹਨ। ਉਹ ਕੇਵਲ ਇਕ ਗੱਲ ਦੀ ਪ੍ਰਵਾਹ ਕਰਦੇ ਹਨ ਕਿ ਬਣੇ ਹੋਏ ਪ੍ਰੋਗ੍ਰਾਮ ਤੇ ਕਰਮਯੋਗ ਅੰਦਰ ਕੋਈ ਵੀ ਦਾਖਲ ਨਾ ਹੋਵੇ, ਨਾ ਹੀ ਉਸ ਅੰਦਰ ਕੋਈ ਵਿਘਨ ਹੀ ਆਵੇ। ਬਾਕੀ ਮਨੁੱਖ ਤਾਂ ਆਉਣੇ ਜਾਣੇ ਹਨ, ਕੋਈ ਨਹੀਂ ਆਵੇਗਾ ਉਸ ਦੇ ਭਾਗ, ਉਹ ਸੰਗਤ ਦਾ ਕੀ ਵਿਗਾੜ ਲਏਗਾ। ਪਰ ਜਿਉਂ ਜਿਉ ਸੰਤ ਮਹਾਰਾਜ ਵਧ ਰਹੇ ਪਰਪੰਚ ਨੂੰ ਵਧਣੋਂ ਰੋਕਦੇ ਹਨ, ਉਹ ਰੋਜ਼ ਤਰੱਕੀ ਪਰ ਹੈ। ਹਰ ਸਾਲ ਦੀਵਾਨਾਂ ਦੀ ਗਿਣਤੀ ਵਧਦੀ ਜਾਂਦੀ ਹੈ।

ਸੰਤ ਜੀ ਮਹਾਰਾਜ ਸਿੱਖੀ ਨੂੰ ਸਤਿਗੁਰਾਂ ਨਾਲ ਜੀਵਨ ਦਾ ਤਬਾਦਲਾ ਸਮਝਦੇ ਹਨ। ਉਹ ਇਸ ਆਦਰਸ਼ ਦੇ ਹਨ ਕਿ ਜਦੋਂ ਮਨੁੱਖ ਗੁਰੂ ਵਾਲਾ ਹੋ ਗਿਆ ਫਿਰ ਪਿਛਲਾ ਜੀਵਨ ਹੀ ਮੁਕ ਗਿਆ, ਨਵੀਆਂ ਲੀਹਾਂ ਪਰ ਜੀਵਨ ਦੀ ਗੱਡੀ ਚਲ ਪੈਂਦੀ ਹੈ। ਉਹ ਹਰ ਮਨੁੱਖ ਜੋ ਸਫਲਤਾ ਦੀਆਂ ਆਖਰੀ ਮੰਜ਼ਲਾਂ ਪ੍ਰਾਪਤ ਕਰਨਾ ਚਾਹੁੰਦਾ ਹੈ। ਉਹ ਮੁਰੀਦ ਜਾਂ ਫਿਰ ਮੁਰਦਾ ਹੋ ਕੇ ਹੀ ਗੁਰੂ ਗੋਰ ਅੰਦਰ ਸਮਾਅ ਸਕਦਾ ਹੈ। ਜੀਵਨ ਦਾ ਅਹੰਕਾਰ ਹੋਰ ਕਿਸੇ ਤਰ੍ਹਾਂ ਟੁੱਟ ਨਹੀਂ ਸਕਦਾ। ਸੋ ਜੋ ਮਨੁੱਖ ਇਕ ਵਾਰੀ ਮਹਾਂਪੁਰਸ਼ਾਂ ਨਾਲ ਜੁੜ ਗਿਆ ਹੋਵੇ ਉਕਾ ਮਨੋ ਜੁੜਿਆ ਹੋਵੇ ਫਿਰ ਟੁਟ ਜਾਣਾ ਤੇ ਅਲੱਗ ਹੋ ਜਾਣਾ ਉਸ ਦੇ ਵਸ ਦਾ ਰੋਗ ਨਹੀਂ ਰਹਿ ਜਾਂਦਾ। ਫਿਰ ਅੰਮ੍ਰਿਤ ਦੀ ਦਾਤ ਦੇਣਾ ਤਾਂ ਇਕ ਤਰ੍ਹਾਂ ਇਸ ਦੇ ਅੰਦਰ ਹੀ ਬੈਠੇ ਹੋਏ ਆਪਣੇ ਰੂਪ ਵਲ ਝਾਤ ਮਾਰਨ, ਜੋਤ ਦਾ ਚਿੰਤਨ ਕਰਨ ਹਿਤ ਹੈ। ਮਹਾਂਪੁਰਖਾਂ ਦੀ ਸੰਗਤ ਹੋਣ ਨਾਲ ਆਤਮ ਸਰੂਪ ਦੀ ਲਖਤਾ ਹੋ ਸਕਣ ਦਾ ਮੁੱਢ ਵੀ ਬਝਦਾ ਹੈ।

ਅਸੀਂ ਸਮਝਦੇ ਹਾਂ ਕਿ ਅੰਮ੍ਰਿਤ ਦੀ ਦਾਤ ਤੇ ਫਿਰ ਕਿਸੇ ਬਖਸ਼ੀ ਹੋਈ ਆਤਮਾ ਹੱਥੋਂ ਹੀ ਪ੍ਰਾਪਤ ਹੋਵੇ। ਇਸ ਤੋਂ ਉਤਮ ਕਰਮ ਕਿਸੇ ਹੋਰ ਮਨੁੱਖ ਦੇ ਹੋ ਨਹੀਂ ਸਕਦੇ। ਮਹਾਂਪੁਰਖ ਹੋਰ ਗੱਲਾਂ ਤੋਂ ਫਰਕ ਤੇ ਪ੍ਰਹੇਜ਼ ਕਰਨਗੇ ਪਰ ਜਦੋਂ ਹੀ ਕੋਈ ਗੁਰੂ ਵਾਲਾ ਬਣਨ ਹਿਤ ਅੰਮ੍ਰਿਤ ਦੀ ਦਾਤ ਮੰਗੇ ਆਪ ਕਦੇ ਵੀ ਇਨਕਾਰ ਨਹੀਂ ਕਰਨਗੇ। ਉਹ ਜਾਣਦੇ ਹਨ ਕਿ ਗੁਰੂ ਵਾਲਾ ਹੋਣ ਉਪਰੰਤ ਹੀ ਕੋਈ ਮਨੁੱਖ ਸਤਿ ਸਰੂਪ ਦੀ ਪ੍ਰਾਪਤੀ ਕਰਦਾ ਹੈ ਜੋ ਕਿ ਮਹਾਂਪੁਰਖਾਂ ਦਾ ਆਦਰਸ਼ ਤੇ ਧੇਅ ਵਲ ਪਹਿਲਾ ਕਦਮ ਉਠਾਉਂਦਾ ਹੈ। ਅੰਮ੍ਰਿਤ ਧਾਰਨ ਕਰਨਾ ਇਕ ਨਿਯਮ ਬਧ ਜੀਵਨ ਧਾਰਨ ਕਰਨਾ ਹੈ। ਜਿਸ ਤੋਂ ਬਿਨਾਂ ਕੋਈ ਵੱਡਾ ਸਾਧਨ ਵੀ ਹੋਣਾ ਅਸੰਭਵ ਹੈ। ਸੋ ਹੋਰ ਹਰ ਵਿਹਾਰ ਨਾਲੋਂ ਉਤਮ ਕਰਮ ਇਹੀ ਸਮਝਦੇ ਹਨ ਕਿ ਇਹ ਇਕ ਪ੍ਰੀਖਿਆ ਹੈ ਕਿ ਲੋਕਾਂ ਪਰ ਮਹਾਂਪੁਰਖਾਂ ਦੇ ਪ੍ਰਚਾਰ ਦਾ ਕੀ ਅਸਰ ਹੈ। ਹੋਰ ਸਾਧਨਾ ਤਾਂ ਵੱਡੀ ਗੱਲ ਹੈ, ਅੰਮ੍ਰਿਤ ਬਿਨਾ ਉਹ ਗੁਰੂ ਵਾਲੇ ਹੀ ਨਹੀਂ ਬਣ ਸਕਦੇ। ਗੁਰੂ ਮੰਤਰ ਹੀਣਾ ਮਨੁੱਖ ਸਿਖੀ ਅੰਦਰ ਅਤੀ ਨੀਵਾਂ ਤੇ ਅਧਮ ਮਨੁੱਖ ਹੈ।

ਸੰਤ ਜੀ ਮਹਾਰਾਜ ਕਿਉਂਕਿ ਭਾਈ ਦਇਆ ਸਿੰਘ ਜੀ ਦੀ ਸੰਪਰਦਾਏ ਦੇ ਚਮਕਦੇ ਤੇ ਅਮੋਲ ਹੀਰੇ ਹਨ। ਇਸ ਲਈ ਉਨ੍ਹਾਂ ਦੇ ਮਨ ਵਿਚ ਇਹ ਖਾਹਿਸ਼ ਰਹਿੰਦੀ ਹੈ ਕਿ ਉਨ੍ਹਾਂ ਦੀ ਕਰਣੀ ਤੇ ਉਤਮ ਕਿਰਿਆ ਤੋਂ ਲੋਕ ਭਾਈ ਦਇਆ ਸਿੰਘ, ਸਿੰਘ ਸਾਹਿਬ ਦੀ ਯਾਦ ਹਰ ਸਮੇਂ ਮਨਾਂ ਵਿਚ ਤਾਜ਼ਾ ਰਖ ਸਕਣ।

ਕਰਣੀ ਦੀ ਪ੍ਰਧਾਨਤਾ ਤੇ ਹੋਰ ਉਪਦੇਸ਼ ਲੋਕਾਂ ਲਈ ਹੈ ਇਥੇ ਪਹਿਲਾਂ ਆਪਣੇ ਪਰ ਲਾਗੂ ਕਰਕੇ ਹੀ, ਲੋਕਾਂ ਨੂੰ ਦਸਿਆ ਜਾਂਦਾ ਹੈ, ਕਰਮ ਗਿਆਨ ਤੇ ਸ਼ਬਦ ਸੁਰਤ ਦੀ ਸਦੀਵੀ ਲੋੜ ਹੈ, ਫਿਰ ਸਤ ਸ਼ਬਦ ਦੇ ਸਾਧਨਾ ਰਾਹੀਂ ਆਤਮਾ ਨੂੰ ਪ੍ਰਤੱਖ ਤਕ ਕੇ ਸਤਿ ਚਿੰਤਨ ਸੱਚ ਰਹਿਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਲੰਗਰ ਤੇ ਹੋਰ ਡੇਰੇ ਸਾਰੇ ਵਿਵਹਾਰ ਸੰਤ ਕਿਸ਼ਨ ਸਿੰਘ ਜੀ ਚਲਾਉਂਦੇ ਹਨ। ਕਦੇ ਵੀ ਉਨ੍ਹਾਂ ਨੂੰ ਇਹ ਕਹਿਣ ਦੀ ਲੋੜ ਨਹੀਂ ਪੈਂਦੀ ਕਿ ਬਾਹਰੋਂ ਆਏ ਸੱਜਣ ਦੀ ਸੰਭਾਲ ਕਰਨੀ ਹੈ। ਸਗੋਂ ਸੱਚ ਤਾਂ ਇਹ ਹੈ ਕਿ ਕੰਮਚੋਰ ਤੇ ਬੇਸਬਰਾ ਮਨੁੱਖ ਕਦੇ ਵੀ ਸਤਿ ਸਰੂਪ ਦੀ ਲਖਤਾ ਤਾਂ ਇਕ ਪਾਸੇ ਸਤਿ ਪੁਰਖਾਂ ਦੀ ਸੰਗਤ ਵਿਚ ਵੀ ਨਹੀਂ ਟਿਕ ਸਕਦਾ। ਕਿਉਂਕਿ ਇਥੇ ਸੰਤ ਜੀ ਮਹਾਰਾਜ ਵਲੋਂ ਮੁਢਲੀ ਪ੍ਰੀਖਿਆ ਬੜੀ ਹੀ ਕਰੜੀ ਹੈ। ਖੇਤੀ ਬਾੜੀ ਤੋਂ ਸੈਂਕੜੇ ਲੋਕਾਂ ਲਈ ਪ੍ਰਸ਼ਾਦਿ ਤਿਆਰ ਕਰਨਾ, ਇਹ ਕਰਮ ਹਨ ਜੋ ਨਾਮ ਅਭਿਆਸ ਤੇ ਇਥੋਂ ਤਕ ਪ੍ਰਾਣੀ ਲਈ ਮੁਢਲੇ ਤੌਰ ਪਰ ਕਰਨੇ ਬਹੁਤ ਹੀ ਜ਼ਰੂਰੀ ਹਨ। ਜਿਸ ਮਨੁੱਖ ਨੇ ਸਾਧੂ ਹੋ ਕੇ ਕਲ੍ਹ ਨੂੰ ਲੋਕਾਂ ਤੋਂ ਪੂਜਾ ਕਰਵਾਉਣੀ ਹੈ ਉਹ ਪਹਿਲਾਂ ਆਪ ਤਾਂ ਅਗਿਆਕਾਰ ਬਣੇ। ਜੋ ਆਪ ਆਗਿਆ ਮੰਨ ਕੇ ਲੰਗਰ ਦਾ ਝਾੜੂ ਤੇ ਜੂਠੇ ਬਰਤਨ ਨਹੀਂ ਮਾਂਜ ਸਕਦਾ ਉਹ ਕਲ੍ਹ ਨੂੰ ਹੋਰਨਾਂ ਤੋਂ ਸੇਵਾ ਦੀ ਕਿਉਂ ਆਸ ਕਰੇ। ਜੋ ਮਨੁੱਖ ਸੇਵਾ ਹੀਣੇ ਹੋ ਕੇ ਡੇਰੇ ਤੋਂ ਚਲੇ ਜਾਂਦੇ ਹਨ ਸੰਤ ਜੀ ਮਹਾਰਾਜ ਉਨ੍ਹਾਂ ਨੂੰ ਵਾਪਸ ਬੁਲਾਉਣ ਦਾ ਕਦੇ ਯਤਨ ਨਹੀਂ ਕਰਦੇ।

ਸੰਤ ਜੀ ਮਹਾਰਾਜ ਦੇ ਹੱਥੋਂ ਜਾਂ ਫਿਰ ਡੇਰੇ ਦੇ ਸਿੰਘਾਂ ਦੇ ਹੱਥੋਂ ਜੋ ਵੀ ਪ੍ਰਾਣੀ ਅੰਮ੍ਰਿਤ ਪਾਨ ਕਰੇ, ਉਹ ਸਤਿ ਸੰਤੋਖ ਦਇਆ ਧਰਮ ਜੀਵਨ ਆਦਿਕ ਪਉੜੀਆਂ ਉਸੇ ਹੀ ਦਿਨ ਤੋਂ ਚੜ੍ਹਨਾ ਆਰੰਭ ਕਰ ਦਿੰਦਾ ਹੈ। ਸੰਤ ਜੀ ਮਹਾਰਾਜ ਦੇ ਹੱਥੋਂ ਕੀਤੇ ਹੋਏ ਅੰਮ੍ਰਿਤਪਾਨ ਵਾਲੇ ਪ੍ਰਾਣੀਆਂ ਵਿਚ ਹਜ਼ਾਰਾਂ ਵਿਚੋਂ ਵਿਰਲੇ ਹੀ ਪਤਿਤ ਜਾਂ ਫਿਰ ਰਹਿਤ ਹੀਣ ਹੁੰਦੇ ਹਨ। ਕਿਉਂਕਿ ਇਥੇ ਅੰਮ੍ਰਿਤ ਕੇਵਲ ਦਰਸ਼ਨ ਨਹੀਂ ਸਗੋਂ ਸਤਿ ਦੇ ਮਾਰਗ ਪਰ ਤੁਰਨ ਦੀ ਪਹਿਲੀ ਪ੍ਰਤੱਗਿਆ ਹੈ ਜੋ ਮਹਾਂਪੁਰਖ ਕਰਵਾਉਂਦੇ ਹਨ ਤੇ ਸੇਵਕ ਸਾਮ੍ਹਣੇ ਕਰਮ ਦੀ ਪ੍ਰਧਾਨਤਾ ਆ ਜਾਂਦੀ ਹੈ।

***ਗਿ. ਮੇਹਰ ਸਿੰਘ ਰਚਿਤ ਪੁਸਤਕ***
***'ਨੌ ਰਤਨ' ਵਿਚੋਂ ਧੰਨਵਾਦ ਸਹਿਤ***

**L L L L L L L**



Sri Satguru Jagjit Singh Ji eLibrary NamdhariElibrary@gmail.com

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਫਰਵਰੀ ਅੰਕ, ਪੰਨਾ - 18)*

## ਪੜਦਾ ਹਟਾਉਣ ਦੀ ਤਿਆਰੀ (ਗੁਰੂ ਦੀ ਭਾਲ)

ਹਰ ਜਗਿਆਸੂ ਦਾ ਆਪਣਾ ਇਕ ਸੰਕਲਪ ਹੁੰਦਾ ਹੈ ਕਿ ਗੁਰੂ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਜੇ ਤੁਸੀਂ ਮੇਰੇ ਕੋਲ ਆਓ ਤੇ ਤੁਸੀਂ ਮੈਨੂੰ ਦੇਖਣ ਲਈ ਹਾਲੇ ਤਿਆਰ ਨਹੀਂ ਜੋ ਮੈਂ ਹਾਂ, ਤੁਹਾਡੀਆਂ ਕੋਈ ਹੋਰ ਉਮੀਦਾਂ ਹਨ, ਆਸ਼ਾ ਹਨ, ਉਹ ਪੂਰੀਆਂ ਨਹੀਂ ਹੁੰਦੀਆਂ, ਤੁਸੀਂ ਫੈਸਲਾ ਕਰ ਲੈਂਦੇ ਹੋ ਮੈਂ ਚੰਗਾ ਗੁਰੂ ਨਹੀਂ। ਗੁਰੂ ਕੋਲ ਜਾਣ ਦਾ ਇਹ ਤਰੀਕਾ ਠੀਕ ਨਹੀਂ, ਦ੍ਰਿੜ੍ਹਤਾ ਨਾਲ ਜਾਓ ਤੇ ਆਪਣੇ ਅੰਦਰ ਸਿਖਣ ਦੀ ਜੋਤ ਜਗਾ ਕੇ ਜਾਓ, ਤੁਹਾਨੂੰ ਕੋਈ ਸਮਸਿਆ ਨਹੀਂ ਆਏਗੀ।

ਤੁਸੀਂ ਸੱਚਾ ਗੁਰੂ ਲੱਭੋਗੇ ਕਿਵੇਂ? ਗ੍ਰੰਥ ਵਿਚ ਲਿਖਿਆ ਹੈ ਜਦੋਂ ਜਗਿਆਸੂ ਤਿਆਰ ਹੋ ਜਾਏਗਾ, ਗੁਰੂ ਪ੍ਰਗਟ ਹੋ ਜਾਵੇਗਾ। ਜੇ ਤੁਸੀਂ ਤਿਆਰ ਨਹੀਂ ਹੋ, ਉਹ ਤੇ ਹੈ ਪਰ ਤੁਸੀਂ ਉਸ ਨੂੰ ਦੇਖ ਨਹੀਂ ਸਕੋਗੇ, ਜੇ ਤੁਹਾਨੂੰ ਪਤਾ ਨਹੀਂ ਕਿ ਹੀਰਾ ਕੀ ਹੁੰਦਾ ਹੈ, ਕਿਸ ਤਰ੍ਹਾਂ ਦਾ ਹੁੰਦਾ ਹੈ ਭਾਵੇਂ ਤੁਹਾਡੇ ਸਾਮ੍ਹਣੇ ਪਿਆ ਹੋਵੇ, ਤੁਸੀਂ ਪਛਾਣ ਹੀ ਨਹੀਂ ਸਕਦੇ, ਤੁਹਾਨੂੰ ਪਤਾ ਹੀ ਨਹੀਂ, ਤੁਸੀਂ ਕੋਲੋਂ ਲੰਘ ਜਾਓਗੇ, ਤੁਹਾਨੂੰ ਉਹ ਇਕ ਸ਼ੀਸ਼ੇ ਦਾ ਟੁਕੜਾ ਹੀ ਲੱਗੇਗਾ। ਫੇਰ ਹੋਰ ਵੀ ਹੈ। ਜੇ ਤੁਹਾਨੂੰ ਸ਼ੀਸ਼ੇ ਦਾ ਟੁਕੜਾ ਮਿਲ ਜਾਏ, ਤੁਸੀਂ ਸੋਚੀ ਜਾਓਂ ਇਹ ਹੀਰਾ ਹੈ ਤੇ ਤੁਸੀਂ ਖੁਸ਼ ਹੋਈ ਜਾਓਗੇ ਉਹ ਸ਼ੀਸ਼ਾ ਲੈ ਕੇ।

ਗੁਰੂ ਲੱਭਣ ਸਮੇਂ, ਜਗਿਆਸੂ ਭਾਵੇਂ ਬਹੁਤ ਬੁੱਧੀਮਾਨ ਹੋ ਜਾਵੇ, ਸਹਿਜ ਭਾਵ ਭੁਲ ਹੀ ਜਾਵੇ ਜਾਂ ਫੇਰ ਦੂਸਰੇ ਪਾਸੇ ਬਹੁਤ ਭਾਵਕ ਹੋ ਜਾਵੇ, ਤਰਕ ਭੁੱਲ ਹੀ ਜਾਵੇ, ਦੋਨੋਂ ਹੀ ਕਾਫੀ ਖਤਰਨਾਕ ਅਵਸਥਾ ਹਨ। ਭਾਵੁਕ ਹੋਣਾ, ਬੁੱਧੀਮਾਨ ਹੋਣਾ, ਦੋਨਾਂ ਵਿਚ ਹੀ ਹਉਮੈ ਹੈ। ਜਿਹੜੇ ਸੰਜਮ ਵਿਚ ਵਿਸ਼ਵਾਸ਼ ਨਹੀਂ ਰਖਦੇ ਉਨ੍ਹਾਂ ਨੂੰ ਗਿਆਨ ਦੀ ਆਸ ਹੀ ਨਹੀਂ ਰੱਖਣੀ ਚਾਹੀਦੀ, ਕੋਈ ਵੀ ਗੁਰੂ ਪਲੇਟ ਵਿਚ ਰੱਖ ਕੇ ਨਹੀਂ ਕਹੇਗਾ ਲਓ ਜੀ, ਕਿਉਂਕਿ ਤੁਸੀਂ ਚਾਹੁੰਦੇ ਹੋ।

ਸੱਚਾ ਅਧਿਆਤਮਕ ਗੁਰੂ ਜਿਸ ਨੂੰ ਹੁਕਮ ਹੈ ਕਿ ਉਹ ਪਰੰਪਰਾਗਤ ਜਗਿਆਸੂ ਲੱਭੇ ਉਹ ਵੀ ਕੁਝ ਚਿੰਨ ਤੇ ਲੱਛਣ ਦੇਖਦਾ ਹੈ, ਉਹ ਜਾਨਣਾ ਚਾਹੁੰਦਾ ਹੈ, ਕੌਣ ਤਿਆਰ ਹੈ, ਕੋਈ ਵੀ ਜਗਿਆਸੂ ਗੁਰੂ ਨੂੰ ਝੂਠਾ ਨਹੀਂ ਕਹਿ ਸਕਦਾ, ਗੁਰੂ ਸਦਾ ਹੀ ਇਹ ਦੇਖ ਸਕਦਾ ਹੈ ਕਿ ਜਗਿਆਸੂ ਕਿੰਨਾ ਕੁ ਤਿਆਰ ਹੈ, ਜੇ ਉਹ ਮਹਿਸੂਸ ਕਰੇ ਜਗਿਆਸੂ ਹਾਲੇ ਤਿਆਰ ਨਹੀਂ ਗੁਰੂ ਉਸ ਨੂੰ ਉਚੇਰੀ ਵਿਦਿਆ ਲਈ ਤਿਆਰ ਕਰੇਗਾ ਤੇ ਜਦੋਂ ਬੱਤੀ ਪੂਰੀ ਤਰ੍ਹਾਂ ਵੱਟੀ ਜਾਵੇਗੀ, ਪੂਰਾ ਤੇਲ ਦੀਵੇ ਵਿਚ ਪੈ ਜਾਏਗਾ ਗੁਰੂ ਜੋਤ ਜਗਾ ਦੇਵੇਗਾ, ਉਹ ਹੀ ਗੁਰੂ ਦੀ ਕ੍ਰਿਆ ਹੈ, ਇਲਾਹੀ ਜੋਤ ਜਗ ਜਾਏਗੀ।

ਸਾਨੂੰ ਇਸ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਸਾਨੂੰ ਕੌਣ ਰਾਹ ਦਿਖਾਏਗਾ। ਜ਼ਰੂਰੀ ਪ੍ਰਸ਼ਨ ਇਹ ਹੈ ਕੀ ਮੈਂ ਰਾਹ ਤੇ ਚੱਲਣ ਲਈ ਤਿਆਰ ਹਾਂ? ਈਸਾ ਜੀ ਦੇ ਕੇਵਲ ਬਾਰਾਂ ਹੀ ਸ਼ਰਧਾਲੂ ਸਨ। ਉਨ੍ਹਾਂ ਨੇ ਸਹਾਇਤਾ ਤਾਂ ਬੜਿਆਂ ਦੀ ਕੀਤੀ ਪਰ ਸਿਖਿਆ ਤਾਂ ਕੇਵਲ ਉਨ੍ਹਾਂ ਨੂੰ ਹੀ ਦਿਤੀ ਜਿਹੜੇ ਤਿਆਰ ਸਨ। "ਪਹਾੜ ਤੇ ਦਿਤਾ ਗਿਆ ਉਪਦੇਸ਼" ਬਹੁਤ ਥੋੜ੍ਹੇ ਹੀ ਸਮਝ ਸਕੇ, ਲੱਖਾਂ ਨੇ ਤਾਂ ਨਹੀਂ ਸਮਝਿਆ ਜਿਹੜੇ ਕਿਸੇ ਮਾਰਗ ਤੇ ਨਹੀਂ ਹਨ ਉਹ ਨਹੀਂ ਸਮਝਦੇ। ਮਿਸਾਲ ਵਜੋਂ ਕੋਈ ਗਰੀਬ ਕਿਉਂ ਹੋਵੇ?

ਗੁਰੂ ਦੇ ਸਿਖਾਉਣ ਦੇ ਅਨੇਕਾਂ ਤਰੀਕੇ ਹਨ ਤੇ ਬੜੇ ਵਚਿੱਤਰ ਹਨ, ਉਹ ਬੋਲ ਕੇ ਕ੍ਰਿਆ ਕਰਕੇ ਦਸਦੇ ਹਨ ਪਰ ਬਹੁਤ ਵਾਰੀ ਉਹ ਬੋਲੇ ਬਿਨਾਂ ਵੀ ਸਿਖਾਉਂਦੇ ਹਨ, ਮੈਂ ਆਪ ਇਹ ਮਹਿਸੂਸ ਕੀਤਾ ਹੈ ਕਿ ਬਹੁਤ ਹੀ ਜ਼ਰੂਰੀ ਸਿਖਿਆ ਅੰਤਰ ਗਿਆਨ ਰਾਹੀਂ ਹੀ ਮਿਲਦੀਆਂ ਹਨ ਤੇ ਬੋਲਣ ਤੋਂ ਪਰ੍ਹੇ ਹਨ।

ਤੁਹਾਨੂੰ ਸੰਸਾਰ ਵਿਚ ਰਹਿ ਕੇ ਪਿਆਰ ਨਾਲ ਕਰਮ ਕਰਦੇ ਰਹਿਣਾ ਚਾਹੀਦਾ ਹੈ, ਕੇਵਲ ਉਹ ਹੀ ਇਕ ਮਾਤਰ ਤੁਹਾਡੇ ਗਿਆਨ ਪ੍ਰਾਪਤੀ ਵਿਚ ਸਹਾਇਕ ਹੋਵੇਗੀ, ਜ਼ਰੂਰ ਤੁਹਾਨੂੰ ਲੋੜ ਹੈ ਉਸ ਦੀ ਜਿਹੜਾ ਤੁਹਾਡੀ ਸਹਾਇਤਾ ਕਰੇ, ਸਲਾਹ ਦੇਵੇ, ਤੁਹਾਨੂੰ ਬਾਹਰ ਦੇ ਗੁਰੂ ਦੀ ਲੋੜ ਹੈ ਆਪਣੇ ਅੰਦਰ ਦੇ ਗੁਰੂ ਨੂੰ ਲੱਭਣ ਲਈ, ਕਈ ਵਾਰੀ ਭਾਵੇਂ ਤੁਸੀਂ ਹਉਮੈ ਵਿਚ ਆ ਕੇ ਕਹੋ, ਮੈਨੂੰ ਗੁਰੂ ਦੀ ਲੋੜ ਨਹੀਂ, ਉਹ ਤੁਹਾਡੀ ਹਉਮੈ ਬੋਲਦੀ ਹੈ, ਉਸ ਨੂੰ ਵਿਸਾਰੋ।

ਤੁਹਾਨੂੰ ਝੂਠਾ ਗੁਰੂ ਕਦੀ ਮਿਲ ਹੀ ਨਹੀਂ ਸਕਦਾ ਜੇ ਤੁਸੀਂ ਸੱਚੇ ਜਗਿਆਸੂ ਹੋ। ਪਰ ਇਸ ਦੇ ਉਲਟ ਵੀ ਸੱਚ ਹੈ, ਜੇ ਤੁਸੀਂ ਝੂਠੇ ਜਗਿਆਸੂ ਹੋ ਤਾਂ ਤੁਹਾਨੂੰ ਸੱਚਾ ਗੁਰੂ ਮਿਲ ਹੀ ਨਹੀਂ ਸਕਦਾ, ਸੱਚਾ ਗੁਰੂ ਝੂਠੇ ਜਗਿਆਸੂ ਦੀ ਜ਼ਿੰਮੇਵਾਰੀ ਕਿਉਂ ਲਵੇ? ਕੂੜਾ ਤਾਂ ਕੋਈ ਇਕੱਠਾ ਕਰਦਾ ਨਹੀਂ, ਜੇ ਗੁਰੂ ਭਾਲਣਾ ਹੈ ਤਾਂ ਪਹਿਲਾ ਅੰਦਰ ਦੇਖੋ। ਯੋਗੀ ਬਣਨ ਤੋਂ ਭਾਵ ਹੈ ਆਪਾ ਜਾਣੋ, ਹੁਣੇ ਇਥੇ ਆਪਣੇ ਆਪ ਤੇ ਕੰਮ ਕਰੋ, ਬੁੜ ਬੁੜ ਨਾ ਕਰੋ ਕਿ ਤੁਹਾਡਾ ਕੋਈ ਗੁਰੂ ਨਹੀਂ ਹੈ, ਆਪਣੇ ਆਪ ਨੂੰ ਪੁਛੋ ਕੀ ਤੁਸੀਂ ਗੁਰੂ ਧਾਰਨ ਦੇ ਯੋਗ ਹੋ, ਕੀ ਕੋਈ ਗੁਰੂ ਤੁਹਾਡੇ ਵਲ ਆਕਰਸ਼ਿਤ ਹੋ ਸਕਦਾ ਹੈ?

ਇਕ ਵਾਰੀ ਜਦੋਂ ਮੈਂ ਗੁਰੂਦੇਵ ਨੂੰ ਸ਼ਿਕਾਇਤ ਕੀਤੀ ਕਿ ਉਹ ਮੈਨੂੰ ਸਿਖਿਆ ਨਹੀਂ ਦੇ ਰਹੇ, ਉਹ ਕਹਿਣ ਲੱਗੇ, ਛੱਡ ਪਰ੍ਹਾਂ, ਮੈਂ ਤੇਰਾ ਸ਼ਿਸ਼ ਬਣਦਾਂ, ਹਾਲ ਦੀ ਘੜੀ ਤੂੰ ਮੇਰਾ ਗੁਰੂ ਬਣ, ਬਿਲਕੁਲ ਉਸ ਤਰ੍ਹਾਂ ਹੀ ਕਰ ਜਿਸ ਤਰ੍ਹਾਂ ਮੈਂ ਕਰਦਾਂ।

ਮੈਂ ਉਨ੍ਹਾਂ ਨੂੰ ਦਸਿਆ, "ਸ੍ਰੀ ਮਾਨ ਜੀ ਮੈਨੂੰ ਪਤਾ ਹੀ ਨਹੀਂ ਲੱਗ ਰਿਹਾ ਮੈਂ ਕਰਾ ਕੀ?"

ਉਹ ਕਹਿਣ ਲੱਗੇ, "ਚਿੰਤਾ ਨਾ ਕਰ। ਤੈਨੂੰ ਪਤਾ ਲਗ ਜਾਏਗਾ। ਉਹ ਮੇਰੇ ਕੋਲ ਅੱਖਾਂ ਬੰਦ ਕਰਕੇ ਆ ਗਏ, ਹੱਥ ਵਿਚ ਉਨ੍ਹਾਂ ਨੇ ਇਕ ਭਾਂਡਾ ਲੈ ਲਿਆ, ਉਸ ਦੇ ਥੱਲੇ ਵੱਡਾ ਸਾਰਾ ਛੇਕ ਸੀ ਤੇ ਮੈਨੂੰ ਕਹਿਣ ਲੱਗੇ, "ਗੁਰੂ ਜੀ ਮੈਨੂੰ ਕੁਝ ਦਿਓ।"

ਮੈਂ ਕਿਹਾ, "ਮੇਰੇ ਲਈ ਇਹ ਕਿਸ ਤਰ੍ਹਾਂ ਸੰਭਵ ਹੈ ਕਿ ਮੈਂ ਤੁਹਾਨੂੰ ਕੁਝ ਦਿਆਂ? ਤੁਹਾਡੇ ਭਾਂਡੇ ਵਿਚ ਤਾਂ ਐਡਾ ਵੱਡਾ



Sri Satguru Jagjit Singh Ji eLibrary NamdhariElibrary@gmail.com

ਛੇਕ ਹੈ, ਫੇਰ ਉਨ੍ਹਾਂ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤੇ ਕਹਿਣ ਲੱਗੇ, "ਤੇਰੇ ਸਿਰ ਵਿਚ ਵੀ ਛੇਕ ਹੈ ਤੇ ਤੂੰ ਮੇਰੇ ਕੋਲੋਂ ਕੁਝ ਚਾਹੁੰਦਾ ਹੈ?"

ਆਪਣੀ ਸਮਰਥਾ ਵਧਾ, ਆਪਣਾ ਆਪ ਮਾਂਜ, ਆਪਣੇ ਅੰਦਰ ਯੋਗਤਾ ਲਿਆ, ਰੱਬ ਵੀ ਆ ਕੇ ਤੈਨੂੰ ਕਹੇਗਾ, ਮੈਂ ਤੇਰੇ ਇਸ ਸਰੀਰ ਰੂਪੀ ਮੰਦਰ ਦੇ ਅੰਦਰ ਨਿਵਾਸ ਕਰਨਾ ਚਾਹੁੰਦਾ ਹਾਂ। ਆਪਣੇ ਆਪ ਨੂੰ ਯੋਗ ਬਣਾਓ, ਅਗਿਆਨਤਾ ਕੱਢੋ, ਅਵਗੁਣ ਤੇ ਤਰੁੱਟੀਆਂ ਦੂਰ ਕਰੋ, ਤੁਸੀਂ ਦੇਖੋਗੇ ਜਿਸ ਨੂੰ ਦੇਖਣਾ ਚਾਹੁੰਦੇ ਹੋ ਉਹ ਤੁਹਾਡੇ ਅੰਦਰ ਹੀ ਹੈ।

ਜਿੰਨੇ ਵੀ ਸਵਾਮੀ ਗੁਰੂ ਵੱਖ-ਵੱਖ ਭੇਦਾਂ ਦੇ ਮੈਂ ਦੇਖੇ ਹਨ ਬਹੁਤ ਥੋੜ੍ਹੇ ਹੀ ਸੰਪੂਰਨ ਸਨ। ਇਕ ਵਾਰੀ ਮੈਂ ਇਹ ਸਵਾਲ ਗੁਰੂਦੇਵ ਨੂੰ ਪੁਛਿਆ, ਮੈਂ ਕਿਹਾ, "ਐਨੇ ਲੋਕੀ ਆਪਣੇ ਆਪ ਨੂੰ ਮਹਾਤਮਾ ਸਵਾਮੀ ਅਖਵਾਉਂਦੇ ਹਨ, ਸੰਸਾਰ ਨੂੰ ਧੋਖਾ ਦੇ ਰਹੇ ਹਨ, ਐਨੇ ਗੁਰੂ ਹਨ ਕਿਉਂ ਜਦੋਂ ਕਿ ਉਹ ਬਣਨ ਦੇ ਲਾਇਕ ਹੀ ਨਹੀਂ, ਜਿਨ੍ਹਾਂ ਨੂੰ ਆਪ ਹਾਲੇ ਸ਼ਿਸ਼ ਹੋਣਾ ਚਾਹੀਦਾ ਹੈ।

ਉਹ ਮੁਸਕਰਾਏ ਤੇ ਕਹਿਣ ਲੱਗੇ, "ਤੈਨੂੰ ਪਤਾ ਹੈ ਬਾਗ ਦੇ ਆਲੇ ਦੁਆਲੇ ਸਦਾ ਹੀ ਬਾੜ ਹੁੰਦੀ ਹੈ ਤਾਂ ਜੋ ਬਾਗ ਬਚਿਆ ਰਹੇ? ਇਹੋ ਜਿਹੇ ਲੋਕ ਸੱਚੇ ਸੰਤਾਂ ਦੀ ਸਾਧੂਆਂ ਦੀ ਬਾੜ ਹਨ ਜੋ ਪ੍ਰਮਾਤਮਾ ਨੇ ਸਾਡੀ ਰੱਖਿਆ ਲਈ ਬਣਾਈ ਹੈ, ਬਣੇ ਰਹਿਣ ਦਿਓ। ਉਨ੍ਹਾਂ ਨੂੰ ਇਕ ਦਿਨ ਗਿਆਨ ਹੋ ਜਾਵੇਗਾ, ਹੁਣ ਤਾਂ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ।

ਜੇ ਤੁਸੀਂ ਸੱਚੇ ਬ੍ਰਹਮਗਿਆਨੀ ਗੁਰੂ ਨੂੰ ਮਿਲਣਾ ਚਾਹੁੰਦੇ ਹੋ, ਪਹਿਲਾਂ ਆਪਣੇ ਆਪ ਨੂੰ ਤਿਆਰ ਕਰੋ ਫੇਰ ਹੀ ਤੁਸੀਂ ਉਸਦੀ ਕਸਵੱਟੀ ਤੇ ਆਓਗੇ।

## ਜੀਵਨ ਮ੍ਰਿਤੂ ਤੇ ਕਾਬੂ

ਅਸੀਂ ਇਸ ਪੁਸਤਕ ਦੇ ਬਾਰ੍ਹਾਂ ਭਾਗ ਖਤਮ ਕਰ ਚੁਕੇ ਹਾਂ ਉਨ੍ਹਾਂ ਵਿਚ ਵੱਖ ਵੱਖ ਸਿਧਾਂਤ ਦਿਤੇ ਗਏ ਹਨ ਇਹ ਤੇਰ੍ਹਵਾਂ ਭਾਗ ਜੀਵਨ ਮ੍ਰਿਤੂ ਤੇ ਕਾਬੂ ਬਾਰੇ ਹੈ।

ਤੁਸੀਂ ਆਪਣੀ ਪਰਾਲਬਧ ਦੇ ਰਚੇਤਾ ਹੋ, ਮਰਨਾ ਜੰਮਣਾ ਜੀਵਨ ਦੀਆਂ ਦੋ ਘਟਨਾਵਾਂ ਹਨ, ਤੁਸੀਂ ਆਪਣਾ ਅਸਲੀ ਰੂਪ ਭੁੱਲ ਗਏ ਹੋ ਤਾਂ ਹੀ ਦੁਖੀ ਹੋ ਕੇ ਭਟਕ ਰਹੇ ਹੋ, ਜਦੋਂ ਤੁਹਾਨੂੰ ਇਸ ਦੀ ਸੋਝੀ ਆਉਂਦੀ ਹੈ ਤੁਸੀਂ ਸੁਤੰਤਰ ਹੋ ਜਾਂਦੇ ਹੋ।

## ਜੰਮਣਾ ਤੇ ਮਰਨਾ ਕੇਵਲ ਦੋ ਕਾਮੇ (,) ਹਨ

ਮੈਂ ਗੁਰੂਦੇਵ ਨੂੰ ਹਰ ਤਰ੍ਹਾਂ ਮੰਨਦਾ ਸੀ ਉਨ੍ਹਾਂ ਨੇ ਹੀ ਮੈਨੂੰ ਪਾਲਿਆ ਸੀ ਪਰ ਜੋ ਵੀ ਉਹ ਸਿਖਾਉਂਦੇ ਸਨ ਮੈਨੂੰ ਉਸ ਤੇ ਕਦੀ ਕਦੀ ਵਿਸ਼ਵਾਸ਼ ਨਹੀਂ ਸੀ ਆਉਂਦਾ, ਉਹ ਮੈਨੂੰ ਸੱਚ ਨਹੀਂ ਸੀ ਜਾਪਦਾ। ਜਦੋਂ ਮੈਂ ਸ਼ਾਂਤ ਤੇ ਸਥਿਰ ਹੁੰਦਾ, ਮੇਰੇ ਮਨ ਦੀ ਤਹਿ ਤੋਂ ਸ਼ੰਕੇ ਉਠਦੇ, ਮੇਰੇ ਗੁਰੂਦੇਵ ਵੱਖ-ਵੱਖ ਸਵਾਮੀਆਂ ਕੋਲ ਭੇਜ ਦਿੰਦੇ। ਪਹਿਲਾਂ ਮੈਂ ਸੋਚਦਾ ਮੈਂ ਸਮਾਂ ਬੇਅਰਥ ਗੁਆ ਰਿਹਾ ਹਾਂ, ਇਹ ਤਾਂ ਸਾਰੇ ਐਵੇਂ ਹੀ ਹਨ ਇਹ ਸੰਸਾਰ ਤੋਂ ਪਿਛੇ ਹੋ ਕੇ ਬੈਠੇ ਹਨ, ਐਥੇ ਦਰਖਤਾਂ ਥੱਲੇ ਬੈਠੇ ਹਨ, ਇਹ ਇਸ ਤਰ੍ਹਾਂ ਕਿਉਂ ਕਰਦੇ ਹਨ, ਹੌਲੀ-ਹੌਲੀ ਮੈਨੂੰ ਪਤਾ ਲੱਗਾ ਪਹਿਲਾਂ ਸਾਨੂੰ ਆਪਣੇ ਸ਼ੰਕਿਆਂ ਤੇ ਸ਼ੰਕਾ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਦਾ ਨਰੀਖਣ ਕਰਨਾ ਚਾਹੀਦਾ ਹੈ।

ਜਦੋਂ ਮੈਂ ਸਤਾਰਾਂ ਸਾਲ ਦਾ ਸੀ ਮੈਨੂੰ ਇਕ ਮਹਾਤਮਾ ਕੋਲ ਭੇਜਿਆ ਗਿਆ ਜੋ ਮੇਰੇ ਗੁਰੂਦੇਵ ਦੇ ਹੀ ਸ਼ਿਸ਼ ਸਨ ਪਰ ਉਸ ਵੇਲੇ ਮੈਨੂੰ ਇਹ ਗੱਲ ਪਤਾ ਨਹੀਂ ਸੀ, ਗੁਰੂਦੇਵ ਨੇ ਕਿਹਾ ਸੀ ਜੇ ਤੂੰ ਸੱਚੇ ਸਵਾਮੀ ਕੋਲੋਂ ਸਿਖਣਾ ਚਾਹੁੰਦਾ ਹੈਂ ਤਾਂ ਇਸ ਕੋਲ ਜਾਹ ਤੇ ਜਾ ਕੇ ਰਹਿ। ਮੈਨੂੰ ਗੰਗੋਤਰੀ ਦੇ ਨੇੜੇ ਭੇਜਿਆ ਗਿਆ, ਮੈਂ ਗਿਆ ਤੇ ਦੇਖਿਆ ਇਕ ਸਵਾਮੀ ਗੁਫਾ ਵਿਚ ਬੈਠੇ ਹਨ, ਇਸ ਤੋਂ ਪਹਿਲਾਂ ਮੈਂ ਕਦੇ ਇਹੋ ਜਿਹਾ ਸੋਹਣਾ ਸਰੀਰ ਕਿਸੇ ਦਾ ਨਹੀਂ ਦੇਖਿਆ ਸੀ। ਉਸ ਸਮੇਂ ਸਰੀਰ ਨੂੰ ਸੁਡੋਲ ਬਣਾਉਣ ਦਾ ਬੜਾ ਸ਼ੌਕ ਸੀ, ਮੈਨੂੰ ਇਹੋ ਜਿਹਾ ਸਰੀਰ ਦੇਖ ਕੇ ਬੜੀ ਈਰਖਾ ਹੋਈ ਉਨ੍ਹਾਂ ਦੀ ਚੌੜੀ ਛਾਤੀ, ਪਤਲੀ ਕਮਰ, ਤਕੜੇ ਪੱਠੇ ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਉਹ ਪਚਾਸੀ ਸਾਲ ਦੇ ਸਨ।

ਮੈਂ ਉਨ੍ਹਾਂ ਨੂੰ ਪ੍ਰਨਾਮ ਕੀਤਾ ਤੇ ਪਹਿਲੀ ਗੱਲ ਮੈਂ ਪੁਛਿਆ, "ਸ੍ਰੀ ਮਾਨ! ਤੁਸੀਂ ਖਾਂਦੇ ਕੀ ਹੋ?" ਮੈਨੂੰ ਖਾਣ ਦਾ ਵੀ ਬੜਾ ਧਿਆਨ ਰਹਿੰਦਾ ਸੀ, ਕਾਲਜ ਜਾਣ ਤੋਂ ਬਾਦ ਮੈਂ ਖਾਣ ਦੇ ਮਾਮਲੇ ਪੱਛਮੀ ਲੋਕਾਂ ਵਰਗਾ ਹੋ ਗਿਆ ਸੀ। ਰੋਜ਼ ਨਵੀਆਂ ਚੀਜ਼ਾਂ ਖਾਣ ਨੂੰ ਮਿਲਦੀਆਂ ਤੇ ਮੈਂ ਸੋਚਦਾ ਅੱਗੇ ਕੀ ਮਿਲੇਗਾ? ਮੈਂ ਸੋਚਦਾ ਇਹ ਮਿਲੇਗਾ, ਉਹ ਮਿਲੇਗਾ ਮੈਂ ਮਜ਼ਾ ਲਵਾਂਗਾ।

ਸਵਾਮੀ ਪੁਛਣ ਲੱਗੇ, "ਤੈਨੂੰ ਭੁੱਖ ਲੱਗੀ ਹੈ? ਮੈਂ ਕਿਹਾ, "ਹਾਂ ਜੀ, ਉਹ ਕਹਿਣ ਲੱਗੇ ਗੁਫਾ ਦੇ ਉਸ ਕੋਨੇ ਵਿਚ ਜਾਹ, ਤੈਨੂੰ ਕੁਝ ਜੜ੍ਹਾਂ ਮਿਲਣਗੀਆਂ ਇਕ ਲੈ ਲੈ ਤੇ ਅੱਗ ਵਿਚ ਦਬ ਦੇ ਤੇ ਥੋੜ੍ਹੀ ਦੇਰ ਬਾਦ ਖਾ ਲਈ ਮੈਂ ਉਸ ਤਰ੍ਹਾਂ ਹੀ ਕੀਤਾ ਉਹ ਜੜ ਬੜੀ ਸੁਆਦ ਸੀ ਜਿਵੇਂ ਚੌਲਾਂ ਦੀ ਖੀਰ ਤੇ ਉਪਰੋਂ ਦੁੱਧ ਪਾਇਆ ਹੋਇਆ ਹੋਵੇ, ਮੈਂ ਸਾਰੀ ਜੜ੍ਹ ਨਹੀਂ ਸੀ ਖਾ ਸਕਿਆ ਮੈਨੂੰ ਇਹ ਜਾਣ ਕੇ ਤਸੱਲੀ ਹੋਈ ਕਿ ਮੈਂ ਇਥੇ ਕੁਝ ਦੇਰ ਰਹਿ ਸਕਦਾ ਹਾਂ ਤੇ ਮੈਨੂੰ ਖਾਣ ਨੂੰ ਕੁਝ ਚੰਗਾ ਮਿਲ ਜਾਏਗਾ।

ਜਦੋਂ ਮੈਂ ਖਾ ਬੈਠਾ ਤਾਂ ਸਵਾਮੀ ਜੀ ਕਹਿਣ ਲੱਗੇ, "ਮੈਂ ਤੈਨੂੰ ਬੋਲ ਕੇ ਨਹੀਂ ਸਿਖਾਵਾਂਗਾ, ਮੈਂ ਉਨ੍ਹਾਂ ਕੋਲ ਤਿੰਨ ਦਿਨ ਬੈਠਾ ਰਿਹਾ, ਕੋਈ ਗੱਲਬਾਤ ਨਹੀਂ ਹੋਈ। ਤੀਸਰੇ ਦਿਨ ਮੈਂ ਕਿਹਾ, ਇਹ ਤਾਂ ਮੈਂ ਸਮਾਂ ਬਰਬਾਦ ਕਰ ਰਿਹਾ ਹਾਂ ਤੇ ਸ਼ਕਤੀ ਵੀ, ਇਹ ਤਾਂ ਕੁਝ ਬੋਲਦੇ ਹੀ ਨਹੀਂ, ਉਹ ਮੈਨੂੰ ਕੁਝ ਸਿਖਾ ਵੀ ਨਹੀਂ ਸੀ ਰਹੇ ਜਦੋਂ ਕਿ ਮੈਂ ਇਹ ਸੋਚ ਰਿਹਾ ਸੀ, ਉਹ ਕਹਿਣ ਲੱਗੇ, ਬੱਚੇ ਤੁਸੀਂ ਮੇਰੇ ਕੋਲ ਕੋਈ ਬੁੱਧੀ ਗਿਆਨ ਲਈ ਨਹੀਂ ਸੀ ਭੇਜੇ ਗਏ ਜਿਹੜਾ ਤੁਹਾਨੂੰ ਪੁਸਤਕਾਂ ਵਿਚ ਮਿਲਦਾ ਹੈ, ਤੁਸੀਂ ਇਥੇ ਕੋਈ ਅਨੁਭਵ ਲੈਣ ਆਏ ਹੋ। ਮੈਂ ਪਰਸੋਂ ਆਪਣਾ ਸਰੀਰ ਛੱਡ ਰਿਹਾ ਹਾਂ।

ਮੈਂ ਸਮਝ ਨਹੀਂ ਸਕਿਆ ਕਿ ਕੋਈ ਆਪਣੇ ਆਪ ਚੰਗੇ ਭਲੇ ਸਰੀਰ ਨੂੰ ਕਿਉਂ ਛੱਡਣਾ ਚਾਹੁੰਦਾ ਹੈ। ਮੈਂ ਕਿਹਾ, "ਸ੍ਰੀ ਮਾਨ! ਇਹ ਤਾਂ ਆਤਮ ਘਾਤ ਹੋਵੇਗਾ ਤੇ ਤੁਹਾਡੇ ਵਰਗੇ ਮਹਾਤਮਾ ਲਈ ਤਾਂ ਇਸ ਤਰ੍ਹਾਂ ਆਤਮਘਾਤ ਕਰਨਾ ਠੀਕ ਨਹੀਂ।" ਇਹ ਗੱਲ ਮੈਂ ਕਾਲਜ ਵਿਚ ਪੜ੍ਹਦਿਆਂ ਸਿਖੀ ਸੀ।

ਉਹ ਕਹਿਣ ਲੱਗੇ, "ਮੈਂ ਆਤਮ ਘਾਤ ਨਹੀਂ ਕਰਨ ਲੱਗਾ, ਜਦੋਂ ਤੁਸੀਂ ਪੁਸਤਕ ਦਾ ਪੁਰਾਣਾ ਕਾਗਜ਼ ਲਾਹ ਕੇ ਸੁੱਟ ਦਿੰਦੇ ਹੋ ਜਿਸ ਵਿਚ ਤੁਸੀਂ ਕਿਤਾਬ ਸੰਭਾਲੀ ਹੁੰਦੀ ਹੈ

'ਆਤਮ ਮਾਰਗ', ਮਾਰਚ, 1999



Sri Satguru Jagjit Singh Ji eLibrary NamdhariElibrary@gmail.com

ਤੇ ਨਵਾਂ ਕਾਗਜ਼ ਚੜ੍ਹਾਉਂਦੇ ਹੋ, ਤੁਸੀਂ ਪੁਸਤਕ ਤਾਂ ਬਰਬਾਦ ਨਹੀਂ ਕਰਦੇ ਜਦੋਂ ਤੁਸੀਂ ਆਪਣੇ ਸਰ੍ਹਾਣੇ ਦਾ ਗਿਲਾਫ ਬਦਲਦੇ ਹੋ ਤੁਸੀਂ ਸਰ੍ਹਾਣਾ ਤਾਂ ਖਤਮ ਨਹੀਂ ਕਰਦੇ।"

ਸਤਾਰਾਂ ਸਾਲ ਦੀ ਉਮਰ ਤੇ ਮੈਨੂੰ ਸ਼ੰਕਾ ਸੀ ਮੈਂ ਕਿਹਾ, ਤੁਹਾਡਾ ਐਨਾ ਸੋਹਣਾ ਸਰੀਰ ਹੈ, ਕਾਸ਼! ਕਿ ਮੇਰਾ ਸਰੀਰ ਇਥੋਂ ਅੱਧਾ ਵੀ ਐਨਾ ਸੋਹਣਾ ਹੁੰਦਾ, ਤੁਸੀਂ ਇਸ ਨੂੰ ਛੱਡ ਕਿਉਂ ਰਹੇ ਹੋ? ਇਹ ਤਾਂ ਠੀਕ ਨਹੀਂ ਇਹ ਤਾਂ ਪਾਪ ਹੈ, ਮੈਂ ਸੋਚਿਆ ਮੈਂ ਉਨ੍ਹਾਂ ਨੂੰ ਸਿਖਿਆ ਦੇ ਰਿਹਾ ਹਾਂ, ਉਹ ਸੁਣਦੇ ਰਹੇ ਬਿਨਾਂ ਜਵਾਬ ਦਿਤਿਆਂ। ਥੋੜ੍ਹੀ ਦੇਰ ਬਾਦ ਮੇਰਾ ਗੁਰੂ ਭਾਈ ਉਥੇ ਆਇਆ, ਮੈਂ ਕਿਹਾ, ਤੂੰ ਕਿਸ ਤਰ੍ਹਾਂ ਏਥੇ? ਮੈਂ ਤਾਂ ਤੈਨੂੰ ਉਥੇ ਐਨੀ ਦੂਰ ਦੇਖਿਆ ਸੀ।

ਉਹ ਮੈਨੂੰ ਇਕ ਪਾਸੇ ਲੈ ਗਿਆ ਤੇ ਕਹਿਣ ਲੱਗਾ, ਇਨ੍ਹਾਂ ਨੂੰ ਤੰਗ ਨਾ ਕਰ, ਤੂੰ ਤਾਂ ਬੜੇ ਹੀ ਬੇਵਕੂਫਾਂ ਵਾਲੇ ਸਵਾਲ ਪੁੱਛ ਰਿਹਾ ਹੈਂ, ਤੂੰ ਮਹਾਤਮਾ ਲੋਕਾਂ ਨੂੰ ਨਹੀਂ ਜਾਣਦਾ, ਉਨ੍ਹਾਂ ਨੂੰ ਸ਼ਾਂਤੀ ਨਾਲ ਸਰੀਰ ਛੱਡਣ ਦੇ। ਮੈ! ਗੁਰੂ ਭਾਈ ਨਾਲ ਲੜਿਆ, ਮੈਂ ਕਿਹਾ, "ਐਨਾ ਸੋਹਣਾ ਸਰੀਰ ਹੈ ਕਿਉਂ ਛੱਡਣ? ਇਹ ਤਾਂ ਯੋਗ ਨਹੀਂ ਹੋ ਸਕਦਾ, ਪੁਲਿਸ ਇਥੋਂ ਦੂਰ ਹੈ। ਮੈਂ ਇਨ੍ਹਾਂ ਨੂੰ ਪਕੜਾ ਦਿਆਂ। ਇਹ ਗਲਤ ਕੰਮ ਕਰ ਰਹੇ ਹਨ।"

ਮੇਰੇ ਗੁਰੂ ਭਾਈ ਨੇ ਮੈਨੂੰ ਜੋ ਦਸਿਆ ਮੈਨੂੰ ਸ਼ੰਕਾ ਹੀ ਰਿਹਾ, ਮੈਂ ਮੰਨਿਆ ਹੀ ਨਹੀਂ। ਜਦੋਂ ਅਸੀਂ ਸਵੇਰੇ ਸ਼ਾਮ ਬਾਹਰ ਜਾਂਦੇ ਮੈਂ ਕਹਿੰਦਾ, ਇਨ੍ਹਾਂ ਨੂੰ ਆਪਣਾ ਸੁਡੋਲ ਸਰੀਰ ਜਾ ਕੇ ਦਿਖਾਉਣਾ ਚਾਹੀਦਾ ਤੇ ਦਸਣਾ ਚਾਹੀਦਾ ਹੈ ਕਿ ਸਰੀਰ ਕਿਸ ਤਰ੍ਹਾਂ ਬਣਾਉਣਾ ਚਾਹੀਦਾ ਹੈ, ਉਹ ਕਹਿੰਦੇ ਹਨ ਮੈਂ ਕੇਵਲ ਸਰੀਰ ਹੀ ਦੇਖਦਾ ਹਾਂ ਮੈਨੂੰ ਕੁਝ ਹੋਰ ਦੇਖਣਾ ਚਾਹੀਦਾ ਹੈ ਉਹ ਕੀ ਹੈ?"

ਮੇਰਾ ਗੁਰੂ ਭਾਈ ਮੈਨੂੰ ਚੁੱਪ ਕਰਨ ਨੂੰ ਕਹਿੰਦੇ, ਤੂੰ ਅਜੇ ਬਹੁਤ ਗੱਲਾਂ ਸਿਖਣੀਆਂ ਹਨ। ਅਸੀਂ ਦੇਖੀਏ ਕੀ ਹੁੰਦਾ ਹੈ ਤੇ ਸਮਝੀਏ ਜੀਵਨ ਦੇ ਕਈ ਰਹੱਸ ਹਨ।

ਸਵਾਮੀ ਮੇਰੇ ਨਾਲ ਗੱਲ ਨਹੀਂ ਸੀ ਕਰਦੇ। 24 ਘੰਟੇ ਬਾਦ ਮੈਂ ਕਿਹਾ ਮੈਂ ਚਲਾ ਜਾਵਾਂਗਾ। ਮੈਂ ਕਿਹਾ ਮੈਂ ਤਾਂ ਕੁਝ ਸਿੱਖ ਨਹੀਂ ਸੀ ਰਿਹਾ, ਇਸ ਤੋਂ ਚੰਗਾ ਹੈ ਮੈਂ ਚਲਾ ਹੀ ਜਾਂਦਾ ਹਾਂ।

ਉਹ ਕਹਿਣ ਲੱਗਾ, "ਤੂੰ ਇਹ ਕਿਉਂ ਨਹੀਂ ਦੇਖਦਾ ਕਿ ਇਹ ਆਪਣਾ ਸਰੀਰ ਕਿਸ ਤਰ੍ਹਾਂ ਛਡਦੇ ਹਨ।"

ਮੈਂ ਕਿਹਾ, "ਬੜੀ ਬੇਵਕੂਫੀ ਹੈ, ਇਸ ਤੋਂ ਚੰਗਾ ਮੈਂ ਤਾਂ ਹਸਪਤਾਲ ਵਿਚ ਮਰਾਂਗਾ ਜਿਥੇ ਚੰਗੇ ਡਾਕਟਰ ਮੇਰੀ ਦੇਖਭਾਲ ਕਰਨਗੇ, ਇਹ ਕੀ ਮੂਰਖਤਾ ਹੋਈ। ਮੇਰੇ ਵਿਚਾਰ ਅਜੋਕੇ ਤੇ ਮਾਇਆਵਾਦੀ ਸਨ।"

ਗੁਰੂ ਭਾਈ ਕਹਿਣ ਲੱਗੇ, "ਤੂੰ ਨਹੀਂ ਸਮਝਦਾ, ਤੈਨੂੰ ਕਿਹਾ ਗਿਆ ਸੀ, ਇਥੇ ਆ ਕੇ ਬੈਠ, ਜੇ ਤੂੰ ਆਪਣੇ ਮਨ ਵਿਚ ਸਵਾਲ ਪੁਛਣੇ ਹਨ ਪੁਛੀ ਜਾ। ਮੈਂ ਇਸ ਬਾਰੇ ਕੁਝ ਨਹੀਂ ਕਰ ਸਕਦਾ ਪਰ ਮੈਨੂੰ ਦੁਖੀ ਨਾ ਕਰ।

ਅੰਤ ਸਵਾਮੀ ਜੀ ਕਹਿਣ ਲੱਗੇ, "ਮੈਂ ਕੁਝ ਨਹੀਂ ਕਰ ਰਿਹਾ, ਜਦੋਂ ਸਾਡਾ ਸਮਾਂ ਆ ਜਾਂਦਾ ਹੈ ਸਾਨੂੰ ਪਤਾ ਹੁੰਦਾ ਹੈ, ਸਾਨੂੰ ਕੁਝ ਨਹੀਂ ਕਰਨਾ ਚਾਹੀਦਾ, ਮੌਤ ਪ੍ਰਕ੍ਰਿਤੀ ਦਾ ਨਿਯਮ ਹੈ ਤੇ ਪ੍ਰਕ੍ਰਿਤੀ ਦੀ ਸਹਾਇਕ ਵੀ, ਸਾਨੂੰ ਮੌਤ ਤੋਂ ਡਰਨਾ ਨਹੀਂ ਚਾਹੀਦਾ ਹੈ ਕਿਉਂਕਿ ਸਾਨੂੰ ਕੁਝ ਨਹੀਂ ਹੁੰਦਾ, ਆਈ ਸਮਝ?

ਮੈਂ ਕਿਹਾ, "ਮੈਂ ਮਰਨਾ ਨਹੀਂ ਚਾਹੁੰਦਾ, ਮੈਂ ਸਮਝਣਾ ਵੀ ਨਹੀਂ ਚਾਹੁੰਦਾ।"

ਉਹ ਕਹਿਣ ਲੱਗੇ, "ਤੇਰੀ ਰੁਚੀ ਚੰਗੀ ਨਹੀਂ, ਸਮਝਣ ਦੀ ਕੋਸ਼ਿਸ਼ ਕਰ ਮੌਤ ਕੀ ਹੈ? ਡਰ ਨਾ, ਅਸੀਂ ਬੜੀਆਂ ਚੀਜ਼ਾਂ ਤੋਂ ਡਰਦੇ ਹਾਂ, ਇਹ ਕੋਈ ਜੀਉਣ ਦਾ ਤਰੀਕਾ ਨਹੀਂ। ਮੌਤ ਤੁਹਾਨੂੰ ਵਿਨਾਸ਼ ਨਹੀਂ ਕਰਦੀ, ਇਹ ਕੇਵਲ ਤੁਹਾਨੂੰ ਸਰੀਰ ਤੋਂ ਵੱਖ ਕਰਦੀ ਹੈ।"

ਮੈਂ ਗੁੱਸੇ ਨਾਲ ਜਵਾਬ ਦਿਤਾ, "ਮੈਂ ਸਰੀਰ ਤੋਂ ਬਿਨਾਂ ਨਹੀਂ ਰਹਿਣਾ ਚਾਹੁੰਦਾ", ਉਹ ਕਹਿਣ ਲੱਗੇ, ਮੌਤ ਇਕ ਆਦਤ ਹੈ, ਕੋਈ ਵੀ ਇਕ ਸਰੀਰ ਵਿਚ ਸਦਾ ਲਈ ਨਹੀਂ ਰਹਿ ਸਕਦਾ, ਇਹ ਤਾਂ ਬਦਲਣਾ ਹੀ ਹੈ, ਮਰਨਾ ਹੈ, ਸੜਨਾ ਹੈ। ਤੁਹਾਨੂੰ ਇਹ ਗੱਲ ਸਮਝਣੀ ਹੀ ਪੈਣੀ ਹੈ, ਬਹੁਤ ਘੱਟ ਲੋਕੀ ਹੀ ਮਰਨ ਜਾਣਦੇ ਹਨ। ਮਰਨ ਦੀ ਤਕਨੀਕ ਯੋਗ ਹੈ। ਇਹ ਉਹ ਯੋਗ ਨਹੀਂ ਜਿਹੜਾ ਅੱਜ ਬੜਾ ਲੋਕਪ੍ਰਿਅ ਹੈ, ਇਹ ਤਾਂ ਬਹੁਤ ਉਚੀ ਸਮਾਧੀ ਹੈ, ਜਦੋਂ ਤੁਹਾਨੂੰ ਧਿਆਨ ਦੀ ਤਕਨੀਕ ਆ ਜਾਂਦੀ ਹੈ, ਤੁਹਾਨੂੰ ਸਰੀਰ ਤੇ ਨਿਯੰਤਰ ਆ ਜਾਂਦਾ ਹੈ, ਸਰੀਰ ਤੇ ਮਨ ਤੇ ਆਤਮਾ ਤੇ ਪ੍ਰਾਣ ਸਰੀਰ ਨੂੰ ਮਨ ਨਾਲ ਜੋੜਦੇ ਹਨ, ਜਦੋਂ ਸਾਹ ਨਹੀਂ ਆਉਂਦਾ ਸਰੀਰ ਤੇ ਮਨ ਦਾ ਜੋੜ ਟੁੱਟ ਜਾਂਦਾ ਹੈ। ਉਹ ਟੁਟਣਾ ਹੀ ਮੌਤ ਹੈ ਪਰ ਤੁਸੀਂ ਕਾਇਮ ਹੁੰਦੇ ਹੋ।

ਮੈਂ ਪੁਛਿਆ, "ਸਰੀਰ ਤੋਂ ਬਿਨਾਂ ਰਹਿਣਾ ਕਿਸ ਤਰ੍ਹਾਂ ਲਗਦਾ ਹੈ?"

ਉਨ੍ਹਾਂ ਨੇ ਉਤਰ ਦਿਤਾ, "ਜਦੋਂ ਤੂੰ ਕਮੀਜ਼ ਪਾਏ ਬਿਨਾਂ ਜਾਂਦਾ ਹੈ ਤਾਂ ਤੈਨੂੰ ਕਿਸ ਤਰ੍ਹਾਂ ਲਗਦਾ ਹੈ? ਕੁਝ ਵੀ ਨਹੀਂ। ਜੋ ਵੀ ਉਨ੍ਹਾਂ ਨੇ ਕਿਹਾ ਉਨ੍ਹਾਂ ਨੇ ਫਿਲੌਸਫੀ ਤੇ ਤਰਕ ਨਾਲ ਕੁਝ ਵੀ ਨਹੀਂ ਸਮਝਾਇਆ, ਮੈਂ ਹਾਲੇ ਬਹੁਤ ਅੱਲੜ ਸੀ।

ਜਿਸ ਦਿਨ ਉਨ੍ਹਾਂ ਨੇ ਸਰੀਰ ਛੱਡਣਾ ਸੀ ਉਸ ਤੋਂ ਇਕ ਦਿਨ ਪਹਿਲਾਂ ਹੀ ਉਨ੍ਹਾਂ ਨੇ ਸਾਨੂੰ ਕੁਝ ਕਿਹਾ, ਸਵੇਰੇ ਪੰਜ ਵਜੇ ਮੈਂ ਸਰੀਰ ਛੱਡ ਦਿਆਂਗਾ, ਮੈਂ ਚਾਹੁੰਦਾ ਹਾਂ ਤੁਸੀਂ ਮੈਨੂੰ ਗੰਗਾ ਵਿਚ ਪਰਵਾਹ ਦੇਣਾ, ਤੁਸੀਂ ਦੋਨੋਂ ਹੀ ਇਹ ਕਰ ਦੇਣਾ।

ਮੈਂ ਉਤਰ ਦਿਤਾ, ਜ਼ਰੂਰ। ਮੈਂ ਇਕੱਲਾ ਹੀ ਇਹ ਕਰ ਦਿਆਂਗਾ। ਮੈਂ ਉਨ੍ਹਾਂ ਨੂੰ ਚੁੱਕ ਲਿਆ ਉਨ੍ਹਾਂ ਨੂੰ ਦੱਸਣ ਲਈ। ਗੰਗਾ ਸਾਡੇ ਤੋਂ ਦੂਰ ਨਹੀਂ ਸੀ, ਸੋ ਕੁ ਗਜ਼ ਹੋਏਗੀ।

ਉਸ ਰਾਤ ਬਹੁਤ ਦੇਰ ਮੈਂ ਜਾਗਦਾ ਰਿਹਾ ਤੇ ਇਹ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ। ਇਹ ਸਰੀਰ ਕਿਉਂ ਛੱਡਣਾ ਚਾਹੁੰਦੇ ਹਨ, ਅਸੀਂ ਰੋਜ਼ ਹੀ ਤਿੰਨ ਵਜੇ ਉਠਦੇ ਸੀ। ਇਹ ਸਮਾਧੀ ਲਾਉਣ ਦਾ ਸਭ ਤੋਂ ਉਤਮ ਸਮਾਂ ਹੈ, ਅਸੀਂ ਰਾਤ ਨੂੰ ਅੱਠ ਤੋਂ ਦੱਸ ਵਜੇ ਦੇ ਵਿਚ ਸੌਂ ਜਾਂਦੇ। ਫੇਰ ਸਵੇਰੇ ਤਿੰਨ ਵਜੇ ਉਠਦੇ, ਉਸ ਦਿਨ ਸਾਰੇ ਹੀ ਹੋਰ ਵੀ ਛੇਤੀ ਉਠ ਗਏ ਤੇ ਗੱਲਾਂ ਕਰਨ ਲਗ ਪਏ।

ਸਵਾਮੀ ਜੀ ਕਹਿਣ ਲੱਗੇ, "ਮੈਨੂੰ ਆਪਣੀ ਕੋਈ ਇੱਛਾ ਦੱਸੋ, ਜੋ ਇੱਛਾ ਤੁਹਾਡੇ ਹੋਵੇਗੀ ਮੈਂ ਵਾਇਦਾ ਕਰਦਾ ਹਾਂ ਮੈਂ ਪੂਰੀ ਕਰਾਂਗਾ।"


Sri Satguru Jagjit Singh Ji eLibrary NamdhariElibrary@gmail.com

ਮੈਂ ਜਵਾਬ ਦਿਤਾ, "ਤੁਸੀਂ ਆਪ ਤਾਂ ਮਰਨ ਜਾ ਰਹੇ ਹੋ, ਮੇਰੇ ਲਈ ਕੀ ਕਰੋਗੇ?"

ਉਹ ਕਹਿਣ ਲੱਗੇ, "ਸੱਚੇ ਗੁਰੂ ਲਈ ਮਰਨਾ ਕੁਝ ਵੀ ਨਹੀਂ, ਸੱਚਾ ਗੁਰੂ ਮਰਨ ਤੋਂ ਬਾਦ ਵੀ ਸ਼ਿਸ਼ਾਂ ਦਾ ਮਾਰਗ ਦਰਸ਼ਨ ਕਰਦਾ ਰਹਿੰਦਾ ਹੈ। ਫੇਰ ਉਹ ਮੇਰੇ ਗੁਰੂ ਭਾਈ ਨੂੰ ਕਹਿਣ ਲੱਗੇ, "ਕੀ ਇਹ ਤੇਰੇ ਲਈ ਸਿਰ ਦਰਦੀ ਨਹੀਂ?"

ਗੁਰੂ ਭਾਈ ਕਹਿਣ ਲੱਗਾ, "ਹੈ ਤਾਂ ਸੱਚਮੁਚ ਹੀ ਸਿਰ ਦਰਦੀ ਪਰ ਮੈਂ ਕਰਾਂ ਕੀ?"

ਪੰਜ ਤੋਂ ਸਾਢੇ ਪੰਜ ਦੇ ਵਿਚ ਅਸੀਂ ਹਾਲੀ ਗੱਲਾਂ ਕਰ ਹੀ ਰਹੇ ਸੀ ਅਚਾਨਕ ਸਵਾਮੀ ਜੀ ਕਹਿਣ ਲੱਗੇ, "ਹੁਣ ਧਿਆਨ ਵਿਚ ਬੈਠ ਜਾਓ, ਪੰਜਾਂ ਮਿੰਟਾਂ ਵਿਚ ਮੈਂ ਸਰੀਰ ਛੱਡ ਰਿਹਾ ਹਾਂ, ਇਸ ਦਾ ਸਮਾਂ ਖਤਮ ਹੋ ਗਿਆ ਹੈ, ਇਸ ਨੇ ਜੋ ਮੈਨੂੰ ਦੇਣਾ ਸੀ ਦੇ ਦਿਤਾ ਹੈ, ਇਸ ਤੋਂ ਵੱਧ ਉਹ ਮੈਨੂੰ ਕੁਝ ਦੇ ਨਹੀਂ ਸਕਦਾ। ਸੋ ਮੈਂ ਹੁਣ ਇਸ ਨੂੰ ਛੱਡ ਰਿਹਾ ਹਾਂ।

ਪੰਜ ਮਿੰਟ ਬਾਦ ਉਹ ਕਹਿਣ ਲੱਗੇ, 'ਓਮ......' ਫੇਰ ਚੁਪ ਵਰਤ ਗਈ। ਮੈਂ ਉਨ੍ਹਾਂ ਦੀ ਨਬਜ਼ ਦੇਖੀ, ਦਿਲ ਦੀ ਧੜਕਣ ਦੇਖੀ; ਮੈਂ ਸੋਚਿਆ, ਉਨ੍ਹਾਂ ਨੇ ਬੰਦ ਕਰ ਲਈ ਹੋਵੇਗੀ ਤੇ ਫੇਰ ਸ਼ੁਰੂ ਕਰ ਦੇਣਗੇ। ਫੇਰ ਮੈਂ ਉਨ੍ਹਾਂ ਦੇ ਸਰੀਰ ਦਾ ਤਾਪਮਾਨ ਦੇਖਿਆ, ਨੇਤਰ ਦੇਖੇ, ਗੁਰੂ ਭਾਈ ਕਹਿਣ ਲੱਗੇ, "ਹੁਣ ਕਾਫੀ ਹੋ ਗਿਆ, ਅਸੀਂ ਇਨ੍ਹਾਂ ਦੇ ਸਰੀਰ ਨੂੰ ਪਰਵਾਹ ਵੀ ਕਰਨਾ ਹੈ, ਸੂਰਜ ਚੜ੍ਹਨ ਤੋਂ ਪਹਿਲਾਂ।"

ਮੈਂ ਕਿਹਾ, "ਚਿੰਤਾ ਨਾ ਕਰ, ਮੈਂ ਇਕੱਲੇ ਨੇ ਹੀ ਕਰ ਲੈਣਾ ਹੈ।"

ਪਰ ਉਹ ਕਹਿਣ ਲੱਗਾ, "ਮੈਂ ਮਦਦ ਕਰਨੀ ਚਾਹਵਾਂਗਾ।"

ਜਦੋਂ ਅਸੀਂ ਦੋਨੋਂ ਉਨ੍ਹਾਂ ਦਾ ਸਰੀਰ ਚੁੱਕਣ ਲੱਗੇ, ਸਾਡੇ ਕੋਲੋਂ ਤਾਂ ਉਹ ਹਿਲੇ ਵੀ ਨਾ। ਫੇਰ ਅਸੀਂ ਚੀਲ੍ਹ ਦਾ ਟਾਹਣਾ ਲਿਆ ਕੇ ਉਸ ਦੇ ਉਤੇ ਪਾ ਕੇ ਲੈ ਜਾਣਾ ਚਾਹਿਆ ਪਰ ਸਾਡੇ ਕੋਲੋਂ ਉਹ ਵੀ ਨਾ ਹੋਇਆ। ਅਸੀਂ ਸਭ ਕੁਝ ਕਰ ਲਿਆ ਜੋ ਕਰ ਸਕਦੇ ਸੀ ਪਰ ਅਸੀਂ ਇਕ ਇੰਚ ਵੀ ਸਰੀਰ ਨੂੰ ਹਿਲਾ ਨਾ ਸਕੇ।

ਅੱਗੇ ਕੀ ਹੋਇਆ? ਮੈਂ ਉਸ ਨੂੰ ਬਹੁਤ ਵਾਰੀ ਯਾਦ ਕਰਦਾ ਹਾਂ, ਮੈਂ ਉਹ ਕਦੀ ਭੁੱਲ ਨਹੀਂ ਸਕਦਾ। ਸੂਰਜ ਚੜ੍ਹਨ ਤੋਂ ਕੁਝ ਮਿੰਟ ਪਹਿਲਾਂ ਮੈਂ ਸੁਣਿਆ ਕੋਈ ਕਹਿ ਰਿਹਾ ਸੀ, ਹੁਣ ਅਸੀਂ ਇਨ੍ਹਾਂ ਨੂੰ ਲੈ ਜਾਂਦੇ ਹਾਂ। ਆਲੇ ਦੁਆਲੇ ਕੋਈ ਨਹੀਂ ਸੀ। ਮੈਂ ਸੋਚਿਆ ਮੈਨੂੰ ਸ਼ਾਇਦ ਭੁਲੇਖਾ ਪਿਆ, ਗੁਰੂ ਭਾਈ ਨੇ ਵੀ ਚਾਰੇ ਪਾਸੇ ਦੇਖਿਆ। ਮੈਂ ਪੁਛਿਆ, "ਤੁਸੀਂ ਕੁਝ ਸੁਣਿਆ?"

ਉਹ ਕਹਿਣ ਲੱਗਾ, "ਹਾਂ ਮੈਂ ਕੁਝ ਸੁਣਿਆ ਹੈ?"

ਮੈਂ ਪੁਛਿਆ, "ਸਾਨੂੰ ਭਰਮ ਤਾਂ ਨਹੀਂ ਪੈ ਰਿਹਾ? ਇਹ ਹੋ ਕੀ ਰਿਹਾ ਹੈ?"

ਅਚਾਨਕ ਅਸੀਂ ਦੇਖਿਆ ਸਵਾਮੀ ਜੀ ਦਾ ਸਰੀਰ ਉਪਰ ਉਡਣਾ ਸ਼ੁਰੂ ਹੋ ਗਿਆ ਤੇ ਗੰਗਾ ਵਲ ਜਾਣਾ ਸ਼ੁਰੂ ਹੋ ਗਿਆ, ਉਹ ਹਵਾ ਵਿਚ ਤੈਰਦਾ ਰਿਹਾ। ਫੇਰ ਦਰਿਆ ਤੇ ਜਾ ਕੇ ਨੀਵਾਂ ਹੋ ਗਿਆ ਤੇ ਗੰਗਾ ਵਿਚ ਉਤਰ ਗਿਆ।

ਮੈਂ ਐਨਾ ਡਰਿਆ, ਮੈਂ ਇਸ ਨੂੰ ਸਮੋਅ ਹੀ ਨਹੀਂ ਸਕਿਆ। ਜਦੋਂ ਲੋਕੀ ਕਿਸੇ ਕਰਾਮਾਤ ਦੀ ਗੱਲ ਕਰਦੇ, ਮੈਂ ਸੋਚਦਾ ਕੋਈ ਗਲਤ ਗੱਲ ਹੈ, ਪਰ ਜਦੋਂ ਮੈਂ ਇਸ ਸਰੀਰ ਨੂੰ ਆਪ ਇਸ ਤਰ੍ਹਾਂ ਹਵਾ ਵਿਚ ਜਾਂਦੇ ਦੇਖਿਆ, ਆਪਣੀਆਂ ਅੱਖਾਂ ਨਾਲ, ਮੇਰਾ ਵਿਚਾਰ ਬਦਲ ਗਿਆ।

ਜਦੋਂ ਮੈਂ ਮੱਠ ਵਿਚ ਵਾਪਸ ਆਇਆ, ਬਹੁਤ ਸਾਰੇ ਸਵਾਮੀ ਬੈਠੇ ਵਾਦ ਵਿਵਾਦ ਕਰ ਰਹੇ ਸਨ। ਵਿਸ਼ਾ ਸੀ ਜੇ ਵਾਹਿਗੁਰੂ ਨੇ ਇਹ ਸਭ ਸਿਰਜਿਆ ਹੈ ਤੇ ਉਹ ਉਪਰੋਂ ਦੇਖ ਵੀ ਰਿਹਾ ਹੈ ਫੇਰ ਐਨਾ ਸੰਤਾਪ ਕਿਉਂ ਹੈ? ਦੁਖ ਕਿਉਂ ਹੈ? ਇਕ ਸਵਾਮੀ ਕਹਿਣ ਲੱਗੇ, ਇਹ ਦਿਸਦਾ ਸੰਸਾਰ ਇਕ ਹਿੱਸਾ ਹੀ ਹੈ, ਅਸੀਂ ਹੋਰ ਪਾਸੇ ਵੀ ਦੇਖ ਸਕਦੇ ਹਾਂ, ਸਾਡੇ ਕੋਲ ਸਮਰਥਾ ਹੈ, ਸਾਡੇ ਮਨ ਇਸ ਦਿਸਦੇ ਸੰਸਾਰ ਤੇ ਹੀ ਗੱਡੇ ਰਹਿੰਦੇ ਹਨ, ਮਨੁੱਖ ਦੁਖੀ ਹੈ ਕਿਉਂਕਿ ਉਸ ਨੂੰ ਪੂਰਾ ਪਤਾ ਹੀ ਨਹੀਂ। ਉਨ੍ਹਾਂ ਨੇ ਜੋ ਕਿਹਾ, ਮੇਰੇ ਲਈ ਉਹ ਪ੍ਰੇਰਨਾ ਬਣ ਗਿਆ। ਮੈਂ ਸੁਣਨ ਬੈਠ ਗਿਆ। ਮੈਂ ਦੇਖਿਆ ਹੌਲੀ-ਹੌਲੀ ਮੇਰੇ ਸ਼ੰਕੇ ਨਵਿਰਤ ਹੁੰਦੇ ਚਲੇ ਗਏ।

ਜਦੋਂ ਮੈਂ ਇਹ ਮਾਇਆ ਦੇ ਸੰਸਾਰ ਦੀ ਤੁਲਨਾ ਮਹਾਤਮਾ ਦੇ ਸੰਸਾਰ ਨਾਲ ਕਰਦਾ ਹਾਂ, ਮੈਂ ਮਾਇਆ ਵਾਲਾ ਸੰਸਾਰ ਦੇਖ ਸਕਦਾ ਹਾਂ, ਛੋਹ ਸਕਦਾ ਹਾਂ, ਇਸ ਦੀ ਕੋਈ ਰੂਪ ਰੇਖਾ ਹੈ, ਪਰ ਮਹਾਤਮਾ ਦਾ ਆਲਾ ਦੁਆਲਾ ਭਾਵੇਂ ਸੰਸਾਰਕ ਨਹੀਂ ਪਰ ਵਧੇਰੇ ਸੱਚ ਹੈ ਜਿਥੋਂ ਤਕ ਜੀਵਨ ਦਾ ਸੁਆਲ ਹੈ। ਤਰੀਕਿਆਂ ਦੀ ਵੀ ਜੀਵਨ ਵਿਚ ਮਹੱਤਤਾ ਹੈ ਪਰ ਉਸ ਸੱਚ ਤੋਂ ਬਿਨਾਂ ਸਭ ਕੁਝ ਨਖਿੱਧ ਹੈ। ਆਮ ਮਨੁੱਖ ਜੀਵਨ ਦੇ ਬਹੁਤ ਪੱਖਾਂ ਨੂੰ ਇਕ ਰਹੱਸ ਹੀ ਸਮਝਦਾ ਹੈ, ਇਕ ਬੁਝਾਰਤ ਸਮਝਦਾ ਹੈ ਪਰ ਇਹ ਰਹੱਸ ਖਤਮ ਹੋ ਜਾਂਦਾ ਹੈ, ਜਦੋਂ ਅਗਿਆਨਤਾ ਦਾ ਪੜਦਾ ਉਠਦਾ ਹੈ, ਮਰਨ ਦੀ ਤਕਨੀਕ ਲੋਕੀ ਨਹੀਂ ਜਾਣਦੇ, ਪਰ ਯੋਗ ਵਿਗਿਆਨ ਵਿਚ ਇਹ ਤਕਨੀਕ ਦੱਸੀ ਹੋਈ ਹੈ ਤੇ ਉਨ੍ਹਾਂ ਨੂੰ ਦੱਸੀ ਜਾਂਦੀ ਹੈ ਜਿਹੜੇ ਇਸ ਨੂੰ ਸਿਖਣ ਨੂੰ ਤਿਆਰ ਹਨ। ਜੰਮਣ ਮਰਨ ਦਾ ਰਹੱਸ ਵਡਭਾਗਿਆਂ ਨੂੰ ਹੀ ਪਤਾ ਲਗਦਾ ਹੈ।

ਜਿਹੜਾ ਜੀਵਨ ਅਸੀਂ ਜਾਣਦੇ ਹਾਂ ਉਹ ਕੇਵਲ ਜਨਮ ਤੋਂ ਮਰਨ ਤਕ ਇਕ ਲਾਈਨ ਹੈ ਜਿਹੜੀ ਜੰਮਣ ਤੇ ਮਰਨ ਨੂੰ ਮਿਲਾਉਂਦੀ ਹੈ, ਬਹੁਤ ਵੱਡਾ ਹਿੱਸਾ ਜੰਮਣ ਤੋਂ ਪਹਿਲਾਂ, ਮਰਣ ਤੋਂ ਬਾਦ ਵਾਲਾ ਇਕ ਰਹੱਸ ਹੀ ਬਣਿਆ ਰਹਿੰਦਾ ਹੈ। ਜਿਹੜਾ ਇਹ ਨਾ ਜਾਣੇ ਜਾਣ ਵਾਲੇ ਹਿੱਸੇ ਨੂੰ ਸਮਝਦਾ ਹੈ ਉਹ ਇਹ ਜਾਣਦਾ ਹੈ, ਇਹ ਜੀਵਨ ਇਕ ਲੰਮੇ ਵਾਕ ਵਿਚ ਕਾਮੇ (,) ਦੀ ਤਰ੍ਹਾਂ ਹੈ। ਪੁਰਾਣੇ ਯੋਗ ਗ੍ਰੰਥ ਵਿਚ ਦਸਿਆ ਗਿਆ ਹੈ ਕਿ ਸਰੀਰ ਕਿਵੇਂ ਛੱਡਣਾ ਚਾਹੀਦਾ ਹੈ। ਗਿਆਰਾਂ ਦਰਵਾਜ਼ੇ ਦੱਸੇ ਗਏ ਹਨ ਜਿਨ੍ਹਾਂ ਵਿਚੋਂ ਸੂਖਸ਼ਮ ਪ੍ਰਾਣ ਨਿਕਲਦੇ ਹਨ। ਯੋਗੀ 'ਬ੍ਰਹਮ-ਰੰਦਰਾ' ਜਿਸ ਨੂੰ ਅਸੀਂ ਸਿਰ ਦੇ ਬਿਲਕੁਲ ਉਪਰ ਤਾਲੂ ਦੇ ਉਪਰ ਕਹਿੰਦੇ ਹਾਂ, ਉਥੋਂ ਆਪਣੇ ਪ੍ਰਾਣ ਕੱਢਦਾ ਹੈ। ਇਹ ਕਿਹਾ ਜਾਂਦਾ ਹੈ ਜਿਹੜਾ ਇਥੋਂ ਪ੍ਰਾਣ ਕੱਢਦਾ ਹੈ ਉਹ ਸੁਚੇਤ ਰਹਿੰਦਾ ਹੈ ਉਸ ਨੂੰ ਅਗਲੇ ਪਿਛਲੇ ਜੀਵਨ ਦਾ ਸਤਿ ਯਾਦ ਰਹਿੰਦਾ ਹੈ।

L L L L L L L



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਤ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

***ਧਾਰਨਾ - ਨਾ ਵਿਸਰੋ ਮਹਾਰਾਜ ਜੀਏ ਤੇ ਨਾ ਵਿਸਰੋ - 2***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥***
***ਪੰਨਾ - 1094***

***ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥***
***ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥***
***ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥***
***ਪੰਨਾ - 558***

***ਧਾਰਨਾ - ਕੋਈ ਆਣ ਮਿਲਾਵੇ ਜੀ***
***ਹਰਿ ਜੀ ਪਿਆਰਾ, ਪ੍ਰਭ ਜੀ ਪਿਆਰਾ।***
***ਪ੍ਰਭ ਜੀ ਪਿਆਰਾ, ਹਰਿ ਜੀ ਪਿਆਰਾ - 2, 2***
***ਕੋਈ ਆਣ ਮਿਲਾਵੇ ਜੀ,..........2***

***ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥***
***ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥***
***ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥***
***ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥***
***ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥***
***ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥***
***ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥***
***ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥***
***ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥***
***ਪੰਨਾ - 135***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਅੱਜ ਸਤੰਬਰ, 84 ਦੀ 16 ਤਾਰੀਖ ਹੈ, ਅੱਜ ਸੰਗਰਾਂਦ ਵੀ ਹੈ ਅਤੇ ਐਤਵਾਰ ਵੀ ਹੈ। ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚਦੇ ਹੋ, ਗੁਰੂ ਦਰਬਾਰ ਵਿਚ ਪਹੁੰਚਣ ਦਾ ਜੋ ਮਨੋਰਥ ਹਰ ਵਾਰੀ ਦਸਿਆ ਜਾਂਦਾ ਹੈ। ਉਹ ਕੇਵਲ ਇਕੋ ਮਨੋਰਥ ਹੈ ਕਿ ਆਦਮੀ ਦੀ ਜ਼ਿੰਦਗੀ ਦੇ ਅੰਦਰ ਇਕ ਇਹੋ ਜਿਹਾ ਕੰਮ ਐ ਜਿਹੜਾ ਇਸ ਨੂੰ ਜ਼ਰੂਰ ਹੀ ਕਰਨਾ ਚਾਹੀਦਾ ਹੈ। ਜੇ ਨਹੀਂ ਕਰਿਆ ਤਾਂ ਇਸ ਦੇ ਸਾਰੇ ਕੀਤੇ ਹੋਏ ਕੰਮ ਜ਼ੀਰੋ ਬਣ ਜਾਇਆ ਕਰਦੇ ਨੇ। ਜੇ ਉਹ ਕੰਮ ਕਰ ਲਿਆ ਤਾਂ ਸਾਰੇ ਕੰਮ ਕਰ ਲਏ। ਭਾਵੇਂ ਗਰੀਬ ਹੋਵੇ, ਪਾਟੇ ਹੋਏ ਕਪੜਿਆਂ ਨਾਲ ਗੁਜ਼ਾਰਾ ਕਰ ਲਵੇ, ਟੁੱਟੀ ਹੋਈ ਝੌਂਪੜੀ ਦੇ ਵਿਚ ਰਹਿੰਦਾ ਹੋਵੇ, ਭਾਵੇਂ ਕੋਈ ਜਾਣਦਾ ਹੋਵੇ ਜਾਂ ਨਾ ਜਾਣਦਾ ਹੋਵੇ, ਕੋਈ ਆਦਰ ਕਰਦਾ ਹੋਵੇ, ਭਾਵੇਂ ਨਾ, ਜੇਕਰ ਉਸ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ, ਹਰੀ ਪਿਆਰ ਵਿਚ ਮਨ ਭਿੰਨਾ ਹੋ ਗਿਆ ਤਾਂ ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਜੇ ਪ੍ਰਭੂ ਦਾ ਮਿਲਾਪ ਨਹੀਂ ਹੋਇਆ, ਭਾਵੇਂ ਉਹ ਕਿੰਨਾ ਹੀ ਵੱਡਾ ਹੈ, ਉਸ ਨੇ ਸੰਸਾਰ ਤੇ ਆ ਕੇ ਕੁਝ ਨਹੀਂ ਖੱਟਿਆ।

ਪਿਛਲੇ ਦੀਵਾਨ ਵਿਚ ਬੇਨਤੀ ਕੀਤੀ ਗਈ ਸੀ ਕਿ ਇਕ ਪ੍ਰੇਮੀ, ਗਜ਼ਨੀ ਦੇ ਰਹਿਣ ਵਾਲਾ ਸੀ, ਉਸ ਨੂੰ ਬੈਰਾਗ ਲੱਗਿਆ। ਉਸ ਦਾ ਨਾਮ ਭਾਈ ਚੰਦਾ ਸਿੰਘ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਹੋਇਆ ਹੈ। ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲੇ ਜੋ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਗਿਆਰਵੇਂ ਥਾਂ ਸੀ ਅਤੇ ਰਾੜਾ ਸਾਹਿਬ ਦੀ ਸੰਪਰਦਾ, ਸੰਤ ਈਸ਼ਰ ਸਿੰਘ ਜੀ ਮਹਾਰਾਜ ਤੋਂ ਸੱਤਵੇਂ ਥਾਂ ਪਹਿਲਾਂ ਹਨ। ਭਾਈ ਦਇਆ ਸਿੰਘ ਜੀ ਤੋਂ ਬਾਅਦ ਬਾਬਾ ਸੋਭਾ ਸਿੰਘ ਜੀ ਹੋਏ, ਜਿਹੜੇ ਬਨਾਰਸ ਵਿਚ ਜਾ ਕੇ ਪੜ੍ਹੇ ਇਥੇ ਬਾਬਾ ਸਾਹਿਬ ਸਿੰਘ ਜੀ ਨੂੰ ਇਨ੍ਹਾਂ ਦੀ ਸੰਗਤ ਪ੍ਰਾਪਤ ਹੋਈ। ਬਾਬਾ ਸਾਹਿਬ ਸਿੰਘ ਜੀ ਅੰਤਰਜਾਮੀ ਅਤੇ ਬੇਅੰਤ ਸ਼ਕਤੀਆਂ ਦੇ ਮਾਲਕ ਸਨ। ਜੋ ਪੂਰਨ ਸੰਤਾਂ ਦੇ ਲੱਛਣ ਹੁੰਦੇ ਹਨ ਉਹ ਸਾਰੇ ਆਪ ਜੀ ਵਿਚ ਸਨ, ਆਪ ਰਾਜੇ ਵੀ ਸਨ ਤੇ ਯੋਗੀ ਵੀ ਸਨ। ਭਾਈ ਚੰਦਾ ਸਿੰਘ ਜੀ ਨੂੰ ਆਪ ਦੀ ਦੱਸ ਪਈ ਤੇ ਉਹ ਪ੍ਰੇਮੀ ਬਹੁਤ ਉਤਸ਼ਾਹ ਦੇ ਨਾਲ ਬਾਬਾ ਜੀ ਪਾਸ ਊਨੇ ਸਾਹਿਬ ਪਹੁੰਚਿਆ। ਸੰਤ ਮਹਾਰਾਜ ਜੀ ਨੇ ਪੁਛਿਆ ਭਾਈ ਗੁਰਮੁਖਾ! ਤੂੰ ਕਿਥੋਂ ਆਇਆ ਹੈਂ, ਪਰਦੇਸੀ ਲਗਦੈਂ, ਤੇਰੀ ਪੁਸ਼ਾਕ ਤੋਂ ਐਉਂ ਲਗਦੈ ਕਿ ਤੂੰ ਪੋਠੋਹਾਰ ਤੋਂ ਵੀ ਅਗਲੇ ਅਫਗਾਨਸਤਾਨ ਦਾ ਰਹਿਣ ਵਾਲਾ ਹੈਂ। ਕਹਿਣ ਲੱਗਿਆ, "ਮਹਾਰਾਜ! ਪੰਜਾਬ ਤੋਂ ਬਹੁਤ ਦੂਰ ਰਹਿੰਦੇ ਹਾਂ ਉਥੇ ਟਾਂਵੇ-ਟਾਂਵੇ ਗੁਰਸਿੱਖ ਹਨ। ਮੇਰੇ ਮਨ ਵਿਚ ਸ਼ੌਕ ਜਾਗਿਆ ਹੈ ਕਿ ਐਸ ਜਨਮ ਦੇ ਅੰਦਰ ਪ੍ਰਮੇਸ਼ਰ ਨੂੰ ਮਿਲਾਂ। ਕਾਰੋਬਾਰ ਬਹੁਤ ਹੈ, ਬਾਲ ਬੱਚੇ ਹਨ, ਧਨ ਬਹੁਤ ਕਮਾਇਆ ਹੈ ਪਰ ਇਕ ਗੱਲ ਤੋਂ ਖਾਲੀ ਰਹਿ ਗਿਆ ਕਿਉਂਕਿ ਪਤਾ ਨਹੀਂ ਲਗ ਸਕਿਆ ਕਿ ਵਾਹਿਗੁਰੂ ਮਿਲਦਾ ਕਿਵੇਂ ਹੈ ਅਤੇ ਹੈ ਕਿਥੇ ਅਤੇ ਕਿਹੋ ਜਿਹਾ ਹੈ। ਜਿੰਨੀ ਦੇਰ ਤਕ, ਜੇ ਕਿਸੇ ਨੂੰ ਮਿਲਣਾ ਹੋਵੇ, ਉਸ ਦੇ ਸੁਭਾਅ ਦਾ ਪਤਾ ਨਾ ਹੋਵੇ, ਉਸ ਦੀ ਰਿਹਾਇਸ਼ਗਾਹ ਦਾ ਪਤਾ ਨਾ ਹੋਵੇ, ਉਸ ਦੇ ਮਿਲਣ ਦਾ ਟਾਈਮ ਪਤਾ ਨਾ ਹੋਵੇ, ਮਿਲਾਉਣ ਵਾਲੇ ਦਾ ਨਾ ਪਤਾ ਹੋਵੇ ਮਿਲਣਾ ਮੁਸ਼ਕਲ ਹੁੰਦਾ ਹੈ। ਬੇਪਰਵਾਹ ਹੋਵੇ ਤਾਂ ਉਸ ਨੂੰ ਮਿਲਣ ਵਾਸਤੇ ਸਭ ਕੁਝ ਪਹਿਲਾਂ ਪੁਛਣਾ ਪੈਣਾ ਹੈ ਕਿ ਕਿਸ ਤਰ੍ਹਾਂ ਨਾਲ ਮਿਲਣਾ ਹੈ, ਕਿਥੇ ਰਹਿੰਦਾ ਹੈ ਅਤੇ ਕਿਸ ਤਰੀਕੇ ਦੇ ਨਾਲ ਮਿਲੇਗਾ। ਭਾਈ ਚੰਦਾ ਸਿੰਘ ਕਹਿਣ ਲੱਗਾ, ਮਹਾਰਾਜ! ਮੈਨੂੰ ਆਪ ਦੀ ਦਸ ਪਾਈ ਹੈ ਅਤੇ ਮੇਰੇ ਮਨ ਵਿਚ ਸ਼ਰਧਾ ਹੋ ਆਈ ਹੈ, ਇਸ ਲਈ ਮੈਂ ਆਪ ਦੇ ਦਰ ਤੇ ਹਾਜ਼ਰ ਹੋਇਆ ਹਾਂ। ਕ੍ਰਿਪਾ ਕਰੋ, ਦਾਸ ਜਾਣ ਕੇ ਮੈਨੂੰ ਪ੍ਰਮੇਸ਼ਰ ਦਾ ਮਿਲਾਪ ਕਰਵਾ ਦਿਓ, ਮੈਨੂੰ ਵਾਹਿਗੁਰੂ ਦੇ ਦਰਸ਼ਨ ਕਰਵਾ ਦਿਓ ਕਿਉਂਕਿ ਮੈਂ ਬਾਣੀ ਵਿਚ ਵੀ ਇਹ ਪੜ੍ਹਿਆ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਰਾਮ ਮੁਕਤੀ ਦਾ ਦਾਤਾ ਹੋਇਆ ਕਰਦਾ ਹੈ, ਉਸ ਦੇ ਹੱਥ ਵਿਚ ਕਿਰਪਾ ਹੋਇਆ ਕਰਦੀ ਹੈ, ਨਦਰ ਹੋਇਆ ਕਰਦੀ ਹੈ ਕਿਉਂਕਿ ਗੁਰਸਿੱਖੀ ਦੀ ਮੁਕਤੀ ਦਾ ਸੰਕਲਪ ਪਹਿਲਿਆਂ ਨਾਲੋਂ ਥੋੜ੍ਹਾ ਵਖਰਾ ਹੈ। ਇਹ ਮੁਕਤੀ ਆਪਣੇ ਆਪ ਨਹੀਂ



Sri Satguru Jagjit Singh Ji eLibrary NamdhariElibrary@gmail.com

ਮਿਲਦੀ, ਪ੍ਰਮੇਸ਼ਰ ਦੀ ਕਿਰਪਾ, ਨਦਰ, ਮਿਹਰ ਦੇ ਨਾਲ ਮਿਲਦੀ ਹੈ। ਜਦੋਂ ਨਦਰ ਕਰਕੇ ਜੀਵ ਭਾਵ ਖਤਮ ਕਰ ਦੇਵੇ ਤੇ ਉਸ ਦੇ ਅੰਦਰ ਆਤਮ ਭਾਵ ਪੈਦਾ ਕਰ ਦੇਵੇ ਅਤੇ ਆਤਮਾ, ਪ੍ਰਮਾਤਮਾ ਨੂੰ ਇਕ ਦਿਖਾ ਦੇਵੇ, ਆਪਣੇ ਨਾਲ ਮਿਲਾ ਲਵੇ, ਉਸ ਵੇਲੇ ਮੁਕਤੀ ਪ੍ਰਾਪਤ ਹੋਇਆ ਕਰਦੀ ਹੈ। ਦੂਸਰੇ ਕਈ ਮਤਾਂ ਦਾ ਖਿਆਲ ਹੈ ਕਿ ਜੇ ਗਿਆਨ ਹੋ ਜਾਵੇ ਤਾਂ ਮੁਕਤੀ ਹੋ ਜਾਂਦੀ ਹੈ। ਗੁਰਬਾਣੀ ਵਿਚ ਇਸ ਤਰ੍ਹਾਂ ਨਹੀਂ ਹੈ ਕਿਉਂਕਿ ਇਥੇ ਭਗਤੀ ਸਹਿਤ ਮੁਕਤੀ ਹੈ। ਸੋ ਮਹਾਰਾਜ! ਮੈਂ ਆਪ ਦੇ ਦਰ ਤੇ ਹਾਜ਼ਰ ਹੋਇਆ ਹਾਂ, ਕ੍ਰਿਪਾ ਕਰੋ ਮੈਨੂੰ ਉਹ ਜੁਗਤ ਦੱਸੋ ਜਿਸ ਦੇ ਨਾਲ ਮੈਨੂੰ ਵਾਹਿਗੁਰੂ ਮਿਲ ਜਾਵੇ।

ਮਹਾਂਪੁਰਸ਼ਾਂ ਨੇ ਦੇਖਿਆ, ਕਹਿਣ ਲੱਗੇ, ਕੀ ਨਾਮ ਹੈ? ਕਹਿੰਦਾ, "ਮਹਾਰਾਜ! ਮੇਰਾ ਨਾਮ ਚੰਦਾ ਸਿੰਘ ਹੈ।" ਬਾਬਾ ਜੀ ਕਹਿਣ ਲੱਗੇ, "ਚੰਦਾ ਸਿੰਘ! ਜਿਸ ਨੇ ਵੀ ਥੋੜ੍ਹਾ ਬਹੁਤ ਲਾਹਾ ਖਟਣਾ ਹੋਵੇ ਉਸ ਨੂੰ ਵੀ ਬਹੁਤ ਮਿਹਨਤ ਕਰਨੀ ਪੈਂਦੀ ਹੈ। ਕੋਈ ਵਪਾਰ ਕਰਨਾ ਹੋਵੇ, ਮਾਮੂਲੀ ਜਿਹੀ ਨੌਕਰੀ ਲੈਣੀ ਹੋਵੇ, ਕਿੰਨੀ ਵਾਰੀ ਘੁੰਮਦਾ ਹੈ, ਕਿਹੜੇ ਕਿਹੜੇ ਬੰਦੇ ਨੂੰ ਤਲਾਸ਼ ਕਰਦਾ ਹੈ ਕਿ ਔਹ ਬੰਦਾ ਮੇਰੀ ਸਿਫਾਰਸ਼ ਲਗਾ ਦੇਵੇਗਾ। ਪੈਸੇ ਦਾ ਇੰਤਜ਼ਾਮ ਕਰਦਾ ਹੈ, ਹੋਰ ਵੀ ਅਨੇਕਾਂ ਤਰੀਕੇ ਵਰਤਦਾ ਹੈ, ਰਾਜਸੀ ਦਬਾਅ ਪੁਆਉਂਦੈ। ਲੈਣਾ ਕੀ ਹੈ? ਕੇਵਲ ਪੰਜਾਹ ਰੁਪੈ ਜਾਂ ਸਤਰ ਰੁਪੈ ਦੀ ਨਿੱਕੀ ਜਿਹੀ ਨੌਕਰੀ ਵਾਸਤੇ ਕਿੰਨਾ ਯਤਨ ਕਰਨਾ ਪੈਂਦਾ ਹੈ (ਉਸ ਸਮੇਂ ਫੌਜ ਵਿਚ ਸਤ ਰੁਪੈ ਮਹੀਨਾ ਸਿਪਾਹੀ ਦੀ ਤਨਖਾਹ ਸੀ)। ਇਹ ਤਾਂ ਤੂੰ ਸਭ ਤੋਂ ਵੱਡੀ ਗੱਲ ਦੀ ਮੰਗ ਕਰ ਰਿਹਾ ਹੈਂ। ਜਿਸ ਨੂੰ ਪ੍ਰਾਪਤ ਕਰਕੇ ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਬਣ ਜਾਵੇਂ, ਦਰਗਾਹ ਵੀ ਤੇਰੇ ਕਹਿਣੇ ਦੇ ਅੰਦਰ ਆ ਜਾਵੇ, ਸਾਰੀ ਸ੍ਰਿਸ਼ਟੀ ਦਾ ਤੂੰ ਬਾਦਸ਼ਾਹ ਬਣ ਜਾਵੇ, ਸਾਰੀਆਂ ਰਿਧੀਆਂ ਸਿੱਧੀਆਂ ਦਾ ਮਾਲਕ ਬਣ ਜਾਵੇ -

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਤੇ ਸਾਰੇ ਬ੍ਰਹਿਮੰਡਾਂ ਦੇ ਅੰਦਰ ਤੇਰਾ ਸਤਿਕਾਰ ਹੋ ਜਾਵੇ। ਭਾਈ ਇਹ ਕਿਤੇ ਛੋਟੀ ਜਿਹੀ ਪਦਵੀ ਮੰਗਦੈ? ਉਹ ਕਹਿਣ ਲੱਗਾ, "ਮਹਾਰਾਜ! ਆਪ ਜੋ ਵੀ ਹੁਕਮ ਕਰੋ ਮੈਂ ਦੇਣ ਨੂੰ ਤਿਆਰ ਹਾਂ, ਇਥੇ ਤਕ ਕਿ ਮੈਂ ਆਪਣਾ ਸੀਸ ਵੀ ਦੇਣ ਵਾਸਤੇ ਤਿਆਰ ਹਾਂ।" ਬਾਬਾ ਜੀ ਕਹਿਣ ਲੱਗੇ, "ਦੇਖ ਭਾਈ ਗੁਰਮੁਖਾ! ਇਹ ਚੀਜ਼ਾਂ ਐਵੇਂ ਹੱਥ ਨਹੀਂ ਆਇਆ ਕਰਦੀਆਂ। ਬੇਕਦਰਿਆਂ ਦੇ ਹੱਥ ਵਿਚ ਪਾ ਕੇ ਕੀਮਤੀ ਚੀਜ਼ ਦੀ ਕਦਰ ਨਹੀਂ ਪਿਆ ਕਰਦੀ। ਪਤਾ ਨਹੀਂ ਲਗ ਸਕਿਆ ਕਰਦਾ ਕਿ ਦੀਕਸ਼ਾ ਕੀ ਹੁੰਦੀ ਹੈ ਅਤੇ ਅੰਮ੍ਰਿਤ ਛਕਣ ਦਾ ਮਤਲਬ ਕੀ ਹੈ, ਐਵੇਂ ਹੀ ਹੈ, ਰੀਤ ਬਣਾ ਲਈ ਕਿ ਚਲੋ ਅੰਮ੍ਰਿਤ ਛਕ ਲਿਆ ਤੇ ਰਸਮ ਪੂਰੀ ਕਰ ਲਈ। ਲੇਕਿਨ ਅੰਮ੍ਰਿਤ ਬਹੁਤ ਵੱਡੀ ਚੀਜ਼ ਹੈ। ਜਿੰਨੀ ਦੇਰ ਤਕ ਪੂਰਾ ਗਾਹਕ ਨਾ ਹੋਵੇ ਉਨੀਂ ਦੇਰ ਤਕ ਚੀਜ਼ ਦੀ ਕਦਰ ਨਹੀਂ ਪਾ ਸਕਿਆ ਕਰਦੇ।" ਸੋ ਮਹਾਂਪੁਰਸ਼ ਇਸ ਤਰ੍ਹਾਂ ਫੁਰਮਾਉਂਦੇ ਹਨ -

***ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,***
***ਗੱਠੜੀ ਨਾ ਖੋਲ੍ਹੀ ਨਾਮ ਦੀ - 2***
***ਮੇਰੇ ਪਿਆਰੇ, ਗੱਠੜੀ ਨਾ ਖੋਲ੍ਹੀਂ ਨਾਮ ਦੀ-2***

***ਜਿਥੇ ਮਿਲੇ ਨ ਸੌਦਾਗਰ ਪੂਰਾ,.........।***

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ - 1365***

ਕਹਿਣ ਲੱਗੇ ਗੁਰਮੁਖਿ ਪਿਆਰਿਆ! ਪ੍ਰਮੇਸ਼ਰ ਦੇ ਨਾਮ ਦਾ ਜੋ ਪਦਾਰਥ ਹੈ, ਇਹ ਜਨਮ ਪਦਾਰਥ ਜਿਤਣ ਵਾਲਾ ਪਦਾਰਥ ਹੈ, ਜੋ ਬਾਕੀ ਪਦਾਰਥ ਨੇ ਉਹ ਸਭ ਜਨਮ ਹਾਰਨ ਵਾਲੇ ਪਦਾਰਥ ਨੇ। ਐਡੀ ਵੱਡੀ ਚੀਜ਼ ਦੀ ਤੂੰ ਮੰਗ ਕੀਤੀ ਹੈ, ਬਲਿਹਾਰ! ਹਰ ਬੰਦਾ ਇਹ ਮੰਗ ਨਹੀਂ ਕਰ ਸਕਦਾ। ਕਿਉਂਕਿ ਇਹ ਮੰਗ ਐਨੀ ਸੁਖਾਲੀ ਨਹੀਂ ਹੈ, ਬਹੁਤ ਹੀ ਦ੍ਰਿੜ੍ਹ ਇਰਾਦਾ ਹੋਵੇ ਤਾਂ ਉਸ ਦੇ ਹਿਰਦੇ ਵਿਚ ਇਹ ਮੰਗ ਆਇਆ ਕਰਦੀ ਹੈ। ਕਹਿਣ ਲੱਗੇ ਇਹਦੀ ਤਾਂ ਕੀਮਤ ਬੜੀ ਦੇਣੀ ਪੈਂਦੀ ਹੈ। ਕਹਿਣ ਲੱਗਾ, "ਮਹਾਰਾਜ! ਮੈਂ ਬਹੁਤ ਪੈਸੇ ਵਾਲਾ ਹਾਂ, ਆਪ ਦਾ ਦਿਤਾ ਹੋਇਆ ਧਨ, ਲੱਖ ਰੁਪਿਆ (ਅਜ ਦਾ ਡੇਢ ਕਰੋੜ) ਮੇਰੇ ਪਾਸ ਹੈ, ਆਪ ਦੱਸੋ ਕਿੰਨੀ ਕੀਮਤ ਹੈ ਮੈਂ ਅਰਪਨ ਕਰ ਦਿੰਦਾ ਹਾਂ। ਮੇਰੇ ਪਾਸ ਹੁੰਡੀ ਹੈ, ਹੁੰਡੀ ਕੈਸ਼ ਹੋ ਜਾਏਗੀ। ਬਾਬਾ ਜੀ ਹੱਸ ਪਏ ਤੇ ਕਹਿਣ ਲੱਗੇ, "ਭਾਈ ਚੰਦਾ ਸਿੰਘ! ਇਹ ਤਾਂ ਨਾਮ ਦੀ ਕੀਮਤ ਨਹੀਂ ਹੈ।" ਕਹਿਣ ਲੱਗੇ, "ਮਹਾਰਾਜ! ਆਪ ਕ੍ਰਿਪਾ ਕਰਕੇ ਦੱਸੋ ਫੇਰ ਕਿਹੜੀ ਕੀਮਤ ਹੈ ਤਾਂ ਆਪ ਫੁਰਮਾਉਂਦੇ ਹਨ -

***ਧਾਰਨਾ - ਮਰਨਾ ਕਬੂਲ ਲੈ, ਜੀਵਨ ਦੀ ਛੱਡ ਦੇ ਆਸਾ।***
***ਜੀਵਨ ਦੀ ਛੱਡ ਦੇ ਆਸਾ - 2, 2.***
***ਮਰਨਾ ਕਬੂਲ ਲੈ, ..........।***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ - 1102***

ਕਹਿਣ ਲੱਗੇ ਜੇ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਇਹਦਾ ਸੰਸਾਰ ਤੋਂ ਉਲਟਾ ਰਸਤਾ ਹੈ। ਜਿਹੜਾ ਉਲਟਾ ਰਸਤਾ ਹੈ ਉਹ ਚੜ੍ਹਨਾ ਬਹੁਤ ਔਖਾ ਹੈ, ਇਸ ਵਿਚ ਚੜ੍ਹਾਈ ਹੈ ਅਤੇ ਸੰਸਾਰ ਦੇ ਕੰਮਾਂ ਵਿਚ ਫਸਣਾ ਇਹ ਉਤਰਾਈ ਹੈ। ਚੰਦਾ ਸਿੰਘ! ਪ੍ਰਕਾਸ਼ ਦੇ ਰਸਤੇ ਵਿਚ ਜਾਣ ਵਾਸਤੇ ਕੀਮਤ ਦੇਣੀ ਪੈਣੀ ਹੈ ਕਿਉਂਕਿ ਸਾਰਾ ਸੰਸਾਰ ਹਨ੍ਹੇਰੇ ਵਿਚ ਠੋਕਰਾਂ ਖਾ ਰਿਹਾ ਹੈ, ਇਥੇ ਤਕ ਕਿ ਪਾਗਲ ਹੋਇਆ ਪਿਆ ਹੈ ਤੇ ਦਿਮਾਗ ਵੀ ਕਾਇਮ ਨਹੀਂ ਹੈ। ਭਾਈ ਚੰਦਾ ਸਿੰਘ ਕਹਿਣ ਲੱਗਾ, "ਮਹਾਰਾਜ! ਮੈਂ ਤਾਂ ਮਰਨਾ ਹੀ ਮਿਥ ਕੇ ਘਰ ਤੋਂ ਆਇਆ ਹਾਂ। ਬਾਲ ਬੱਚਿਆਂ ਨਾਲ ਮੈਂ ਕੋਈ ਸਬੰਧ ਨਹੀਂ ਰੱਖਿਆ, ਸਭ ਛੱਡ ਆਇਆ ਹਾਂ। ਮਹਾਰਾਜ! ਮੈਨੂੰ ਪ੍ਰਮੇਸ਼ਰ ਦਾ ਮਿਲਾਪ ਕਰਾ ਦਿਓ।" ਬਾਬਾ ਜੀ ਕਹਿਣ ਲੱਗੇ ਜਿਸ ਤਰੀਕੇ ਨਾਲ ਮਰਨਾ ਹੈ ਉਹ ਤੈਨੂੰ ਅਸੀਂ ਹੌਲੀ ਹੌਲੀ ਦਸ ਦਿੰਦੇ ਹਾਂ। ਬਹੁਤ ਚੀਜ਼ਾਂ ਨੇ, ਕੋਈ ਤੀਹ ਚਾਲੀ ਚੀਜ਼ਾਂ ਨੇ, ਸਮਝਣ ਦਾ ਯਤਨ ਕਰ। ਜੇ ਤੂੰ ਪ੍ਰਮੇਸ਼ਰ ਦੇ ਰਾਹ ਤੇ ਪੈਣਾ ਹੈ ਤਾਂ ਤੈਨੂੰ ਇਹ ਸਾਰੀਆਂ ਆਪਣੇ ਜੀਵਨ ਦੇ ਵਿਚ ਅਪਨਾਉਣੀਆਂ ਪੈਣਗੀਆਂ।

ਸਭ ਤੋਂ ਜਿਹੜੀ ਪਹਿਲੀ ਚੀਜ਼ ਕੀ ਇਹ ਹੈ ਕਿ ਤੈਨੂੰ ਪ੍ਰਮੇਸ਼ਰ ਤੇ ਵਿਸ਼ਵਾਸ਼ ਹੈ? ਬਈ ਉਹ ਹੈਗਾ ਤੇ ਕਿਹੋ ਜਿਹਾ ਹੈ ਕਿਉਂਕਿ ਵਿਸ਼ਵਾਸ਼ ਬੜਾ ਪਤਲਾ ਵੀ ਹੋ ਸਕਦਾ ਹੈ ਤੇ


Sri Satguru Jagjit Singh Ji eLibrary NamdhariElibrary@gmail.com

ਬਹੁਤ ਦ੍ਰਿੜ੍ਹ ਵਿਸ਼ਵਾਸ਼ ਵੀ ਹੋ ਸਕਦਾ ਹੈ। ਵਿਸ਼ਵਾਸ਼ ਇਹ ਵੀ ਹੋ ਸਕਦਾ ਹੈ ਕਿ ਰੱਬ ਇਕ ਸ਼ਕਤੀ ਹੈ, ਉਸ ਨੇ ਸੰਸਾਰ ਪੈਦਾ ਕਰ ਦਿਤਾ। ਸੰਸਾਰ ਦੇ ਕਾਨੂੰਨ ਬਣਾ ਦਿਤੇ ਉਸਦੇ ਮੁਤਾਬਿਕ ਅਸੀਂ ਕਰਮਾਂ ਦੇ ਬੰਨ੍ਹੇ ਹੋਏ ਤੁਰੇ ਜਾ ਰਹੇ ਹਾਂ, ਇਹ ਵੀ ਵਿਸ਼ਵਾਸ਼ ਹੋ ਸਕਦਾ ਹੈ ਕਿ ਵਾਹਿਗੁਰੂ ਮੇਰੇ ਅੰਗ ਸੰਗ ਹੈ ਤੇ ਸਾਰੇ ਪਰੀਪੂਰਨ ਹੈ ਅਤੇ ਕੋਈ ਥਾਂ ਐਸਾ ਨਹੀਂ ਜਿਥੇ ਪ੍ਰਮੇਸ਼ਰ ਨਹੀਂ ਹੈ। ਇਹ ਵੀ ਵਿਸ਼ਵਾਸ਼ ਹੋ ਸਕਦਾ ਹੈ ਕਿ ਮੇਰੀ ਜ਼ਿੰਦਗੀ ਪ੍ਰਮੇਸ਼ਰ ਦੇ ਆਸਰੇ ਹੀ ਕਾਇਮ ਹੈ। ਉਹ ਮੇਰੀਆਂ ਅੱਖਾਂ ਰਾਹੀਂ ਹੋ ਕੇ ਦੇਖਦਾ ਹੈ ਤੇ ਕੰਨਾਂ ਰਾਹੀਂ ਹੋ ਕੇ ਸੁਣਦਾ ਹੈ, ਮੇਰੀ ਜ਼ੁਬਾਨ ਰਾਹੀਂ ਹੋ ਕੇ ਬੋਲਦਾ ਹੈ, ਮੇਰੇ ਸਰੀਰ ਵਿਚ ਹੋ ਕੇ ਰਸ ਮਾਣਦਾ ਹੈ। ਅੱਡ ਅੱਡ ਵਿਸ਼ਵਾਸ਼ ਹਨ। ਜਿੰਨਾ ਵਿਸ਼ਵਾਸ਼ ਸ਼ੁੱਧ ਹੋਏਗਾ, ਜਿੰਨਾ ਵਿਸ਼ਵਾਸ਼ ਵੱਧ ਹੋਵੇਗਾ ਉਨਾਂ ਹੀ ਫਲ ਵੱਧ ਹੋਵੇਗਾ। ਜੇ ਵਿਸ਼ਵਾਸ਼ ਲੰਗੜਾ ਜਿਹਾ ਹੈ, ਅਰਦਾਸ ਕਰਕੇ ਦੇਖ ਲਈ, ਅੰਦਰ ਚਿਤ ਵਿਚ ਸ਼ੰਕਾ ਹੈ ਕਿ ਸ਼ਾਇਦ ਸੁਣੇ ਕਿ ਨਾ ਸੁਣੇ, ਤਾਂ ਉਹ ਨਹੀਂ ਸੁਣਿਆ ਕਰਦਾ ਕਿਉਂਕਿ ਆਪ ਦੀ ਸੁਰਤੀ ਨਹੀਂ ਜੁੜ ਸਕੀ। ਸੋ ਜਿੰਨਾ ਚਿਰ ਵਿਸ਼ਵਾਸ਼ ਨਾ ਹੋਵੇ ਕੁਝ ਬਣਿਆ ਨਹੀਂ ਕਰਦਾ। ਸਭ ਤੋਂ ਚੰਗਾ ਵਿਸ਼ਵਾਸ਼ ਇਹ ਹੈ ਕਿ ਵਾਹਿਗੁਰੂ ਮੇਰਾ ਹੈ, ਮੇਰੀ ਮਾਤਾ ਹੈ, ਮੇਰਾ ਪਿਤਾ ਹੈ, ਮੇਰਾ ਭਰਾਤਾ ਹੈ, ਮੇਰਾ ਮਿਤਰ ਹੈ ਤੇ ਮੈਂ ਉਸ ਨੂੰ ਪਿਆਰ ਕਰਦਾ ਹਾਂ ਫੇਰ ਉਹ ਬਹੁਤ ਪਿਆਰਾ ਹੋ ਜਾਇਆ ਕਰਦਾ ਹੈ ਤੇ ਸਾਰਾ ਹੀ ਪਿਆਰ ਉਸ ਦੇ ਨਾਲ ਹੋ ਜਾਂਦਾ ਹੈ ਤੇ ਬਾਕੀ ਹੱਟ ਜਾਇਆ ਕਰਦਾ ਹੈ। ਜਿੰਨੀ ਦੇਰ ਤਕ ਸ਼ਰਧਾ ਨਹੀਂ ਆਉਂਦੀ ਉਨੀਂ ਦੇਰ ਤਕ ਬਿਰਤੀ ਨਹੀਂ ਜੁੜਦੀ ਜਿਵੇਂ ਜਿਹੜਾ ਪਿਆਰਾ ਹੁੰਦਾ ਹੈ ਉਹ ਹਰ ਵਕਤ ਯਾਦ ਰਹਿੰਦਾ ਹੈ। ਇਕ ਸਾਹ ਭਰ ਵੀ ਨਹੀਂ ਭੁਲਦਾ ਤੇ ਸੁਪਨੇ ਵੀ ਉਸਦੇ ਹੀ ਆਉਂਦੇ ਹਨ। ਸੋ ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ –

***ਧਾਰਨਾ – ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ।***
***ਜਿਸ ਦੇ ਮਨ ਵਿਚ ਹੈ ਭਾਈ –2, 2***
***ਗੁਰ ਕੀ ਪ੍ਰਤੀਤ ਜੀ,..........।***

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283***

ਇਹ ਸ਼ਰਤ ਲਗ ਗਈ। ਜਿਸ ਦੇ ਮਨ ਵਿਚ ਗੁਰੂ ਦੀ ਪ੍ਰਤੀਤ ਨਹੀਂ ਹੁੰਦੀ, ਸ਼ਰਧਾ ਨਹੀਂ ਹੁੰਦੀ ਉਸ ਨੂੰ ਪ੍ਰਮੇਸ਼ਰ ਚਿੱਤ ਨਹੀਂ ਆਇਆ ਕਰਦਾ ਕਿਉਂਕਿ ਪ੍ਰਤੀਤ ਬਹੁਤ ਵੱਡੀ ਚੀਜ਼ ਹੈ, ਜਿਸ ਨੂੰ ਭਾਵਨਾ ਆਖਦੇ ਨੇ। ਜੇ ਹਿਰਦੇ ਵਿਚ ਪ੍ਰਤੀਤ ਨਹੀਂ ਹੈ ਜਿੰਨਾ ਜੀਅ ਕਰਦਾ ਹੈ ਗਾਉਂਦਾ ਰਹੇ, ਘੰਟਿਆਂ ਬੱਧੀ ਅੱਖਾਂ ਮੀਚ ਕੇ ਬੈਠਾ ਰਹਿ, ਕਿਉਂ? ਪ੍ਰਤੀਤ ਤਾਂ ਆਈ ਨਹੀਂ, ਪ੍ਰਤੀਤ ਨੂੰ ਝੋਲੀ ਆਖਦੇ ਨੇ, ਜਿਸ ਦੇ ਪਾਸ ਝੋਲੀ ਨਹੀਂ ਉਹ ਦਾਤ ਨਹੀਂ ਸੰਭਾਲ ਸਕਦਾ। ਇਸ ਵਾਸਤੇ ਜਗਿਆਸੂ ਦਾ ਸਭ ਤੋਂ ਪਹਿਲਾ ਤੇ ਮੁੱਖ ਫਰਜ਼ ਪ੍ਰਤੀਤ ਤੇ ਭਰੋਸਾ ਹੈ। ਭਰੋਸਾ ਹੋਵੇ ਤਾਂ ਵੱਡੇ-ਵੱਡੇ ਕੰਮ ਬਣ ਜਾਇਆ ਕਰਦੇ ਨੇ। ਜ਼ਿੰਦਗੀ ਦੇ ਅੰਦਰ ਕਿਸੇ ਕੰਮ ਨੂੰ ਕਰਨ ਵਾਸਤੇ ਭਰੋਸਾ ਪੈਦਾ ਹੋ ਜਾਵੇ, ਅੱਧਾ ਕੰਮ ਉਸੇ ਵੇਲੇ ਹੋ ਜਾਇਆ ਕਰਦਾ ਹੈ ਅਤੇ ਬਾਕੀ ਦਾ ਕੰਮ ਵੀ ਹੋ ਜਾਇਆ ਕਰਦਾ ਹੈ। ਸੋ ਭਰੋਸਾ ਵੱਡੀ ਚੀਜ਼ ਹੈ। ਆਹ ਜਿੰਨੀ ਮਨ, ਮਨੌਤ ਹੈ ਸਭ ਭਾਵਨਾ ਦਾ ਫਲ ਚੇਤਨ ਦੇ ਰਿਹਾ ਹੈ। ਕਿਸੇ ਚੀਜ਼ ਨੂੰ ਪੂਰੇ ਵਿਸ਼ਵਾਸ਼ ਦੇ ਨਾਲ ਮੰਨ ਲਵੋ ਉਥੋਂ ਹੀ ਪ੍ਰਾਪਤੀ ਹੋ ਜਾਇਆ ਕਰਦੀ ਹੈ ਕਿਉਂਕਿ ਪ੍ਰਮੇਸ਼ਰ ਦਾ ਐਸਾ ਅਸੂਲ ਹੈ। ਪ੍ਰਤੀਤ ਗੁਰੂ ਉਤੇ ਅਤੇ ਵਾਹਿਗੁਰੂ ਤੇ ਹੋਇਆ ਕਰਦੀ ਹੈ। ਗੁਰੂ ਤੇ ਪ੍ਰਤੀਤ ਕਿੰਨੀ ਹੋਣੀ ਚਾਹੀਦੀ ਹੈ ਕਿ ਮੇਰੇ ਗੁਰੂ ਵਿਚ ਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ ਹੈ –

***ਗੁਰੁ ਪਰਮੇਸਰੁ ਏਕੋ ਜਾਣੁ॥ ਪੰਨਾ – 864***

ਜਿੰਨੀ ਦੇਰ ਗੁਰੂ ਨੂੰ ਹੋਰ ਸਮਝਦਾ ਹੈ, ਪ੍ਰਮੇਸ਼ਰ ਨੂੰ ਹੋਰ ਸਮਝਦਾ ਹੈ, ਰੂਹਾਨੀ ਰਾਹ ਤੇ ਨਹੀਂ ਚਲਿਆ ਜਾ ਸਕਦਾ। ਮਹਾਰਾਜ ਐਸਾ ਫੁਰਮਾਨ ਕਰਦੇ ਹਨ ਕਿ ਗੁਰੂ ਤੇ ਗੋਬਿੰਦ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ – 442***

***ਧਾਰਨਾ – ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨਾ ਭਾਈ।***

ਜਦੋਂ ਆਪਣੇ ਆਪ ਦੀ ਖੋਜ ਕੀਤੀ, ਖੋਜ ਕਰਦੇ ਚਲੇ ਗਏ, ਪੰਜਾਂ ਤੱਤਾਂ ਤੋਂ ਅੰਦਰ ਦਾਖਲ ਹੋਏ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਚਾਰ ਅੰਤਸ਼ਕਰਣ, ਅੰਤਸ਼ਕਰਣ ਦੇ ਆਖਰੀ ਸਿਰੇ ਤੇ ਜਾ ਪਹੁੰਚੇ, ਕੀ ਦੇਖ ਲਿਆ ਕਿ ਗੁਰੂ ਨਿਵਾਸ ਰਖਦਾ ਹੈ, ਗੁਰੂ ਤੇ ਪ੍ਰਮੇਸ਼ਰ ਦੋਵੇਂ ਇਕੋ ਹੀ ਹਨ। ਆਤਮ ਸਰੂਪ ਹੋ ਕੇ ਪ੍ਰਮਾਤਮ ਹੋ ਕੇ, ਗੁਰੂ ਨੇ ਸੰਸਾਰ ਦੇ ਅੰਦਰ ਸਰਗੁਣ ਸਰੂਪ ਧਾਰਿਆ ਹੋਇਆ ਹੈ ਤੇ ਬਾਕੀ ਸਰੂਪ ਵੀ ਸਾਰੇ ਹੀ ਗੁਰੂ ਦੇ ਸਰੂਪ ਹਨ ਕਿਉਂਕਿ ਗੁਰੂ ਪਰੀਪੂਰਨ ਹੈ, ਹਰੇਕ ਦੇ ਅੰਦਰ ਹੈ

***ਗੁਰੁ ਮੇਰੇ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਪੰਨਾ – 394***

ਜੇ ਗੁਰੂ ਦੀ ਸਮਝ ਪੈ ਜਾਵੇ ਕਿ ਗੁਰੂ ਕੀ ਹੁੰਦਾ ਹੈ? ਤਾਂ ਜਗਿਆਸੂ ਨੇ ਬਹੁਤ ਵੱਡਾ ਕੰਮ ਕਰ ਲਿਆ ਲੇਕਿਨ ਸਮਝ ਨਹੀਂ ਪੈਂਦੀ ਤੇ ਗੁਰੂ ਦੇ ਉਤੇ ਭਰੋਸਾ ਨਹੀਂ ਆਉਂਦਾ। ਗੁਰੂ ਤੋਂ ਮੰਗਣਾ ਕੀ ਹੈ, ਇਸ ਗੱਲ ਦੀ ਜਾਂਚ ਨਹੀਂ ਆਉਂਦੀ। ਸੋ ਭਰੋਸਾ ਸਭ ਤੋਂ ਵੱਡੀ ਚੀਜ਼ ਹੈ। ਭਰੋਸਾ ਹਮੇਸ਼ਾ ਭੋਲੇਪਨ ਵਿਚ ਆਇਆ ਕਰਦਾ ਹੈ। ਪੜ੍ਹੇ ਲਿਖੇ 'ਚ ਨਹੀਂ ਆਉਂਦਾ, ਜ਼ੋਰ ਲਾ ਲਵੇ ਜਿੰਨਾ ਲਗਦੈ, ਜਿੰਨਾ ਪੜ੍ਹਿਆ ਲਿਖਿਆ ਹੋਵੇਗਾ ਉਨ੍ਹਾਂ ਹੀ ਭਰੋਸਾ ਕਮਜ਼ੋਰ ਹੋਵੇਗਾ। ਇਹ ਬੁੱਧਮਾਨਤਾ ਵਿਚ ਹੋਵੇਗਾ, ਗਿਆਨ ਵਿਚ ਹੋਵੇਗਾ, ਸ਼ਰਧਾ ਵਿਚ ਨਹੀਂ ਹੋਵੇਗਾ ਕਿਉਂਕਿ ਦੋ ਮੰਜ਼ਲਾਂ ਹਨ, ਇਕ ਹੈ ਪਿਆਰ ਦੀ ਮੰਜ਼ਲ ਤੇ ਦੂਜੀ ਹੈ ਸੋਚਣੀ, ਗਿਆਨ ਦੀ ਮੰਜ਼ਲ, ਸੋਚ ਦੇ ਰਸਤੇ ਨੂੰ ਗੁਰੂ ਮਹਾਰਾਜ ਨੇ ਰੱਦ ਕਰ ਦਿਤਾ, ਕਹਿੰਦੇ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥***
***ਪੰਨਾ – 1***

ਜਿੰਨਾ ਜੀਅ ਕਰਦਾ ਹੈ, ਸੋਚ ਲੈ ਅੰਦਰ ਕਿ ਮੈਂ ਬ੍ਰਹਮ ਹਾਂ, ਮੈਂ ਵਾਹਿਗੁਰੂ ਦਾ ਰੂਪ ਹਾਂ, ਭਾਵੇਂ ਦਿਨ ਰਾਤ ਸੋਚੀ



Sri Satguru Jagjit Singh Ji eLibrary NamdhariElibrary@gmail.com

ਜਾਵੇ, ਉਹ ਬਣ ਨਹੀਂ ਸਕਦਾ ਕਿਉਂਕਿ ਹਉਮੈ ਦੀ ਕੰਧ ਪਈ ਹੈ ਉਹ ਟੁਟਦੀ ਨਹੀਂ ਹੈ। ਬੁੱਧੀ ਦੀ ਉਡਾਰੀ ਜ਼ਰੂਰ ਹੈ ਲੇਕਿਨ ਬੁੱਧ ਪੂਰਾ ਨਹੀਂ ਪਹੁੰਚ ਸਕਦੀ। ਵਲਵਲੇ ਦਾ ਜੋ ਦੇਸ਼ ਹੈ, ਪਿਆਰ ਦਾ ਦੇਸ਼, ਇਹਦੇ ਵਿਚ ਐਸਾ ਇੰਧਨ ਹੈ ਕਿ ਸਿੱਧਾ ਵਾਹਿਗੁਰੂ ਦੇ ਕੋਲ ਪਹੁੰਚ ਜਾਂਦਾ ਹੈ। ਸੋ ਪਿਆਰ ਦਾ ਦੇਸ਼, ਭਗਤੀ ਦਾ ਦੇਸ਼, ਪ੍ਰਮੇਸ਼ਰ ਦੇ ਪਾਸ ਪਹੁੰਚਣ ਦਾ ਮਾਰਗ ਸਭ ਤੋਂ ਸੁਖੈਨ ਮਾਰਗ ਹੈ। ਸੋ ਜਿੰਨਾ ਅਵਜਾਣ ਹੋਵੇ, ਭੋਲਾ ਹੋਵੇ, ਮਾਸੂਮ ਹੋਵੇ, ਉਨੀ ਹੀ ਭਗਤੀ ਅੰਦਰ ਪ੍ਰਫੁਲਤ ਹੋਇਆ ਕਰਦੀ ਹੈ, ਜਿੰਨਾ ਚਲਾਕ ਹੈ, ਉਸ ਤੋਂ ਹੁੰਦੀ ਹੀ ਨਹੀਂ, ਉਸ ਨੂੰ ਤਾਂ ਵਾਹਿਗੁਰੂ ਕੋਲ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਸ਼ਾਹ! ਮੈਨੂੰ ਨਹੀਂ ਅਕਲ ਚਾਹੀਦੀ, ਮੈਥੋਂ ਦੁਨੀਆਂ ਦੀਆਂ ਅਕਲਾਂ ਤੇ ਕਿਤਾਬਾਂ ਦੀਆਂ ਅਕਲਾਂ ਖੋਹ ਲੈ। ਫੇਰ ਤੈਨੂੰ ਕੀ ਬਖਸ਼ੀਏ ਭਾਈ! ਸੱਚੇ ਪਾਤਸ਼ਾਹ! ਮੈਨੂੰ ਭੋਲਾ ਬਣਾ ਦੇ। ਮੈਨੂੰ ਤੇਰੇ ਉਤੇ ਤੇ ਤੇਰੇ ਪਿਆਰ ਉਤੇ ਸ਼ੰਕਾ ਵਿਆਪਤ ਨਾ ਹੋਵੇ। ਮੈਂ ਤੇਰਾ ਭਰੋਸਾ ਕਰਾਂ। ਸੋ ਭਰੋਸਾ ਜਿਹਦਾ ਹੋ ਜਾਂਦਾ ਹੈ ਉਹ ਤਰ ਜਾਇਆ ਕਰਦਾ ਹੈ।

ਸਾਰੇ ਮਹਾਂਪੁਰਸ਼ ਸੁਣਾਇਆ ਕਰਦੇ ਨੇ ਕਿ ਇਕ ਵਾਰੀ ਇਕ ਪੰਡਤ ਬਹੁਤ ਵਿਦਵਾਨ ਜੋ ਸਾਸ਼ਤਰ ਦੇ ਗਿਆਤਾ ਸਨ, ਕਥਾ ਕਰ ਰਹੇ ਸਨ। ਬਹੁਤ ਹੀ ਸੂਝਵਾਨ ਵਕਤਾ ਸਨ, ਸਾਸ਼ਤਰਾਂ ਦੇ ਪ੍ਰਮਾਣ ਦੇ ਕੇ ਇਕੋ ਚੀਜ਼ ਨੂੰ ਖੰਡਨ ਕਰਦੇ, ਇਕੋ ਨੂੰ ਮੰਡਨ ਕਰਦੇ ਸਨ। ਸਾਰੇ ਉਪਨਿਸ਼ਦਾਂ, ਸਿਮ੍ਰਤੀਆਂ ਤੇ ਗ੍ਰੰਥਾਂ ਦੇ ਪ੍ਰਮਾਣ ਦੇ ਕੇ ਸਮਝਾਇਆ ਕਰਦੇ ਸਨ। ਬੁੱਧੀ ਮੰਡਲ ਦਾ ਅਨੰਦ ਮਾਨਣ ਵਾਲੀ ਸੰਗਤ ਬਹੁਤ ਰਸ ਤੋਂ ਅਨੰਦ ਲੈਂਦੀ ਸੀ। ਕਹਿੰਦੈ ਨੇ ਕਿ ਦੇਖੋ ਪੰਡਤ ਜੀ ਕਿਵੇਂ ਅਗਿਆਨ ਦੇ ਛੌਂੜ ਕਟਦੇ ਤੁਰੇ ਜਾਂਦੇ ਨੇ। ਉਥੇ ਇਕ ਬੀਬੀ ਲੰਘੀ ਜਾ ਰਹੀ ਸੀ, ਜਿਸ ਦੇ ਸਿਰ ਦੇ ਉਪਰ ਵਲਟੋਹੀ (ਗਾਗਰ) ਸੀ, ਉਸ ਨੇ ਦੇਖਿਆ ਕਾਫੀ ਇਕੱਠ ਹੈ, ਪਰ ਉਸ ਨੂੰ ਕੀ ਇਕੱਠ ਦੇ ਨਾਲ, ਕਿਉਂਕਿ ਉਸ ਨੂੰ ਟਾਈਮ ਨਹੀਂ ਸੀ, ਰੋਟੀ ਕਮਾਉਣ ਤੋਂ ਬਚਦਾ ਇਕ ਮਿੰਟ ਉਸ ਦੇ ਪਾਸ ਨਹੀਂ ਸੀ। ਸਵੇਰ ਤੋਂ ਉਠ ਜਾਣਾ, ਪੈਦਲ ਚਲ ਕੇ ਜਾਣਾ, ਦਸ ਪੰਦਰਾਂ ਮੱਝਾਂ ਦੀਆਂ ਧਾਰਾਂ ਕੱਢਣੀਆਂ, ਗਾਗਰ ਭਰ ਲੈਣੀ। ਘਰ ਘਰ ਜਾ ਕੇ ਪਾਈਆ ਪਾਈਆ ਦੁੱਧ ਵੇਚਣਾ ਫੇਰ ਆ ਕੇ ਉਨੇ ਚਿਰ ਨੂੰ ਮੱਝਾਂ ਦੇ ਪਾਣੀ ਪੀਣ ਦਾ ਟਾਈਮ ਹੋ ਜਾਂਦਾ, ਖੋਲ੍ਹਣ ਦਾ ਟਾਈਮ ਹੋ ਜਾਂਦਾ, ਫੇਰ ਪੱਠਿਆਂ ਦਾ ਟਾਈਮ ਹੋ ਜਾਂਦਾ ਉਸ ਤੋਂ ਬਾਅਦ ਫੇਰ ਸ਼ਾਮ ਆ ਜਾਣੀ, ਫੇਰ ਦੁੱਧ ਕੱਢਣਾ ਤੇ ਲੈ ਕੇ ਤੁਰ ਪੈਣਾ। ਉਸ ਦੀ ਜਾਂ ਪਸ਼ੂਆਂ ਦੇ ਨਾਲ ਗੱਲਬਾਤ ਐ, ਜਾਂ ਘਾਹ ਫੂਸ ਨਾਲ ਹੈ ਜਾਂ ਆਪਣੇ ਘਾਹ ਕੱਟਣ ਵਾਲੇ ਸੰਦਾਂ ਦੇ ਨਾਲ ਐ ਜਾਂ ਦੁੱਧ ਵੇਚਣ ਵਾਲਿਆਂ ਦੇ ਨਾਲ ਹੈ। ਹੋਰ ਕੋਈ ਵਾਸਤਾ ਨਹੀਂ, ਕਿਸੇ ਚੀਜ਼ ਦਾ ਪਤਾ ਨਹੀਂ। ਅੱਜ ਦੁੱਧ ਛੇਤੀ ਛੇਤੀ ਵੇਚਿਆ, ਵਾਪਸ ਆ ਕੇ ਖੜ੍ਹੀ ਹੋ ਗਈ ਕਿ ਇਹ ਬੜੇ ਸੋਹਣੇ ਸੋਹਣੇ ਕਪੜਿਆਂ ਵਾਲੇ ਬੈਠੇ ਨੇ, ਹੇਠਾਂ ਕਪੜੇ ਤੇ ਦਰੀਆਂ ਵਿਛੀਆਂ ਹੋਈਆਂ ਹਨ ਪੱਖੇ ਝੱਲੇ ਜਾ ਰਹੇ ਨੇ, ਬਈ ਇਹ ਕੌਣ ਹੋਏ? ਦੂਰ ਖੜ੍ਹ ਗਈ। ਕੋਈ ਪ੍ਰੇਮੀ ਪਿਛੇ ਬੈਠਾ ਸੀ ਉਸ ਨੇ ਦੇਖਿਆ ਕਿ ਇਹ ਬੀਬੀ ਡਰਦੀ ਪਿਛੇ ਖੜ੍ਹ ਗਈ। ਉਹ ਕਹਿਣ ਲੱਗਿਆ ਬੀਬੀ ਇਹ ਸਤਿਸੰਗ ਹੈ, ਇਥੇ ਕਿਸੇ ਨੂੰ ਰੁਕਾਵਟ ਨਹੀਂ ਹੋਇਆ ਕਰਦੀ ਅਤੇ ਸੱਦਾ ਵੀ ਨਹੀਂ ਦਿਤਾ ਕਿ ਕੋਈ ਆ ਕੇ ਸੁਣੋ। ਕੋਈ ਵੀ ਆ ਸਕਦਾ ਹੈ, ਕਿਸੇ ਵੀ ਧਰਮ ਦਾ ਆ ਸਕਦਾ ਹੈ ਕਿਉਂਕਿ ਗੁਰੂ ਨੇ ਚਾਰ ਦਰਵਾਜ਼ੇ ਰਖ ਦਿਤੇ। ਚਾਰਾਂ ਹੀ ਦਿਸ਼ਾਵਾਂ ਤੋਂ, ਜੋ ਵੀ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੈ, ਸਤਿਸੰਗ ਵਿਚ ਆ ਸਕਦਾ ਹੈ। ਗੁਰੂ ਉਪਦੇਸ਼ ਸਭਨਾਂ ਨੂੰ ਸਾਂਝਾ ਹੈ ਜਿਵੇਂ ਫੁਰਮਾਨ ਹੈ –

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥***
***ਪੰਨਾ – 747***

ਉਹ ਪ੍ਰੇਮੀ ਕਹਿਣ ਲੱਗਾ, "ਬੀਬੀ! ਇਹ ਸਤਿਸੰਗ ਹੈ, ਐਥੇ ਕਿਸੇ ਨੂੰ ਰੁਕਾਵਟ ਨਹੀਂ ਹੋਇਆ ਕਰਦੀ, ਨੇੜੇ ਨੂੰ ਆ ਜਾ, ਇੰਨੀ ਦੂਰ ਨਾ ਖੜ੍ਹ।" ਉਹ ਕਹਿਣ ਲੱਗੀ ਭਾਈ! ਮੇਰੇ ਕਪੜੇ ਮੈਲੇ ਨੇ, ਮੇਰੇ ਕਪੜਿਆਂ 'ਚੋਂ ਪਸੀਨੇ ਦੀ ਬਦਬੋ ਆਉਂਦੀ ਹੈ। ਤੁਸੀਂ ਚੰਗੇ ਬੰਦੇ ਹੋ, ਸੁਗੰਧੀਆਂ 'ਚ ਰਹਿਣ ਵਾਲੇ, ਤੁਹਾਨੂੰ ਹੋਰ ਵੀ ਮੁਸਕ ਆਵੇਗਾ ਮੈਨੂੰ ਸੁਣਦਾ ਹੈ ਮੈਂ ਇਥੇ ਹੀ ਸੁਣ ਲੈਂਦੀ ਹਾਂ। ਵੀਰਾ! ਮੈਨੂੰ ਸੁਣ ਲੈਣ ਦੇ ਹੋਰ ਗੱਲ ਨਾ ਮੇਰੇ ਨਾਲ ਕਰੀਂ ਕਿਉਂਕਿ ਮੇਰੇ ਕੋਲ ਟਾਈਮ ਨਹੀਂ ਹੈ। ਜਿੰਨਾ ਚਿਰ ਮੈਂ ਠਹਿਰਾਂਗੀ ਉਨ੍ਹਾਂ ਮੈਂ ਚਾਰ ਕਦਮ ਹੋਰ ਕਾਹਲੀ ਕਾਹਲੀ ਨਾਲ ਤੁਰਾਂਗੀ ਤੇ ਆਪਣੇ ਕੰਮ ਕਾਰ ਕਰਾਂਗੀ। ਇੰਨੇ ਨੂੰ ਸਤਿਸੰਗ ਵਿਚੋਂ ਕੀ ਸੁਣਿਆ? ਪੰਡਤ ਜੀ ਕਹਿਣ ਲੱਗੇ ਕਿ ਪ੍ਰਮੇਸ਼ਰ ਦਾ ਜੋ ਨਾਮ ਹੈ, ਰਾਮ ਦਾ ਜੋ ਨਾਮ ਹੈ, ਇਹ ਜਪਣ ਦੇ ਨਾਲ ਭਵਜਲ ਪਾਰ ਹੋ ਜਾਈਦਾ ਹੈ। ਕਹਿਣ ਲੱਗੀ, ਭਵਜਲ ਕਿਸ ਚੀਜ਼ ਨੂੰ ਕਹਿੰਦੇ ਨੇ, ਜਵਾਬ ਦਿਤਾ ਕਿ ਸਮੁੰਦਰ ਨੂੰ ਆਖਦੇ ਨੇ। ਇਕ ਪਾਸ ਤਾਂ ਇਹ ਦੁਨਿਆਵੀ ਸਮੁੰਦਰ ਹੈ, ਇਕ ਇਸ ਤੋਂ ਵੀ ਖਤਰਨਾਕ ਅੱਗ ਦਾ ਸਮੁੰਦਰ ਹੈ ਜਿਥੇ ਅਥਾਹ ਲਹਿਰਾਂ ਹਨ। ਐਸੇ ਸਮੁੰਦਰ 'ਚੋਂ ਰਾਮ-ਰਾਮ ਪ੍ਰਮੇਸ਼ਰ ਦਾ ਨਾਮ ਲੈ ਕੇ ਲੰਘ ਜਾਂਦਾ ਹੈ। ਉਹ ਬੀਬੀ ਬਹੁਤ ਪ੍ਰਸੰਨ ਹੋ ਗਈ, ਇਸ ਤੋਂ ਅੱਗੇ ਸੁਣਨ ਦੀ, ਉਸ ਨੂੰ ਲੋੜ ਨਹੀਂ ਸੀ, ਉਸ ਨੂੰ ਇਕ ਨੁਸਖਾ ਮਿਲ ਗਿਆ। ਕਹਿਣ ਲੱਗੀ, "ਮੈਨੂੰ ਤਾਂ ਇਸ ਥਾਂ ਤੋਂ ਬਹੁਤ ਵਧੀਆ ਚੀਜ਼ ਮਿਲ ਗਈ।"

ਸਾਡੇ ਤਾਂ ਟੋਭੇ 'ਚ ਇੱਟ ਮਾਰੀਏ, ਉਂਗਲ ਉਂਗਲ ਦੀਆਂ, ਦੋ ਉਂਗਲ ਦੀਆਂ ਲਹਿਰਾਂ ਉਠਦੀਆਂ ਨੇ ਪਰ ਸਮੁੰਦਰ ਬਾਰੇ ਤਾਂ ਪੰਡਤ ਜੀ ਦਸਦੇ ਸੀ ਕਿ ਉਸ ਦਾ ਤਾਂ ਕੋਈ ਥਾਅ ਨਹੀਂ ਹੁੰਦਾ, ਐਡੀਆਂ ਵੱਡੀਆਂ ਲਹਿਰਾਂ ਉਠਦੀਆਂ ਨੇ, ਉਹਦੇ ਵਿਚੋਂ ਵੀ ਰਾਮ ਦਾ ਨਾਮ ਲੈ ਕੇ ਲੰਘ ਜਾਈਦੈ। ਬਹੁਤ ਪ੍ਰਸੰਨ ਹੋ ਗਈ, ਲੂੰ ਲੂੰ 'ਚੋਂ ਖੇੜਾ ਆ ਰਿਹਾ ਹੈ, ਵਜਦ ਆ ਰਿਹਾ ਹੈ ਕਿ ਮੈਨੂੰ ਤਾਂ ਬਹੁਤ ਵਧੀਆ ਚੀਜ਼ ਮਿਲ ਗਈ। ਐਸਾ ਮੰਤਰ ਪਤਾ ਲਗ ਗਿਆ ਜਿਹਦੇ ਨਾਲ ਮੇਰੇ ਬਹੁਤ ਕੰਮ ਹੋ ਜਾਣਗੇ ਕਿਉਂਕਿ ਮੈਂ ਦੋ ਮੀਲ ਨਦੀ ਦੇ ਉਪਰ ਨੂੰ ਜਾਂਦੀ ਹਾਂ ਤੇ ਦੋ ਮੀਲ ਹੇਠਾਂ ਦੀ ਆਉਂਦੀ ਹਾਂ, ਚਾਰ ਮੀਲ ਦਾ ਫਰਕ ਪਾ ਕੇ ਇਥੇ ਆਉਂਦੀ ਹਾਂ ਜਦ ਕਿ ਪਿੰਡ ਮੇਰਾ ਨਾਲ ਹੀ ਲਗਦਾ ਹੈ ਪਰ ਨਦੀ ਨੇ ਚਾਰ ਮੀਲ ਦੂਰ ਕਰ ਛੱਡਿਆ। ਅੱਜ ਮੈਂ ਸਿਧਾ ਹੀ ਲੰਘਾਂਗੀ ਜੇ ਰਾਮ ਦਾ ਨਾਮ ਸਮੁੰਦਰ ਲੰਘਾ ਸਕਦਾ ਹੈ ਤਾਂ ਨਦੀ ਵੀ ਲੰਘਾ ਹੀ ਸਕਦਾ ਹੈ। ਉਹ ਬੀਬੀ ਨਦੀ ਦੇ ਕੰਢੇ ਤੇ ਚਲੀ ਗਈ ਤੇ ਮਨ ਅੰਦਰ ਜਾਂਦੀ ਨੂੰ 00000001 ਰਤੀ ਜਿੰਨਾ ਵੀ ਸ਼ੰਕਾ ਨਹੀਂ, ਰਾਮ ਕਹਿ ਕੇ ਨਦੀ ਦੇ ਅੰਦਰ ਪੈਰ ਰੱਖ ਲਿਆ। ਇਸ ਤਰ੍ਹਾਂ ਰਾਮ-ਰਾਮ



Sri Satguru Jagjit Singh Ji eLibrary NamdhariElibrary@gmail.com

ਕਹਿੰਦੀ ਤੁਰਦੀ ਜਾਂਦੀ ਹੈ ਪਾਣੀ ਤੇ ਜਿਵੇਂ ਧਰਤੀ ਤੇ ਤੁਰੀਦਾ ਹੈ। ਪ੍ਰਮੇਸ਼ਰ ਸਮਰੱਥ ਹੈ, ਜੇ ਕੋਈ ਸ਼ੰਕਾ ਕਰੇ ਕਿ ਪ੍ਰਕ੍ਰਿਤੀ ਦਾ ਸੁਭਾਅ, ਪਾਣੀ ਦਾ ਸੁਭਾਅ ਡੋਬ ਦੇਣਾ ਹੈ, ਪਾਣੀ ਵਾਕਿਆ ਹੀ ਡੋਬ ਦਿੰਦਾ ਹੈ ਲੇਕਿਨ ਪ੍ਰਕ੍ਰਿਤੀ ਦਾ ਸੁਭਾਅ ਵਾਹਿਗੁਰੂ ਦੇ ਵਸ ਵਿਚ ਹੈ।

ਪ੍ਰਹਿਲਾਦ ਨੂੰ ਜਦੋਂ ਅੱਗ ਵਿਚ ਸੁੱਟਿਆ ਗਿਆ, ਪਾਣੀ 'ਚ ਡੋਬਿਆ ਗਿਆ, ਤੱਤੇ ਥੰਮ ਦੇ ਨਾਲ ਲਾਇਆ ਗਿਆ ਪ੍ਰਕ੍ਰਿਤੀ ਨੇ ਸੁਭਾਅ ਬਦਲ ਲਿਆ ਸੀ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਗਿਰਿ ਤਰ ਜਲ ਜੁਆਲਾ ਭੈ ਰਾਖਿਓ***
***ਰਾਜਾ ਰਾਮਿ ਮਾਇਆ ਫੇਰੀ॥ ਪੰਨਾ – 1165***

ਪਹਾੜ, ਧਰਤੀ, ਜਲ ਦੇ ਵਿਚ ਤੇ ਅੱਗ ਦੇ ਵਿਚ, ਪ੍ਰਮੇਸ਼ਰ ਨੇ ਪ੍ਰਹਿਲਾਦ ਦਾ ਭੋਲਾਪਨ ਜਾਣ ਕੇ ਹਰ ਥਾਂ ਤੇ ਰੱਖਿਆ ਕੀਤੀ। ਨਾਮ ਦੀ ਮਹਿਮਾ ਕਰਕੇ ਪਾਣੀ ਦਾ ਸੁਭਾਅ ਹੀ ਬਦਲ ਦਿਤਾ ਤੇ ਮਿੱਟੀ ਵਰਗਾ ਧਰਤੀ ਵਰਗਾ ਬਣਾ ਦਿਤਾ। ਬੀਬੀ ਬਹੁਤ ਹੀ ਪ੍ਰਸੰਨ ਹੈ, ਫੇਰ ਸਤਿਸੰਗ ਵਿਚ ਆਉਂਦੀ ਹੈ। ਚਾਰ ਮੀਲ ਦਾ ਜਿਹੜਾ ਫਰਕ ਪੈ ਗਿਆ ਉਨਾਂ ਚਿਰ ਛੇਤੀ ਆ ਜਾਂਦੀ ਹੈ ਤੇ ਜਲਦੀ ਵਿਹਲੀ ਹੋ ਕੇ ਸਤਿਸੰਗ 'ਚ ਆ ਕੇ ਬੈਠ ਜਾਂਦੀ ਹੈ। ਅੱਜ ਖਿਆਲ ਆਇਆ ਕਿ ਜਿਸ ਪੰਡਤ ਨੇ ਮੈਨੂੰ ਇਹ ਰਾਹ ਦਸਿਆ ਹੈ ਕਿਉਂ ਨਾ ਮੈਂ ਉਸ ਨੂੰ ਪ੍ਰਸ਼ਾਦਾ ਛਕਾਵਾਂ? ਪ੍ਰਸ਼ਾਦ, ਖੀਰ, ਦਾਲ, ਸਬਜ਼ੀ ਵਗੈਰਾ ਬਣਾ ਆਈ, ਤੇ ਸੋਚਣ ਲੱਗੀ ਕਿ ਮੈਂ ਅੱਜ ਬੇਨਤੀ ਕਰਾਂਗੀ। ਜੇ ਪੰਡਤ ਜੀ ਆ ਗਏ ਤਾਂ ਤਾਜ਼ਾ-ਤਾਜ਼ਾ ਪ੍ਰਸ਼ਾਦਾ ਲਾਹ ਕੇ ਛਕਾਵਾਂਗੀ। ਜਦੋਂ ਸੰਗਤ ਚਲੀ ਗਈ ਤਾਂ ਪੰਡਤ ਜੀ ਕੋਲ ਜਾ ਕੇ ਉਸ ਬੀਬੀ ਨੇ ਬੇਨਤੀ ਕੀਤੀ ਕਿ ਮਹਾਰਾਜ! ਤੁਸੀਂ ਮੇਰੇ ਤੇ ਬੜੀ ਭਾਰੀ ਕ੍ਰਿਪਾ ਕੀਤੀ ਹੈ, ਮੈਂ ਗਰੀਬਣੀ ਦੁੱਧ ਵੇਚਣ ਵਾਲੀ ਹਾਂ ਅਤੇ ਜਾਤ ਦੀ ਗੁਜਰੀ ਹਾਂ। ਮੇਰੇ ਮਨ 'ਚ ਬੜਾ ਹੀ ਉਤਸ਼ਾਹ ਆਉਂਦਾ ਹੈ ਕਿ ਮੈਂ ਤੁਹਾਨੂੰ ਪ੍ਰਸ਼ਾਦਾ ਛਕਾਵਾਂ। ਤੁਸੀਂ ਕ੍ਰਿਪਾ ਕਰੋ, ਮੇਰੇ ਨਾਲ ਚੱਲੋ, ਮੇਰਾ ਪਿੰਡ ਆਹ ਨਦੀ ਤੋਂ ਪਾਰ ਹੀ ਹੈ।

ਪੰਡਤ ਜੀ ਨੇ ਉਸ ਬੀਬੀ ਦੇ ਅੰਦਰ ਪਿਆਰ ਤੇ ਸ਼ਰਧਾ ਦੇਖੀ ਤੇ ਉਸ ਦੀ ਬੇਨਤੀ ਨੂੰ ਠੁਕਰਾਇਆ ਨਹੀਂ, ਕਹਿਣ ਲੱਗੇ, ਕੋਈ ਨਹੀਂ ਬੀਬਾ! ਅਸੀਂ ਤੇਰੇ ਨਾਲ ਚਲਦੇ ਹਾਂ। ਖੁਸ਼ੀ-ਖੁਸ਼ੀ ਅੱਗੇ ਤੁਰ ਪਈ ਤੇ ਇਸ਼ਾਰਾ ਕੀਤਾ ਕਿ ਪੰਡਤ ਜੀ ਮੇਰੇ ਪਿਛੇ-ਪਿਛੇ ਆ ਜਾਓ। ਆਪਾਂ ਸਿੱਧੇ ਹੀ ਲੰਘ ਚਲਾਂਗੇ। ਅੱਗੇ ਗਏ ਤਾਂ ਪੰਡਤ ਜੀ ਏਧਰ ਉਧਰ ਦੇਖਦੇ ਨੇ ਕਿ ਅੱਗੇ ਤਾਂ ਨਦੀ ਐ, ਨਾ ਹੀ ਇਥੇ ਕੋਈ ਕਿਸ਼ਤੀ ਹੈ, ਨਾ ਹੀ ਕੋਈ ਤੁਲਹੇ ਦਾ ਬੰਦੋਬਸਤ ਹੈ, ਕੋਈ ਪੀਪੇ ਵਗੈਰਾ ਨਹੀਂ ਬੰਨੇ ਹੋਏ, ਨਾ ਹੀ ਇਥੇ ਕੋਈ ਕੜਾਹਾ ਪਿਆ ਹੈ ਜਿਹਦੇ ਵਿਚ ਬੈਠ ਕੇ ਲੰਘ ਜਾਈਏ। ਪੰਡਤ ਜੀ ਹੈਰਾਨ ਹੋਈ ਜਾਂਦੇ ਨੇ ਕਿ ਕਿਵੇਂ ਲੰਘਾਂਗੇ ਤੇ ਇਹ ਬੀਬੀ ਕੀ ਕਰੇਗੀ। ਉਹ ਅੱਗੇ ਚਲੀ ਗਈ ਤੇ ਕਹਿਣ ਲੱਗੀ ਪੰਡਤ ਜੀ! ਤੁਸੀਂ ਵੀ ਆ ਜਾਓ। ਉਹ ਤੁਰ ਪਈ ਤੇ ਪੰਡਤ ਜੀ ਰੁਕ ਗਏ, ਉਹ ਰਾਮ-ਰਾਮ ਕਰਦੀ ਹੋਈ ਨਦੀ ਤੋਂ ਪਾਰ ਲੰਘ ਗਈ। ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਪੰਡਤ ਜੀ ਉਥੇ ਹੀ ਖੜ੍ਹੇ ਹਨ, ਤਾਂ ਉਸ ਨੇ ਪੁਛਿਆ ਕਿ ਪੰਡਤ ਜੀ! ਤੁਸੀਂ ਵੀ ਆ ਜਾਵੋ, ਤੁਸੀਂ ਕਿਉਂ ਨਹੀਂ ਆ ਰਹੇ? ਪੰਡਤ ਜੀ ਕਹਿਣ ਲੱਗੇ, "ਬੀਬੀ! ਕੋਈ ਕਿਸ਼ਤੀ ਤਾਂ ਹੈ ਨਹੀਂ, ਤੂੰ ਕਿਵੇਂ ਲੰਘ ਗਈ? ਬੀਬੀ ਕਹਿਣ ਲੱਗੀ, "ਪੰਡਤ ਜੀ! ਤੁਸੀਂ ਆਪ ਹੀ ਤਾਂ ਦਸਿਆ ਸੀ ਕਿ ਰਾਮ ਰਾਮ ਕਹਿਣ ਦੇ ਨਾਲ ਭਵਜਲ ਤਰ ਜਾਈਦਾ ਹੈ। ਜਿਸ ਦਿਨ ਤੋਂ ਆਪ ਨੇ ਦੱਸਿਆ ਹੈ, ਮੈਂ ਤਾਂ ਇਹੀ ਕੰਮ ਕਰਦੀ ਹਾਂ ਰੋਜ਼ ਇਸੇ ਤਰ੍ਹਾਂ ਨਦੀ ਪਾਰ ਕਰਕੇ ਆਉਂਦੀ ਹਾਂ, ਹੁਣ ਤਾਂ ਮੈਂ ਹਰ ਵਕਤ ਰਾਮ ਰਾਮ ਕਰਦੀ ਰਹਿੰਦੀ ਹਾਂ ਕਿਉਂਕਿ ਮੈਨੂੰ ਪਤਾ ਲਗ ਗਿਆ ਕਿ ਇਹ ਬਹੁਤ ਵੱਡੀ ਸ਼ਕਤੀ ਹੈ। ਇਹ ਕੋਈ ਐਸਾ ਮੰਤਰ ਹੈ ਕਿਸੇ ਦਾ, ਪਰ ਮੈਨੂੰ ਇਹ ਨਹੀਂ ਪਤਾ ਕਿ ਹੈ ਕਿਸ ਦਾ? ਮੈਨੂੰ ਬੜਾ ਚੰਗਾ ਲਗਦਾ ਹੈ? ਮੈਂ ਤਾਂ ਹਰ ਵਕਤ ਕਰਦੀ ਰਹਿੰਦੀ ਹਾਂ, ਮੇਰੇ ਤਾਂ ਇਹ ਰੋਮ ਰੋਮ 'ਚ ਰਚ ਗਿਆ। ਹੁਣ ਤਾਂ ਮੈਨੂੰ ਅਨੰਦ ਦਿੰਦਾ ਹੈ, ਖੇੜਾ ਦਿੰਦਾ ਹੈ, ਮੇਰੇ ਅੰਦਰੋਂ ਆਪ ਹੀ ਨਿਕਲਦਾ ਰਹਿੰਦਾ ਹੈ, ਤੁਸੀਂ ਆਪੇ ਹੀ ਤਾਂ ਮੈਨੂੰ ਦਸਿਆ ਸੀ। ਪੰਡਤ ਜੀ ਬੜੇ ਸਸ਼ੋਪੰਜ ਵਿਚ ਪੈ ਗਏ ਕਿ ਜੇ ਮੈਂ ਨਦੀ ਨਹੀਂ ਲੰਘਦਾ ਤਾਂ ਵੀ ਇਸ ਤੇ ਬੁਰਾ ਅਸਰ ਪਵੇਗਾ ਤੇ ਜੇ ਮੈਂ ਲੰਘਦਾ ਹਾਂ ਤਾਂ ਮੇਰੇ ਅੰਦਰ ਐਨਾ ਭਰੋਸਾ ਨਹੀਂ ਹੈ। ਅਖੀਰ ਉਹ ਬਾਰ-ਬਾਰ ਕਹਿੰਦੀ ਹੈ ਕਿ ਪੰਡਤ ਜੀ! ਤੁਸੀਂ ਕਹੋ ਤਾਂ ਸਹੀ ਰਾਮ-ਰਾਮ ਤੇ ਨਦੀ 'ਚ ਪੈਰ ਰੱਖ ਕੇ ਲੰਘ ਆਓ। ਕੰਢਾ ਡੂੰਘਾ ਸੀ, ਜਦੋਂ ਰਾਮ ਕਹਿ ਕੇ ਪੰਡਤ ਜੀ ਨੇ ਨਦੀ ਵਿਚ ਪੈਰ ਰੱਖਿਆ, ਪੈਰ ਦੜੰਮ ਵਿਚ ਗਿਆ, ਗਲ ਗਲ ਪਾਣੀ ਆ ਗਿਆ। ਬੜੀ ਮੁਸ਼ਕਲ ਨਾਲ ਪੰਡਤ ਜੀ ਨਿਕਲੇ, ਕਪੜੇ ਭਿੱਜ ਗਏ। ਉਹ ਬੀਬੀ ਕਹਿਣ ਲੱਗੀ, "ਪੰਡਤ ਜੀ! ਤੁਸੀਂ ਰਾਮ ਰਾਮ ਨਹੀਂ ਕਿਹਾ? ਪੰਡਤ ਕਹਿਣ ਲੱਗਿਆ, "ਬੀਬੀ! ਤੇਰਾ ਰਾਮ ਕਿਹਾ ਹੋਇਆ ਲੰਘਾ ਦਿੰਦਾ ਹੈ ਪਰ ਮੇਰਾ ਕਿਹਾ ਹੋਇਆ ਰਾਮ ਨਹੀਂ ਲੰਘਾਉਂਦਾ ਕਿਉਂਕਿ ਮੇਰੇ ਅੰਦਰ ਨਿਸ਼ਚਾ ਨਹੀਂ ਆਇਆ।

***ਪੜ੍ਹਦਾ ਪੜ੍ਹਦਾ ਪੜ੍ਹ ਗਿਆ, ਪੜ੍ਹ ਗਿਆ ਚਾਰੇ ਵੇਦ॥***
***ਨਿਸ਼ਚਾ ਰਿਦੈ ਨ ਆਇਆ ਰਿਹਾ ਢੇਡ ਦਾ ਢੇਡ।***

ਜਿਸ ਨੂੰ ਭਰੋਸਾ ਨਹੀਂ ਆ ਸਕਿਆ ਉਸ ਦਾ ਕੰਮ ਬਣਦਾ ਹੀ ਨਹੀਂ ਹੁੰਦਾ ਕਿਉਂਕਿ ਉਹ ਉਤੋਂ-ਉਤੋਂ ਹੀ ਕਰਦਾ ਹੈ, ਭਰੋਸਾ ਨਹੀਂ ਅਜੇ ਆਇਆ। ਸੋ ਭਰੋਸਾ ਹੀ ਸਾਰੀ ਚੀਜ਼ ਹੁੰਦੀ ਹੈ।

***ਧਾਰਨਾ – ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ।***
***ਜਿਸ ਦੇ ਮਨ ਵਿਚ ਹੈ ਭਾਈ – 2, 2.***
***ਗੁਰ ਕੀ ਪ੍ਰਤੀਤ ਜੀ,.........।***

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283***

ਸੋ ਪ੍ਰਤੀਤ, ਭਰੋਸਾ, ਸ਼ਰਧਾ ਇਹ ਰੂਹਾਨੀਅਤ ਦੇ ਰਾਹ ਤੇ ਚਲਣ ਦੀ ਪਹਿਲੀ ਸ਼ਰਤ ਹੈ। ਜੇਕਰ ਗੁਰੂ ਤੇ ਪ੍ਰਤੀਤ ਨਹੀਂ ਆਈ ਤਾਂ ਉਸ ਦੇ ਬਚਨ ਤੇ ਵੀ ਪ੍ਰਤੀਤ ਨਹੀਂ ਆਇਆ ਕਰਦੀ। ਆਪਣਾ ਮਨ ਸੰਕੋਚ ਰਹਿੰਦੈ, ਜਦੋਂ ਸਾਰੀ ਮਨ ਦੀ ਮਤ ਅਤੇ reservation ਛੱਡ ਕੇ ਸੌ ਫੀ ਸਦੀ ਗੁਰੂ ਤੇ ਭਰੋਸਾ ਕਰ ਲਵੇ ਫੇਰ ਉਹ ਪ੍ਰਮੇਸ਼ਰ ਜਿਹੜਾ ਅਗੰਮ ਹੈ, ਅਗੋਚਰ ਹੈ, ਦੂਰ ਹੈ, ਪਰ੍ਹੇ ਤੋਂ ਪਰ੍ਹੇ ਹੈ, ਨੇੜੇ ਤੋਂ ਨੇੜੇ ਹੈ, ਉਹ ਦੂਰ ਨਹੀਂ ਹੋਇਆ ਕਰਦਾ, ਉਹ ਫੇਰ ਮਿਲ ਜਾਇਆ ਕਰਦਾ ਹੈ। ਪ੍ਰਤੀਤ



Sri Satguru Jagjit Singh Ji eLibrary NamdhariElibrary@gmail.com

ਇਕ ਐਸੀ ਮੁਢਲੀ ਚੀਜ਼ ਹੈ ਅਤੇ ਰੂਹਾਨੀ ਮੰਜ਼ਲ ਦੀ ਬੁਨਿਆਦ ਹੈ।

ਬਾਬਾ ਜੀ ਕਹਿਣ ਲੱਗੇ, ''ਚੰਦਾ ਸਿੰਘ! ਮਨ ਵਿਚ ਪ੍ਰਤੀਤ, ਭਰੋਸਾ ਚਾਹੀਦਾ ਹੈ ਦੇਖ ਤੈਨੂੰ ਅਸੀਂ ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਬਾਣੀ ਨੂੰ ਗੁਰੂ ਮਹਾਰਾਜ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਵਰ ਦਿਤਾ ਹੋਇਆ ਹੈ, ਉਨ੍ਹਾਂ ਨੇ ਜੋ ਵੀ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਤੱਤ ਵੀਚਾਰ ਸੀ, ਉਸ ਨੂੰ ਸੁਖੈਨ ਵਾਰਾਂ ਦੇ ਅੰਦਰ ਤੇ ਕਬਿੱਤ ਸਵੱਈਆਂ ਦੇ ਅੰਦਰ, ਉਸ ਆਸ਼ੇ ਨੂੰ ਪ੍ਰਗਟ ਕਰਨ ਦਾ ਬਹੁਤ ਵਧੀਆ ਯਤਨ ਕੀਤਾ ਹੈ। ਉਨ੍ਹਾਂ ਦੀ ਬਾਣੀ ਨੂੰ ਮਾਨਤਾ ਪ੍ਰਾਪਤ ਹੈ। ਉਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਛੋਟਾ ਜਿਹੀ ਉਥਾਨਕਾ ਦਿਤੀ ਹੈ ਉਸ ਦੀ ਤਸ਼ਰੀਹ (ਵਿਆਖਿਆ) ਭਾਈ ਗੁਰਦਾਸ ਜੀ ਨੇ ਦਿਤੀ ਹੈ। ਗੁਰੂ ਮਹਾਰਾਜ ਜੀ ਨੇ ਇਸ ਪ੍ਰਕਾਰ ਫੁਰਮਾਨ ਕੀਤਾ ਹੈ –

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।***

***ਪੰਨਾ – 488***

ਧੰਨੇ ਨੇ ਪ੍ਰਮੇਸ਼ਰ ਦੇ ਪਿਆਰਿਆਂ ਦੀਆਂ ਗੱਲਾਂ ਸੁਣੀਆਂ। ਨਾਮਦੇਵ ਜੀ ਬਾਰੇ ਸੁਣਿਆ ਕਿ ਨਾਮਦੇਵ ਜੀ ਨੇ ਛੋਟੀ ਉਮਰ ਦੇ ਅੰਦਰ ਹੀ ਪ੍ਰਮੇਸ਼ਰ ਨੂੰ ਦੁੱਧ ਪਿਲਾ ਦਿਤਾ ਸੀ ਤੇ ਪ੍ਰਮੇਸ਼ਰ ਨੇ ਬੈਠ ਕੇ ਮਨੁਖਾਂ ਵਾਂਗੂੰ ਦੁੱਧ ਪੀ ਲਿਆ ਸੀ। ਫੇਰ ਸੁਣਿਆ ਕਿ ਨਾਮਦੇਵ ਜੀ ਦੇ ਘਰ ਨੂੰ ਅੱਗ ਲਗ ਗਈ ਤੇ ਮਿਸਤਰੀਆਂ ਵਾਂਗੂੰ ਆ ਕੇ ਦਰਵਾਜ਼ੇ ਲਗਾ ਦਿਤੇ ਤੇ ਛੱਪਰ ਬਨ੍ਹ ਗਿਆ। ਤੀਸਰੀ ਗੱਲ ਸੁਣੀ ਸੀ ਕਿ ਉਚੀ ਜਾਤ ਵਾਲਿਆਂ ਨੇ ਜਦੋਂ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਮੰਦਰ 'ਚੋਂ ਕੱਢ ਦਿਤਾ ਤਾਂ ਉਹ ਦੇਹੁਰੇ ਦੇ ਪਿਛੇ ਜਾ ਕੇ ਬੈਠ ਗਿਆ ਤੇ ਪ੍ਰਮੇਸ਼ਰ ਨੇ ਆ ਕੇ ਦੇਹੁਰੇ ਦਾ ਮੂੰਹ ਉਸ ਦੇ ਵਲ ਕਰ ਦਿਤਾ। ਕਬੀਰ ਸਾਹਿਬ ਦੀ ਗੱਲ ਸੁਣੀ ਕਿ ਉਸ ਦੇ ਯੱਗ ਵਿਚ ਆ ਕੇ ਯੱਗ ਸੰਪੂਰਨ ਕੀਤਾ ਤੇ ਹੋਰ ਬੇਅੰਤ ਕਥਾਵਾਂ ਸੁਣੀਆਂ। ਭਗਤ ਪ੍ਰਹਿਲਾਦ ਦੀ ਅਤੇ ਧਰੂ ਦੀ ਕਥਾ ਸੁਣੀ। ਸੈਣ ਜੀ ਦੀ ਕਥਾ ਸੁਣੀ ਕਿ ਉਹਦੇ ਥਾਂ ਤੇ ਆ ਕੇ ਰਾਜੇ ਦੀ ਸੇਵਾ ਕਰਕੇ ਚਲਿਆ ਗਿਆ। ਰਵਿਦਾਸ ਜੀ ਦੀ ਸੁਣੀ ਕਿ ਕਿਸ ਤਰ੍ਹਾਂ ਰਵਿਦਾਸ ਜੀ ਨੂੰ ਆ ਕੇ ਮਨੁੱਖ ਰੂਪ ਦੇ ਵਿਚ ਮਿਲਦਾ ਰਿਹਾ। ਭਰੋਸਾ ਬੱਝ ਗਿਆ ਤੇ ਮਨ ਦੇ ਵਿਚ ਸੋਚਣ ਲਗ ਪਿਆ ਕਿ ਜੇਕਰ ਇਹੋ ਜਿਹਾ ਮੈਨੂੰ ਵੀ ਕੋਈ ਰਾਹ ਲੱਭ ਜਾਵੇ ਤਾਂ ਮੈਂ ਵੀ ਭਗਤੀ ਕਰਾਂ। ਬਹੁਤ ਭੋਲਾ ਬੱਚਾ ਸੀ, ਮਨ ਵਿਚ ਚਲਾਕੀ ਨਹੀਂ ਸੀ, ਇਕ ਲਗਨ ਸੀ ਕਿ ਜੇ ਮੈਨੂੰ ਰੱਬ ਮਿਲ ਜਾਵੇ, ਮੈਨੂੰ ਦਰਸ਼ਨ ਹੋ ਜਾਣ ਨਾਮਦੇਵ ਵਾਂਗੂੰ ਤਾਂ ਮੈਂ ਕਿੰਨਾ ਭਾਗਾਂ ਵਾਲਾ ਹੋਵਾਂਗਾ। ਮੈਂ ਸੁਣਿਆ ਹੈ ਕਿ ਨਾਮਦੇਵ ਵੀ ਮੇਰੇ ਵਰਗਾ ਹੀ ਸੀ, ਪੜ੍ਹਿਆ ਹੋਇਆ ਨਹੀਂ ਸੀ, ਕਬੀਰ ਜੀ ਨੂੰ ਵੀ ਕਿਸੇ ਨੇ ਪੜ੍ਹਾਇਆ ਹੀ ਨਹੀਂ ਸੀ, ਰਵਿਦਾਸ ਜੀ ਨੂੰ ਵੀ ਕਿਸੇ ਸਕੂਲ ਵਿਚ ਪੜ੍ਹਨ ਨਹੀਂ ਸੀ ਲਾਇਆ।

***ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥***

***ਪੰਨਾ – 487***

ਬਚਪਨ ਬੁਤੀਆਂ ਕਰਨ ਵਾਲਾ, ਸੈਣ ਨਾਈ ਵੀ ਕੋਈ ਵਿਦਿਆ ਨਹੀਂ ਸੀ ਪੜ੍ਹਿਆ ਅਤੇ ਨਾ ਹੀ ਕੋਈ ਵੇਦ ਸਾਸ਼ਤਰ ਪੜ੍ਹਿਆ ਸੀ ਕਿਉਂਕਿ ਘਰ ਦੇ ਪੜ੍ਹਾਉਂਦੇ ਨਹੀਂ ਸਨ।

ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਜੀ ਨੇ ਪੰਜਾਂ ਸਿੰਘਾਂ ਨੂੰ ਜਦੋਂ ਵੇਦ ਵਿਦਿਆ ਹਾਸਲ ਕਰਨ ਲਈ ਬਨਾਰਸ ਭੇਜਿਆ ਸੀ। ਜਦੋਂ ਸਿੰਘ ਉਥੇ ਪਹੁੰਚੇ ਤਾਂ ਮਹਾਰਾਜ ਜੀ ਪਾਸ ਸੰਦੇਸ਼ਾ ਭੇਜਿਆ ਕਿ ਮਹਾਰਾਜ ਇਹ ਸਾਨੂੰ ਪੜ੍ਹਾਉਂਦੇ ਨਹੀਂ ਤੇ ਸਾਨੂੰ ਸ਼ੂਦਰ ਆਖਦੇ ਹਨ। ਭਾਵੇਂ ਅਸੀਂ ਜੱਟ ਹਾਂ। ਇਸ ਕਰਕੇ ਇਹ ਸਾਨੂੰ ਪੜ੍ਹਾਉਂਦੇ ਨਹੀਂ ਤੇ ਇਨ੍ਹਾਂ ਨੇ ਸਾਨੂੰ ਵਿਦਿਆ ਨਹੀਂ ਦੇਣੀ। ਮਹਾਰਾਜ ਜੀ ਨੇ ਹੁਕਮ ਕੀਤਾ ਕਿ ਇਨ੍ਹਾਂ ਵਾਲਾ ਰੂਪ ਬਣਾ ਲਵੋ ਅਤੇ ਨਾ ਹੀ ਦਸੋ ਕਿ ਤੁਸੀਂ ਕੌਣ ਹੋ। ਤਿਲਕ ਵਗੈਰਾ ਲਾ ਕੇ, ਇਨ੍ਹਾਂ ਵਰਗੀਆਂ ਧੋਤੀਆਂ ਪਾ ਕੇ ਇਨ੍ਹਾਂ ਵਰਗੇ ਹੀ ਬਣ ਜਾਵੋ। ਬੜੀ ਮੁਸ਼ਕਲ ਦੇ ਨਾਲ ਵਿਦਿਆ ਲੈ ਕੇ ਆਏ ਤਾਂ ਮਹਾਰਾਜ ਨੇ ਇਨ੍ਹਾਂ ਨੂੰ ਵਰਦਾਨ ਦਿਤਾ ਕਿ ਇਹ ਮੇਰਾ ਨਿਰਮਲ ਪੰਥ ਹੈ, ਇਹ ਵਿਦਵਾਨਾਂ ਦੀ ਲੜੀ ਹੈ। ਇਨ੍ਹਾਂ 'ਚੋਂ ਵਿਦਵਾਨ ਹੋਣਗੇ ਅਤੇ ਸਾਰੇ ਸੰਸਾਰ ਦੇ ਅੰਦਰ ਗੁਰੂ ਨਾਨਕ ਦੇਵ ਜੀ ਦਾ ਆਸ਼ਾ ਪ੍ਰਗਟ ਕਰਕੇ ਦਸਣਗੇ। ਸੋ ਉਨ੍ਹਾਂ ਵਿਚਾਰੇ ਗਰੀਬਾਂ ਨੂੰ, ਨਾਮਦੇਵ ਜੀ, ਕਬੀਰ ਜੀ, ਰਵਿਦਾਸ ਜੀ ਤੇ ਸੈਣ ਜੀ ਨੂੰ ਕਿਸ ਨੇ ਪੜ੍ਹਾਉਣਾ ਸੀ। ਕਹਿਣ ਲੱਗਿਆ, ਉਹੋ ਜਿਹਾ ਹੀ ਮੈਂ ਹਾਂ। ਚਲੋ, ਕੋਈ ਮਿਲ ਤਾਂ ਜਾਵੇ, ਪੁਛੀਏ ਤਾਂ ਸਹੀ, ਉਸ ਦੀ ਮਿੰਨਤ ਖੁਸ਼ਾਮਦ ਕਰ ਲੈਂਦੇ ਹਾਂ। ਧਿਆਨ ਆਇਆ ਕਿ ਸਾਡੇ ਪਿੰਡ ਦੇ ਪੰਡਤ ਬੜੇ ਚੰਗੇ ਨੇ, ਉਹ ਰੋਜ਼ ਜਾਂਦੇ ਨੇ, ਜਦੋਂ ਮੈਂ ਡੰਗਰ ਚਾਰਨ ਜਾਂਦਾ ਹਾਂ ਤਾਂ ਉਹ ਟੋਭੇ ਦੇ ਕੰਢੇ ਦਰਖਤਾਂ ਦੀ ਛਾਂ ਵਿਚ ਕਾਫੀ ਦੇਰ ਝੁੰਬਲਬਾਟਾ (ਦੁਆਲੇ ਕਪੜੇ ਦਾ ਪਰਦਾ ਜੇਹਾ ਕਰਕੇ) ਜਿਹਾ ਕਰਕੇ ਕੁਝ ਕਰਦੇ ਰਹਿੰਦੇ ਹਨ। ਛੋਟੀ ਜਿਹੀ ਝੌਂਪੜੀ ਦੇ ਮੂੰਹ ਵਲ ਕਪੜਾ ਤਾਣ ਦਿੰਦੇ ਨੇ ਤੇ ਹੇਠਾਂ ਦੀ ਕੁਝ ਕਰਦੇ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ–

***ਧਾਰਨਾ – ਬਾਮ੍ਹਣ ਪੂਜੇ ਦੇਵਤੇ ਧੰਨਾ ਗਊ ਚਰਾਵਣ ਆਵੈ।***
***ਧੰਨਾ ਗਊ ਚਰਾਵਣ ਆਵੈ, –2, 2.***
***ਬਾਮ੍ਹਣ ਪੂਜੇ ਦੇਵਤੇ ਧੰਨਾ............2***

ਰੋਜ਼ ਦਾ ਹੀ ਕੰਮ ਹੈ ਉਨ੍ਹਾਂ ਦਾ ਤੇ ਹਰ ਰੋਜ਼ ਦੇਖਦੈ, ਮਨ ਵਿਚ ਸ਼ੌਕ ਵਧਦਾ ਚਲਾ ਗਿਆ, ਬਹੁਤ ਵਾਰੀ ਨੇੜੇ ਹੋ ਕੇ ਦੇਖਦੈ ਕਿ ਕੀ ਕਰਦੇ ਹਨ। ਅਖੀਰ ਸੋਚਿਆ ਧੰਨਿਆ! ਤੇਰੀ ਬੁੱਧੀ ਤੋਂ ਪਰ੍ਹੇ ਦੀ ਗੱਲ ਹੈ, ਤੈਨੂੰ ਸਮਝ ਨਹੀਂ ਆਉਣੀ। ਕੁਝ ਕੁਝ ਕਰੀ ਜਾਂਦਾ ਹੈ। ਇਹ ਤਾਂ ਬਹੁਤ ਕੁਝ ਕਰਦੇ ਹਨ। ਸ਼ਰਧਾ ਵਿਚ ਆਇਆ ਹੋਇਆ ਇਕ ਦਿਨ ਬੈਠਾ ਰਿਹਾ। ਪਸ਼ੂਆਂ ਵਲ ਵੀ ਧਿਆਨ ਰੱਖਿਆ ਕਿ ਕਿਸੇ ਦੇ ਖੇਤ ਵਿਚ ਨਾ ਜਾ ਵੜਨ, ਮੋੜੇ ਲਾ ਕੇ ਨੇੜੇ ਲੈ ਆਂਦੇ। ਜਦੋਂ ਪੰਡਤ ਜੀ ਸਮਾਪਤੀ ਕਰਨ ਲੱਗੇ ਉਸ ਵੇਲੇ ਨੇੜੇ ਹੋ ਕੇ ਬੈਠ ਗਿਆ। ਪੰਡਤ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਤੇ ਕਿਹਾ, "ਦਾਦਾ ਜੀ! ਨਮਸ਼ਕਾਰ। ਪੰਡਤ ਜੀ ਨੇ ਦੇਖਿਆ ਇਹ ਤਾਂ ਸਾਡੇ ਪਿੰਡ ਦਾ ਹੀ ਮੁੰਡਾ ਹੈ।'' ਪੁਛਿਆ ਕਾਕਾ ਤੇਰਾ ਨਾਮ ਕੀ ਹੈ ਭੋਲੇਪਨ ਨਾਲ ਜਵਾਬ ਦਿਤਾ, ਮੈਨੂੰ ਸਭ ਧੰਨਾ ਕਹਿੰਦੇ ਨੇ ਜੀ, ਮੈਨੂੰ ਸਾਰੇ ਹੀ ਜਾਣਦੇ ਨੇ, ਤੁਸੀਂ ਨਹੀਂ ਜਾਣਦੇ? ਪੰਡਤ ਜੀ ਕਹਿਣ ਲੱਗੇ, ''ਨਾ ਭਾਈ! ਮੈਂ ਤਾਂ ਨਹੀਂ ਜਾਣਦਾ, ਕਾਕਾ! ਤੈਨੂੰ ਦੇਖਦਾ ਤਾਂ ਰੋਜ਼ ਹੀ ਹਾਂ ਪਰ ਜਾਣਦਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਤੂੰ ਇਥੇ ਕਿਵੇਂ ਆ ਕੇ ਬਹਿ ਗਿਆ? ਧੰਨੇ ਨੇ ਕਿਹਾ, "ਪੰਡਤ ਜੀ! ਮੈਨੂੰ ਭਗਤੀ ਕਰਨ ਦਾ ਸ਼ੌਕ ਹੋ ਗਿਆ ਪਰ ਮੈਨੂੰ ਕੋਈ ਰਾਹ ਨਹੀਂ ਲੱਭਦਾ, ਮੈਨੂੰ ਪਤਾ ਨਹੀਂ ਲਗਦਾ ਕਿ ਮੈਂ ਕਿਵੇਂ ਕਰਾਂ। ਮੈਂ ਤੁਹਾਨੂੰ ਰੋਜ਼ ਹੀ ਦੇਖਿਆ ਕਰਦਾ ਹਾਂ, ਤੁਸੀਂ ਕੀ ਕਰਦੇ ਹੁੰਦੇ ਹੋ?" ਕਹਿਣ ਲੱਗੇ, "ਧੰਨਿਆ! ਮੈਂ ਭਗਤੀ ਹੀ ਕਰਦਾ ਹਾਂ, ਉਪਾਸ਼ਨਾ ਕਰਿਆ ਕਰਦਾ ਹਾਂ। ਉਪਾਸਨਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਅੰਦਰਲੀ ਉਪਾਸ਼ਨਾ ਅਤੇ ਦੂਜੀ ਬਾਹਰਲੀ ਉਪਾਸ਼ਨਾ। ਪਹਿਲਾਂ-ਪਹਿਲਾਂ ਬੈਰੰਗ (ਬਾਹਰਲੀ) ਉਪਾਸਨਾ ਕਰਨੀ ਪੈਂਦੀ ਹੈ, ਉਸ ਤੋਂ ਬਾਅਦ ਅੰਤਰੰਗ (ਅੰਦਰਲੀ) ਉਪਾਸਨਾ ਕਰੀਦੀ ਹੈ। ਭਜਨ ਕਰਨ ਵਾਲਿਆਂ ਨੂੰ ਪਤਾ ਹੋਇਆ ਕਰਦਾ ਹੈ ਕਿ ਉਪਾਸਨਾ ਦਾ ਦਰਜਾ ਕਿਥੇ ਆ ਕੇ ਆਇਆ ਕਰਦੈ, ਜਿਸ ਨੂੰ ਭਗਤੀ ਕਹਿੰਦੇ ਹਨ ਨਾ, ਮੈਂ ਉਹੀ ਕਰਦਾ ਹਾਂ।" ਧੰਨਾ ਕਹਿਣ ਲੱਗਿਆ, "ਪੰਡਤ ਜੀ! ਫੇਰ ਤਾਂ ਮੇਰਾ ਕੰਮ ਬਣ ਗਿਆ, ਮੈਂ ਤਾਂ ਭਗਤੀ ਕਰਨ ਵਾਸਤੇ ਹੀ ਸੋਚਦਾ ਹਾਂ ਕਿ ਮੈਨੂੰ ਵੀ ਕੋਈ ਰਾਹ ਲੱਭ ਜਾਵੇ ਪਰ ਪੰਡਤ ਜੀ ਮੇਰਾ ਤਾਂ ਖਲਾਰਾ ਬਹੁਤ ਹੈ। ਪਸ਼ੂ ਬਹੁਤ ਹਨ, ਤੁਸੀਂ ਤਾਂ ਵਿਹਲੇ ਹੋ। ਮੈਨੂੰ ਕੋਈ ਤਰੀਕਾ ਦੱਸ ਸਕਦੇ ਹੋ?" ਪੰਡਤ ਕਹਿਣ ਲੱਗਿਆ, "ਧੰਨਿਆ! ਜਾਹ, ਆਪਣੇ ਡੰਗਰ ਸਾਂਭ, ਕਿਸੇ ਦੇ ਖੇਤ 'ਚ ਵੜ ਜਾਣਗੇ, ਤੂੰ ਤਾਂ ਹਾਲੇ ਨਿਆਣਾ ਹੈਂ ਤੇ ਤੂੰ ਤਾਂ ਜੱਟਾਂ ਦਾ ਮੁੰਡਾ ਹੈ ਤੇ ਨਾ ਹੀ ਤੈਨੂੰ ਸਮਝ ਹੈ। ਨਾ ਤੂੰ ਨਾਹੁਣਾ ਧੋਣਾ ਤੇ ਸਵੇਰੇ ਉਠਣ ਸਾਰ ਹੀ ਰੋਟੀ ਖਾਣੀ, ਫੇਰ ਡੰਗਰ ਖੋਲ੍ਹ ਲੈਣੇ ਤੇ ਨਾਹੁੰਦਾ ਤੂੰ ਟੋਭੇ 'ਚ ਆ ਕੇ ਹੈਂ, ਇਸ ਤਰ੍ਹਾਂ ਤਾਂ ਗੱਲ ਨਹੀਂ ਬਣਿਆ ਕਰਦੀ। ਇਹ ਤਾਂ ਬੜੀ ਔਖੀ ਚੀਜ਼ ਐ। ਨਾਲੇ ਇਹ ਇਸ ਤਰ੍ਹਾਂ ਨਹੀਂ ਦੱਸੀ ਜਾਇਆ ਕਰਦੀ, ਇਹਦਾ ਮੁੱਲ ਦੇਣਾ ਪੈਂਦਾ ਹੈ। ਆਦਮੀ ਮੁਲ ਦੇਣ ਵਾਸਤੇ ਤਿਆਰ ਹੋਵੇ ਤਾਂ ਭਗਤੀ ਦਾ ਰਾਹ ਦਸਿਆ ਜਾਂਦਾ ਹੈ ਕਿਉਂਕਿ ਫੁਰਮਾਨ ਹੈ ਕਿ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***

***ਪੰਨਾ - 1365***

***ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥***

***ਪੰਨਾ - 1372***

ਵੱਡੀਆਂ-ਵੱਡੀਆਂ ਗੱਲਾਂ, ਅਮੋਲਕ ਬਚਨ ਵਣਜਣਹਾਰੇ ਬਾਝੋਂ ਕੌਡੀ ਦੇ ਭਾਅਲੰਘ ਜਾਇਆ ਕਰਦੇ ਹਨ ਕਿਉਂਕਿ ਕੋਈ ਗਾਹਕ ਨਹੀਂ ਹੈ। ਧੰਨਿਆ! ਐਸੀ ਅਵਸਥਾ ਵਿਚ ਤੇਰਾ ਸਮਾਂ ਵਿਅਰਥ ਜਾਊ ਤੇ ਮੇਰਾ ਵੀ ਸਮਾਂ ਅਜਾਈਂ ਜਾਵੇਗਾ। ਸੋਚ ਕੇ ਕਹਿਣ ਲੱਗਿਆ, "ਪੰਡਤ ਜੀ ਦੀ ਗੱਲ ਤਾਂ ਠੀਕ ਹੀ ਹੈ, ਚੀਜ਼ ਤਾਂ ਮੈਂ ਉਹ ਹਾਸਲ ਕਰਨੀ ਹੈ, ਮੈਂ ਉਹਨੂੰ ਹਾਸਲ ਕਰਨਾ ਹੈ ਜਿਹਨੂੰ ਨਾਮਦੇਵ ਦੁੱਧ ਪਿਆ ਸਕਦਾ ਹੈ। ਨਾਮਦੇਵ ਦਾ ਛੱਪਰ ਬਣਾ ਸਕਦੈ, ਦੇਹੁਰਾ ਫੇਰ ਸਕਦੈ, ਮਰੀ ਹੋਈ ਗਊ ਜੀਉਂਦੀ ਕਰ ਸਕਦੈ, ਮੈਂ ਤਾਂ ਕਮਲਿਆਂ ਵਾਲੀ ਗੱਲ ਕੀਤੀ ਐ ਕਿ ਪੰਡਤ ਜੀ ਨੂੰ ਦਿਤਾ ਤਾਂ ਮੈਂ ਕੁਝ ਵੀ ਨਹੀਂ। ਇਨ੍ਹਾਂ ਨੂੰ ਤਾਜੇ ਪ੍ਰਸ਼ਾਦੇ ਵੀ ਛਕਾਈਏ ਤਾਂ ਵੀ ਇਨ੍ਹਾਂ ਨੂੰ ਦੰਦ ਘਸਾਈ ਦੇਣੀ ਪੈਂਦੀ ਹੈ। ਜੇ ਘਰ ਵੀ ਆਉਂਦੇ ਨੇ ਤਾਂ ਵੀ ਅਸੀਂ ਫਸਲਾਂ 'ਚੋਂ ਹਰ ਚੀਜ਼ ਦਾ ਹਿੱਸਾ ਇਨ੍ਹਾਂ ਦੇ ਘਰ ਆਪ ਹੀ ਦੇ ਕੇ ਆਇਆ ਕਰਦੇ ਹਾਂ। ਕਹਿਣ ਲੱਗਿਆ, "ਪੰਡਤ ਜੀ! ਆਹ ਗਊ ਮੈਂ ਤੁਹਾਨੂੰ ਦੇਣੀ ਚਾਹੁੰਦਾ ਹਾਂ ਇਹ ਬਹੁਤ ਸੀਲ ਹੈ ਭਾਵੇਂ ਛੋਟੇ ਬੱਚੇ ਵੀ ਇਸ ਦਾ ਦੁੱਧ ਕੱਢਦੇ ਰਹਿਣ, ਕੁਝ ਨਹੀਂ ਕਹਿੰਦੀ। ਨਾਲੇ ਇਹ ਹਰਿਵਰਿਆਈ ਹੈ, ਉਧਰ ਦੁੱਧ ਦੇਣ ਤੋਂ ਹਟਦੀ ਫੇਰ ਨਵੇਂ ਸਿਰੇ ਸੂਅ ਪੈਂਦੀ ਹੈ। ਤੁਸੀਂ ਜ਼ਰਾ ਮੇਰੇ ਡੰਗਰਾਂ ਦਾ ਖਿਆਲ ਰੱਖਿਓ, ਮੈਂ ਹੁਣੇ ਤੁਹਾਡੇ ਘਰ ਇਸ ਨੂੰ ਬੰਨ੍ਹ ਕੇ ਆਉਂਦਾ ਹਾਂ। ਕਾਹਲੀ ਦੇ ਨਾਲ ਗਊ ਫੜੀ, ਪਿੰਡ ਗਿਆ, ਕਿੱਲੇ ਤੇ ਬੰਨ੍ਹੀ ਤੇ ਘਰੋਂ ਪੱਠੇ ਚੁਕ ਕੇ ਪੱਠੇ ਵੀ ਪਾ ਆਇਆ। ਵਾਪਸ ਆ ਕੇ ਕਹਿਣ ਲੱਗਿਆ, "ਪੰਡਤ ਜੀ! ਹੁਣ ਮੈਂ ਗਊ ਵੀ ਬੰਨ੍ਹ ਆਇਆ ਹਾਂ, ਪੱਠੇ ਵੀ ਪਾ ਆਇਆ ਹਾਂ, ਹੁਣ ਮੇਰੇ ਨਾਲ ਥੋੜ੍ਹੀ ਜਿਹੀ ਗੱਲ ਕਰ ਲਵੋ। ਪੰਡਤ ਜੀ ਕਹਿਣ ਲੱਗੇ, "ਦੱਸ ਕੀ ਗੱਲ ਹੈ?" ਧੰਨੇ ਨੇ ਬੇਨਤੀ ਕੀਤੀ, ਬਈ ਤੁਸੀਂ ਮੈਨੂੰ ਜ਼ਰਾ ਦੱਸੋ ਤਾਂ ਸਹੀ ਤੁਸੀਂ ਹਰ ਰੋਜ਼ ਕੀ ਕਰਦੇ ਹੁੰਦੇ ਹੋ? ਪੰਡਤ ਨੇ ਕਿਹਾ, "ਧੰਨਿਆ! ਮੈਂ ਠਾਕੁਰ ਦੀ ਸੇਵਾ ਕਰਿਆ ਕਰਦਾ ਹਾਂ, ਉਪਾਸ਼ਨਾ ਕਰਦਾ ਹਾਂ, ਭਗਤੀ ਕਰਦਾ ਹਾਂ ਤੇ ਠਾਕੁਰ ਨੂੰ ਭੋਗ ਲਗਾਇਆ ਕਰਦਾ ਹਾਂ।" ਧੰਨਾ ਪੁਛਣ ਲੱਗਿਆ, "ਦਾਦਾ ਜੀ ਸੇਵਾ ਕਰਨ ਦੇ ਨਾਲ ਕੀ ਮਿਲਦਾ ਹੈ?" ਉਸ ਨੇ ਕਿਹਾ, "ਧੰਨਿਆ! ਸੇਵਾ ਕਰਨ ਦੇ ਨਾਲ ਜੋ ਠਾਕੁਰ ਤੋਂ ਮੰਗੇਗਾ ਸੋਈ ਮਿਲ ਜਾਵੇਗਾ। ਤੂੰ ਤਾਂ ਮੈਨੂੰ ਇਕ ਗਊ ਦਿਤੀ ਹੈ, ਇਨ੍ਹਾਂ ਤੋਂ ਦੁਨੀਆਂ ਦੀ ਜੋ ਵੀ ਚੀਜ਼ ਮੰਗੇਗਾ ਮਿਲ ਜਾਏਗੀ ਫੇਰ ਦੱਸ ਸੌਦਾ ਸਸਤਾ ਹੈ ਕਿ ਮਹਿੰਗਾ? ਤੇ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ -

***ਧਾਰਨਾ - ਸੇਵ ਹਰਿ ਕੇ ਚਰਨ ਰਸਾਇਣ ਜੀ,***
***ਜੋ ਜੋ ਮਾਂਗੈ ਸੋਈ ਸੋਈ ਪਾਵੈ - 2, 2***
***ਜੋ ਜੋ ਮਾਂਗੈ ਸੋਈ ਸੋਈ ਪਾਵੈ - 2, 2.***
***ਸੇਵ ਹਰਿ ਕੇ ਚਰਨ ਰਸਾਇਣ ਜੀ,.......2***

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥***
***ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥***
***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***

***ਪੰਨਾ - 714***

ਧੰਨਿਆ! ਸਭ ਆਦਮੀਆਂ ਦੀਆਂ ਵਾਸ਼ਨਾਵਾਂ ਹੁੰਦੀਆਂ ਨੇ, ਲੋੜਾਂ ਹੁੰਦੀਆਂ ਨੇ, ਕਿਸੇ ਨੂੰ ਦੁੱਧ ਦੀ ਲੋੜ ਹੁੰਦੀ ਹੈ, ਕਿਸੇ ਨੂੰ ਪੁੱਤ ਦੀ ਹੁੰਦੀ ਹੈ, ਕੋਈ ਜ਼ਮੀਨ ਖਰੀਦਣੀ ਚਾਹੁੰਦਾ ਹੈ, ਕੋਈ ਨੌਕਰੀ ਵਿਚ ਤਰੱਕੀ ਚਾਹੁੰਦਾ ਹੈ, ਕੋਈ ਪੁੱਤਰ ਦੀ ਮੰਗ ਕਰਦਾ ਹੈ, ਕੋਈ ਪੁੱਤਰ ਨੂੰ ਵਿਆਹੁਣ ਦੀ ਮੰਗ ਕਰਦਾ ਹੈ। ਮੰਗਾਂ ਆਦਮੀ ਦੀਆਂ ਜ਼ਿੰਦਗੀ ਭਰ ਪੂਰੀਆਂ ਨਹੀਂ ਹੁੰਦੀਆਂ। ਕੋਠੀ ਬਣ ਜਾਵੇ, ਇੰਡਸਟਰੀਆਂ ਚਲ ਜਾਣ ਆਦਿ ਮੰਗਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਸੋ ਇਹ ਸਾਰੀਆਂ ਹੀ ਮਿਲ ਜਾਂਦੀਆਂ ਹਨ। ਪਰ ਭਗਤੀ ਕਰਨ ਦੇ ਨਾਲ ਮਿਲਦੀਆਂ ਹਨ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਇੱਛਾ ਹੋਣ ਸਭੇ ਤੇਰੀਆਂ ਪੂਰੀਆਂ,***
***ਸਤਿਨਾਮ ਜਪ ਕੇ ਵਾਹਿਗੁਰੂ - 2, 2***
***ਮੇਰੇ ਪਿਆਰੇ, ਸਤਿਨਾਮ ਜਪ ਕੇ ਵਾਹਿਗੁਰੂ-2,2***
***ਇੱਛਾ ਹੋਣ ਸਭੇ ਤੇਰੀਆਂ ਪੂਰੀਆਂ, .........।***



Sri Satguru Jagjit Singh Ji eLibrary NamdhariElibrary@gmail.com

***ਪ੍ਰਭ ਕੈ ਸਿਮਰਨਿ ਪੂਰਨ ਆਸਾ॥ ਪੰਨਾ - 263***

ਕਹਿਣ ਲੱਗੇ, ਧੰਨਿਆ! ਪ੍ਰਮੇਸ਼ਰ ਦੀ ਸੇਵਾ ਕਰਨ ਦੇ ਨਾਲ, ਠਾਕੁਰ ਦੀ ਸੇਵਾ ਕਰਨ ਦੇ ਨਾਲ, ਕੋਈ ਵੀ ਫਲ ਲੈ ਲੈ, ਸਾਰੀਆਂ ਹੀ ਇੱਛਾ ਪੂਰੀਆਂ ਹੋ ਜਾਂਦੀਆਂ ਹਨ।

***ਠਾਕੁਰ ਦੀ ਸੇਵਾ ਕਰੇ ਜੋ ਇਛੈ ਸੋਈ ਫਲੁ ਪਾਵੈ।।***
***ਭਾਈ ਗੁਰਦਾਸ ਜੀ, ਵਾਰ 10/13***

ਸਾਧਸੰਗਤ ਜੀ! ਇਹ ਜਿਹੜੀਆਂ ਵਾਸ਼ਨਾਵਾਂ ਹਨ ਇਹ ਪ੍ਰਮੇਸ਼ਰ ਦੇ ਮਿਲਣ ਲਈ ਵਿਘਨਕਾਰੀ ਹੋਇਆ ਕਰਦੀਆਂ ਹਨ ਕਿਉਂਕਿ ਇਨ੍ਹਾਂ ਦਾ ਕੋਈ ਅਖੀਰ ਨਹੀਂ ਹੈ। ਜੇ ਅੰਤ ਦੇ ਸਮੇਂ ਕੋਈ ਵਾਸ਼ਨਾ ਰਹਿ ਜਾਵੇ ਉਹ ਜਨਮ ਵਿਚ ਲੈ ਆਇਆ ਕਰਦੀ ਹੈ। ਜਿਹੋ ਜਿਹੀ ਵਾਸ਼ਨਾ ਹੁੰਦੀ ਹੈ ਵੈਸਾ ਹੀ ਜਨਮ ਮਿਲ ਜਾਂਦਾ ਹੈ। ਗੁਰੂ ਘਰ ਦੇ ਅੰਦਰ ਤਾਂ ਇਸ ਤਰ੍ਹਾਂ ਹੁਕਮ ਹੈ ਕਿ ਵਾਸ਼ਨਾਵਾਂ ਘਟਾਵੇ, ਜੇਕਰ ਕੋਈ ਬਹੁਤੀ ਲੋੜ ਹੈ ਤਾਂ ਮੰਗ ਵੀ ਲਵੋ, ਇਹ ਨਹੀਂ ਹੈ ਕਿ ਨਾ ਮੰਗੋ। ਇਮਾਨਦਾਰੀ

**ਭਗਤ ਧੰਨਾ ਜੀ ਸਾਧੂਆਂ ਦੀ ਸੇਵਾ ਕਰ ਰਹੇ ਹਨ।**

ਦੇ ਨਾਲ ਮੰਗੋ ਕਿ ਸੱਚੇ ਪਾਤਸ਼ਾਹ! ਜੇ ਜਿਹੜਾ ਕੁਝ ਆਪ ਨੂੰ ਚੰਗਾ ਲਗਦਾ ਹੈ ਉਹ ਦੇ ਦਿਓ, ਜਿਹੜਾ ਨਹੀਂ ਚੰਗਾ ਲਗਦਾ ਉਹ ਨਾ ਦਿਓ। ਮੇਰੀ ਅਕਲ ਐਨੀ ਨਹੀਂ ਹੈ, ਆਪ ਹੀ ਜਾਣਦੇ ਹੋ ਕਿ ਜਿਹੜੀ ਚੀਜ਼ ਦਿਤੀ ਹੋਈ ਮੈਨੂੰ ਚੰਗੀ ਰਹੇਗੀ ਤੇ ਕਿਹੜੀ ਚੀਜ਼ ਨਾ ਦਿਤੀ ਹੋਈ ਚੰਗੀ ਰਹੇਗੀ। ਹੋ ਸਕਦੈ ਆਪ ਮੈਨੂੰ ਬਹੁਤ ਵੱਡੀ ਚੀਜ਼ ਦੇਣੀ ਚਾਹੁੰਦੇ ਹੋਵੋ ਤੇ ਮੈਂ ਛੋਟੀ ਜਿਹੀ ਚੀਜ਼ ਮੰਗਦਾ ਹੋਵਾਂ ਕਿਉਂਕਿ ਵਾਹਿਗੁਰੂ ਜੋ ਖਰਬਾਂ ਬ੍ਰਹਿਮੰਡਾਂ ਦਾ ਮਾਲਕ ਹੈ, ਆਪਣੇ ਨਾਲ, ਆਪਣੇ ਸਿੰਘਾਸਨ ਤੇ ਬਿਠਾਉਣਾ ਚਾਹੁੰਦਾ ਹੈ। ਇਹ ਵਾਸ਼ਨਾ ਛੱਡ ਦੇਵੇ ਤੇ ਮੈਂ ਇਹਨੂੰ ਆਪਣਾ ਹੀ ਰੂਪ ਬਣਾ ਲਵਾਂ ਇਹ ਮੇਰਾ ਹੀ ਰੂਪ ਬਣ ਜਾਵੇ ਅਤੇ ਮੇਰਾ ਹੀ ਰੂਪ ਹੋ ਕੇ ਇਹ ਸੰਸਾਰ ਵਿਚ ਵਿਚਰੇ। ਇਹ ਵਾਸ਼ਨਾ ਕਰਦਾ ਹੈ। ਇਸ ਨੂੰ ਪਤਾ ਨਹੀਂ ਕਿ ਇਹ ਤਾਂ ਜੰਮਣ ਮਰਨ ਵਿਚ ਪੈ ਜਾਏਗਾ। ਅੰਤ ਵੇਲੇ ਜੇ ਮੰਦਰ (ਮਕਾਨ) ਵਿਚ ਸੁਰਤਿ ਚਲੀ ਗਈ, ਇੰਡਸਟਰੀਆਂ ਵਿਚ ਚਲੀ ਗਈ, ਜ਼ਮੀਨ ਜਾਇਦਾਦ ਵਿਚ ਚਲੀ ਗਈ ਤਾਂ ਨਤੀਜਾ ਕੀ ਹੁੰਦਾ ਹੈ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਬਣਦੇ ਪ੍ਰੇਤ ਜੀ, ਮੰਦਰਾਂ ਨਾਲ ਜੋੜ ਪ੍ਰੀਤਾਂ।***
***ਮੰਦਰਾਂ ਨਾਲ ਜੋੜ ਪ੍ਰੀਤਾਂ - 2, 2.***
***ਬਣਦੇ ਪ੍ਰੇਤ ਜੀ, .........।***

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਨਾਰਾਇਣੁ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ***
***ਪੀਤੰਬਰੁ ਵਾ ਕੇ ਰਿਦੈ ਬਸੈ॥ ਪੰਨਾ - 526***

ਜੇਕਰ ਗੁਰੂ ਚੇਤੇ ਆ ਜਾਵੇ, ਆਪਣਾ ਇਸ਼ਟ ਚੇਤੇ ਆ ਜਾਵੇ ਤਾਂ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਮਿਲ ਜਾਇਆ ਕਰਦਾ ਹੈ ਜਿਸ ਤਰ੍ਹਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਹੋਏ ਬਾਣੀ ਵਿਚ ਜ਼ਿਕਰ ਕਰਦੇ ਹਨ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ - 902***

ਅਜਾਮਲ ਰਾਜ ਪੰਡਤ ਦਾ ਲੜਕਾ ਜੋ ਚਾਰੇ ਵੇਦਾਂ ਦਾ, ਛੇਈ ਸਾਸ਼ਤਰਾਂ, ਉਪਨਿਸ਼ਦਾਂ ਦਾ ਗਿਆਤਾ ਸੀ ਪਰ ਆਪਣੇ ਗੁਰੂ ਦੇ ਬਚਨ ਦੀ ਉਲੰਘਣਾ ਕਰਨ ਨਾਲ ਉਹ ਪਾਪਾਂ ਵਿਚ ਪਰਵਿਰਤ ਹੋ ਗਿਆ ਸੀ। ਉਸ ਦੇ ਗੁਰੂ ਨੇ ਕਿਹਾ ਬੇਟਾ! ਅਜਾਮਲ ਮੈਨੂੰ ਪਤਾ ਲੱਗਾ ਹੈ ਕਿ ਤੂੰ ਅਧਰਮੀ ਬਜ਼ਾਰ ਵਿਚੋਂ ਲੰਘ ਕੇ ਜਾਂਦਾ ਹੁੰਦਾ ਹੈ, ਉਧਰੋਂ ਦੀ ਨਾ ਜਾਇਆ ਕਰ। ਕਹਿਣ ਲੱਗਾ, "ਗੁਰੂ ਜੀ ਹੁਣ ਮੇਰੇ ਤੇ ਕੀ ਅਸਰ ਹੋਣਾ ਹੈ, ਮੇਰਾ ਤਾਂ ਗਿਆਨ ਪਰਪੱਕ ਹੋ ਗਿਆ ਹੈ, ਮੇਰੇ ਤੇ ਕੋਈ ਵਿਸ਼ੇ ਵਾਸ਼ਨਾ ਅਸਰ ਨਹੀਂ ਕਰ ਸਕਦੀ। ਸੋ ਗੁਰੂ ਦਾ ਹੁਕਮ ਨਾ ਮੰਨਿਆ। ਇਕ ਦਿਨ ਇਕ ਵੇਸਵਾ ਦੇ ਕੋਲ ਚਲਾ ਗਿਆ ਤੇ ਫੇਰ ਹਰ ਰੋਜ਼ ਜਾਣ ਲਗ ਪਿਆ, ਵੇਸ਼ਵਾ ਦੇ ਕੋਲ ਹੀ ਰਹਿਣ ਲਗ ਪਿਆ। ਜਦੋਂ ਉਨ੍ਹਾਂ ਦੇ ਪਿਤਾ ਤੇ ਪਰਿਵਾਰ ਨੂੰ ਪਤਾ ਲੱਗਾ ਤਾਂ ਉਸ ਨੂੰ ਘਰ ਬਾਰ ਵਿਚੋਂ ਬੇਦਖਲ ਕਰ ਦਿਤਾ ਕਿ ਤੂੰ ਇਹ ਨੀਚ ਕਰਮ ਕਰਕੇ ਸਾਡੀ ਬਦਨਾਮੀ ਕਰਵਾ ਦਿਤੀ ਹੈ। ਸਾਰੇ ਲੋਕਾਂ ਵਿਚ ਰੌਲਾ ਪੈ ਗਿਆ ਕਿ ਦੇਖੋ ਰਾਜਪੰਡਤ ਦੇ ਲੜਕੇ ਦੀ ਕੀ ਮਤ ਮਾਰੀ ਗਈ ਹੈ। ਅਖੀਰ ਸ਼ਹਿਰ ਤੋਂ ਬਾਹਰ ਝੁੱਗੀ ਪਾ ਕੇ ਰਹਿਣ ਲਗ ਪਿਆ, ਵੇਸ਼ਵਾ ਦੇ ਛੇ ਪੁੱਤ ਹੋ ਗਏ, ਘਰ ਵਿਚ ਅਤਿ ਗਰੀਬੀ ਕਾਰਨ ਕਲੇਸ਼ ਰਹਿਣ ਲਗ ਪਿਆ। ਇਹ ਕੀ ਕਰਦਾ ਹੈ, ਜਾਲ ਲੈ ਜਾਇਆ ਕਰੇ ਤੇ ਜਾਨਵਰ ਫੜ ਕੇ ਬਜ਼ਾਰ ਵਿਚ ਵੇਚ ਕੇ ਗੁਜ਼ਰਾਨ ਕਰਿਆ ਕਰੇ। ਇਕ ਦਿਨ ਘਰਵਾਲੀ ਨਾਲ ਕਲੇਸ਼ ਹੋਇਆ ਤੇ ਜੀਵਨ ਦਾ ਅੰਤ ਕਰਨ ਲਈ ਸੋਚ ਲਿਆ ਤੇ ਖੁਦਕਸ਼ੀ ਕਰਨ ਲਈ ਤੁਰਿਆ ਜਾ ਰਿਹਾ ਹੈ ਤਾਂ ਰਸਤੇ ਵਿਚ ਇਸ ਦੇ ਗੁਰੂ ਮਿਲ ਗਏ, ਇਸ ਨੇ ਉਨ੍ਹਾਂ ਨੂੰ ਪਹਿਚਾਣ ਲਿਆ ਤੇ ਚਰਨਾਂ ਤੇ ਢਹਿ ਪਿਆ ਤੇ ਡਾਡਾਂ ਮਾਰਨ ਲਗ ਪਿਆ। ਗੁਰੂ ਨੇ ਉਠਾਇਆ ਤੇ ਪੁਛਿਆ ਤੂੰ ਕੌਣ ਹੈ? ਕਹਿਣ ਲੱਗਾ, "ਗੁਰੂ ਜੀ! ਮੈਂ ਆਪ ਦਾ ਸ਼ਿਸ਼ ਅਜਾਮਲ ਪਾਪੀ ਹਾਂ।" ਗੁਰੂ ਨੇ ਧਰਵਾਸਾ ਦਿਤਾ ਤੇ ਕਿਹਾ ਕਿ ਜੀਵਨ ਦਾ ਅੰਤ ਨਾ ਕਰੇ, ਜੀਵਨ ਅਮੋਲਕ ਹੈ, ਇਸ ਤਰ੍ਹਾਂ ਕਰਨ ਨਾਲ ਤੂੰ ਕਦੀ ਮੁਕਤ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੋ ਸਕੇਂਗਾ ਤੇ ਸਦਾ ਲਈ ਜਨਮ ਮਰਨ ਵਿਚ ਪਿਆ ਰਹੇਂਗਾ। ਜਾਹ ਤੇਰਾ ਸਤਵਾਂ ਪੁੱਤਰ ਜਨਮੇਗਾ ਉਸ ਦਾ ਨਾਮ ਰੱਖਣ ਲਈ ਉਸ ਨੂੰ ਸਾਡੇ ਪਾਸ ਲਿਆਵੀਂ। ਅਜਾਮਲ ਵਾਪਸ ਗਿਆ ਤੇ ਜਦੋਂ ਸਤਵਾਂ ਪੁੱਤਰ ਹੋਇਆ ਗੁਰੂ ਜੀ ਨੇ ਉਸ ਦਾ ਨਾਮ ਨਾਰਾਇਣ ਰੱਖ ਦਿਤਾ ਅਤੇ ਅਜਾਮਲ ਨੂੰ ਕਿਹਾ ਕਿ ਇਸ ਦਾ ਨਾਮ ਲੈ ਕੇ ਨਰਾਇਣ, ਨਰਾਇਣ ਕਹੀ ਜਾਇਆ ਕਰ। ਸਤਵੇਂ ਪੁੱਤਰ ਨੂੰ ਬਹੁਤ ਪਿਆਰ ਕਰਦਾ ਹੈ ਤੇ ਹਰ ਵੇਲੇ ਨਾਰਾਇਣ ਨਾਰਾਇਣ ਕਰਦਾ ਰਹਿੰਦਾ ਹੈ ਤੇ ਜਦੋਂ ਅੰਤ ਸਮਾਂ ਆਇਆ ਤੇ ਜਦੋਂ ਜਮਦੂਤ ਲੈਣ ਆਏ ਤਾਂ ਇਸ ਦੇ, ਜੋ ਅਸਲੀ ਨਾਰਾਇਣ ਹੈ, ਧਿਆਨ ਵਿਚ ਆ ਗਿਆ ਤੇ ਇਸ ਨੂੰ ਬੈਕੁੰਠ ਵਿਚ ਲਿਜਾਉਣ ਲਈ ਬਿਬਾਨ ਆ ਗਏ। ਸੋ ਅੰਤ ਵੇਲੇ ਨਾਰਾਇਣ ਨਾਰਾਇਣ ਕਹਿਣ ਨਾਲ ਇਸ ਦਾ ਉਧਾਰ ਹੋਇਆ।

ਸੋ ਗੁਰੂ ਅੰਦਰੋਂ ਸਮਝਾਇਆ ਕਰਦਾ ਹੈ ਕਿ ਤੂੰ ਕੀ ਮੰਗੀ ਜਾਨੈ, ਮੈਂ ਤੈਨੂੰ ਕੀਮਤੀ ਚੀਜ਼ ਦੇਣਾ ਚਾਹੁੰਦਾ ਹਾਂ, ਮੈਂ ਤੈਨੂੰ ਪ੍ਰਭੂ ਨਾਮ ਦੇਣਾ ਹੈ ਜੋ ਅਮੁੱਲ ਹੈ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

ਦੁਨੀਆਂ ਤੇ ਕੋਈ ਪੈਦਾ ਨਹੀਂ ਹੋਇਆ ਜਿਹੜਾ ਨਾਮ ਦੀ ਕੀਮਤ ਜਾਣਦਾ ਹੋਵੇ। ਦੁਨੀਆਂਦਾਰ ਦਾ ਮਨ ਤਾਂ ਮਾਇਆ ਵਿਚ ਹੈ ਇਹ ਮਾਇਆ ਮੰਗਦਾ ਹੈ। ਪੰਡਤ ਜੀ ਕਹਿਣ ਲੱਗੇ, "ਧੰਨਿਆ! ਰੱਬ ਦਾ ਸਿਮਰਨ ਕਰਕੇ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ। ਜਿਹੜਾ ਕੁਝ ਮੰਗੇਗਾ ਤੈਨੂੰ ਮਿਲ ਜਾਵੇਗਾ। ਦੋਵੇਂ ਹੱਥ ਜੋੜ ਕੇ ਕਹਿਣ ਲੱਗਿਆ ਪੰਡਤ ਜੀ ਮੈਨੂੰ ਫਿਰ ਦੇ ਦਿਓ –

***ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਕਹਿਣ ਲੱਗਾ ਮੈਨੂੰ ਵੀ ਇਕ ਦੇ ਦਿਓ ਠਾਕੁਰ, ਜੇ ਤੁਹਾਨੂੰ ਨਰਾਜ਼ਗੀ ਨਾ ਹੋਵੇ। ਨਾਲੇ ਚੰਗੀ ਤਰ੍ਹਾਂ ਦੱਸ ਦਿਓ ਕਿ ਮੈਂ ਇਸ ਦੀ ਸੇਵਾ ਕਿਸ ਤਰ੍ਹਾਂ ਕਰਿਆ ਕਰਾਂ। ਪੰਡਤ ਨੇ ਦੇਖਿਆ ਕਿ ਹੁਣ ਤਾਂ ਗਊ ਵੀ ਘਰ ਕਿੱਲੇ ਨਾਲ ਬੰਨ ਆਇਆ ਹੁਣ ਤਾਂ ਇਸ ਨੂੰ ਦੇਣਾ ਹੀ ਪਵੇਗਾ। ਜਿਥੇ ਬੈਠਿਆ ਕਰਦਾ ਸੀ, ਉਹ ਪੱਥਰ ਛੋਟਾ ਸੀ, ਪੰਡਤ ਨੇ ਕਿਹਾ, ਤੂੰ ਮੇਰੇ ਨਾਲ ਘਰ ਚਲ, ਮੈਂ ਤੈਨੂੰ ਵੱਡਾ ਸਾਰਾ ਠਾਕੁਰ ਦੇਵਾਂਗਾ ਜਿਹੜਾ ਤੇਰੇ ਸਾਰੇ ਕੰਮ ਕਰੇਗਾ। ਧੰਨਾ ਖੁਸ਼ ਹੋ ਗਿਆ ਕਿ ਪੰਡਤ ਜੀ ਵੱਡਾ ਠਾਕੁਰ ਦੇਣਗੇ। ਪੰਡਤ ਜੀ ਘਰ ਗਏ ਤੇ ਵੱਡਾ ਸਾਰਾ ਵੱਟਾ ਸੀ, ਉਸ ਨਾਲ ਤੋਲਦੇ ਵੀ ਹੁੰਦੇ ਸੀ, ਚੱਕੀ ਦੇ ਕੋਲ ਪਿਆ ਸੀ, ਚੁੱਕ ਕੇ ਖੱਦਰ ਦੇ ਕੱਪੜੇ ਵਿਚ ਲਪੇਟ ਕੇ ਧੰਨੇ ਨੂੰ ਦੇ ਦਿਤਾ ਤੇ ਕਿਹਾ ਇਸ ਨੂੰ ਸਿਰ ਤੇ ਚੁੱਕ ਕੇ ਘਰ ਲੈ ਜਾ। ਸਵੇਰੇ ਇਸ਼ਨਾਨ ਆਪ ਵੀ ਕਰੀਂ ਤੇ ਇਸ ਨੂੰ ਵੀ ਇਸ਼ਨਾਨ ਕਰਾਵੀਂ ਫੇਰ ਦਿਨ ਚੜ੍ਹੇ ਇਸ ਨੂੰ ਭੋਗ ਲਗਾਈ। ਧੰਨਾ ਉਠ ਕੇ ਕਹਿਣ ਲੱਗਿਆ ਜੀ ਕਿਵੇਂ? ਪੰਡਤ ਨੇ ਕਿਹਾ, ਤੈਨੂੰ ਭੋਗ ਤਾਂ ਸਮਝ ਵਿਚ ਨਹੀਂ ਆਉਂਦਾ, ਪ੍ਰਸ਼ਾਦਾ ਤਿਆਰ ਕਰਕੇ ਇਸ ਨੂੰ ਖੁਆਵੀਂ। ਧੰਨਾ ਬੜਾ ਖੁਸ਼ ਹੋਇਆ, ਦਿਲ ਵਿਚ ਸੋਚਦਾ ਹੈ ਕਿ ਜਿਵੇਂ ਨਾਮਦੇਵ ਨੇ ਦੁੱਧ ਪਿਆਇਆ ਸੀ ਮੈਨੂੰ ਵੀ ਉਹ ਕੰਮ ਮਿਲ ਗਿਆ। ਮੈਂ ਨਾਲੇ ਦਰਸ਼ਨ ਕਰਾਂਗਾ, ਨਾਲੇ ਰੋਟੀ ਖੁਆਵਾਂਗਾ –

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਘਰ ਆ ਗਿਆ, ਰਾਤ ਨੂੰ ਨੀਂਦ ਨਹੀਂ ਆਉਂਦੀ, ਸਵੇਰ ਹੋਣ ਦੀ ਉਡੀਕ ਬੜੀ ਬੇਤਾਬੀ ਨਾਲ ਕਰ ਰਿਹਾ ਹੈ ਕਿ ਕਦ ਸਵੇਰਾ ਹੋਵੇ। ਦੋ ਵਜੇ ਨਦੀ ਤੇ ਚਲਿਆ ਗਿਆ, ਰੇਤੇ ਦੇ ਨਾਲ ਮਲ ਮਲ ਕੇ ਠਾਕੁਰ ਨੂੰ ਚੰਗੀ ਤਰ੍ਹਾਂ ਨਵਾਉਂਦਾ ਹੈ ਅਤੇ ਆਪ ਵੀ ਮਲ ਮਲ ਕੇ ਨਾਤਾ, ਠਾਕੁਰ ਨੂੰ ਵੀ ਇਸ਼ਨਾਨ ਕਰਵਾਇਆ, ਘਰ ਵਾਪਸ ਆ ਗਿਆ। ਚੌਂਕੀ ਤੇ ਕਪੜਾ ਵਿਛਾ ਕੇ ਉਤੇ ਰੱਖ ਦਿਤਾ, ਮਨ ਵਿਚ ਬਹੁਤ ਚਾਉ ਹੈ ਕਿ ਕਦ ਦਿਨ ਚੜ੍ਹੇ। ਛੇਤੀ ਛੇਤੀ ਪਸ਼ੂਆਂ ਦੀਆਂ ਧਾਰਾਂ ਕੱਢੀਆਂ। ਸੂਰਜ ਚੜ੍ਹਦੇ ਸਾਰ ਹੀ ਛੋਲਿਆਂ ਦੇ ਆਟੇ ਦੇ ਮਿੱਸੇ ਪ੍ਰਸ਼ਾਦੇ ਤਿਆਰ ਕਰਨੇ ਸ਼ੁਰੂ ਕੀਤੇ, ਪ੍ਰਸ਼ਾਦੇ ਬਣਾ ਕੇ ਦੁੱਧ ਰਿੜਕਿਆ, ਮੱਖਣ ਕੱਢਿਆ ਤੇ ਦਹੀਂ ਗਾੜਾ ਗਾੜਾ ਕੌਲੀ 'ਚ ਪਾ ਕੇ ਰੱਖ ਲਿਆ ਤੇ ਨਾਲ ਪਿਆਜ਼ ਵੀ ਰੱਖ ਦਿਤਾ। ਸਾਮ੍ਹਣੇ ਆ ਕੇ ਬੈਠ ਗਿਆ, ਹੁਣ ਕਹਿਣਾ ਨਹੀਂ ਆਉਂਦਾ ਕਿ ਕਿਵੇਂ ਮੈਂ ਕਹਾਂ, ਕਹਿਣ ਲੱਗਿਆ ਲਓ ਮਹਾਰਾਜ! ਹੁਣ ਤੁਸੀਂ ਰੋਟੀ ਖਾ ਲਓ। ਹੋਰ ਅੱਖਰ ਨਹੀਂ ਮੈਨੂੰ ਆਉਂਦੇ। ਕਿਉਂਕਿ ਅੱਖਰਾਂ ਅੱਖਰਾਂ 'ਚ ਫਰਕ ਹੁੰਦਾ ਹੈ। ਇਕ ਬਹੁਤ ਸਭਿਅਕ ਅੱਖਰ ਹੁੰਦੇ ਹਨ, ਇਕ ਬਹੁਤ ਕੋਰੇ ਅੱਖਰ ਹੁੰਦੇ ਹਨ। ਲੇਕਿਨ ਵਾਹਿਗੁਰੂ ਅੱਖਰਾਂ ਤੇ ਨਹੀਂ ਰੀਝਦਾ, ਵਾਹਿਗੁਰੂ ਭਾਵਨਾ ਦੇਖਦਾ ਹੈ।

ਇਕ ਵਾਰੀ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦਬਲਾਨ ਕੁਰਸੀ ਤੇ ਬੈਠੇ ਹੋਏ ਸਨ। ਇਕ ਮਾਈ ਆਪਣੀਆਂ ਤਿੰਨ ਨੂੰਹਾਂ ਨੂੰ ਨਾਲ ਲੈ ਕੇ ਆਈ। ਇਹ ਮਾਈ ਬਿਰਧ 70–75 ਸਾਲ ਦੀ ਸੀ ਤੇ ਖੂੰਡਾ ਹੱਥ ਵਿਚ ਫੜਿਆ ਹੋਇਆ ਸੀ, ਮੈਂ ਵੀ ਕੋਲ ਹੀ ਬੈਠਾ ਸੀ ਹੋਰ ਵੀ ਬਹੁਤ ਸਾਰੇ ਪ੍ਰੇਮੀ ਬੈਠੇ ਸਨ, ਪਟਿਆਲੇ ਤੋਂ ਗਈ ਹੋਈ ਸੰਗਤ ਬੈਠੀ ਸੀ। ਮਾਈ ਨੂੰਹਾਂ ਨੂੰ ਲੈ ਕੇ ਅੱਗੇ-ਅੱਗੇ ਤੁਰੀ ਆਉਂਦੀ ਹੈ। ਜਿਸ ਵਕਤ ਉਹ ਬਿਲਕੁਲ ਨੇੜੇ ਆ ਗਏ ਤਾਂ ਉਸ ਨੂੰ ਸੇਵਾਦਾਰ ਨੇ ਕਿਹਾ ਮਾਈ ਥੋੜ੍ਹਾ ਪਿਛੇ ਖੜ੍ਹ, ਤੂੰ ਤਾਂ ਬਿਲਕੁਲ ਹੀ ਨੇੜੇ ਆ ਗਈ। ਉਹ ਕਹਿਣ ਲੱਗੀ, ਦੇਖ ਲੈਣ ਦੇ ਮੈਨੂੰ ਧਿਆਨ ਦੇ ਨਾਲ। ਆਹ ਹਾਅ! ਜਿਹੋ ਜਿਹਾ ਸੁਣਿਆ ਸੀ ਨਾ, ਉਹੋ ਜਿਹਾ ਹੀ ਦਿਖਿਆ ਤੂੰ। ਨੂੰਹਾਂ ਨੂੰ ਕਹਿੰਦੀ ਐਧਰ ਨੂੰ ਹੋ ਜਾਓ, ਦੇਖ ਲਉ ਤੁਸੀਂ ਵੀ ਚੰਗੀ ਤਰ੍ਹਾਂ ਨਾਲ। ਸੇਵਾਦਾਰ ਕਹਿਣ ਲੱਗਿਆ, ਮਾਈ! ਐਂ ਨਹੀਂ ਕਹੀਦਾ, ਦਰਸ਼ਨ ਕਰਨਾ ਕਹੀਦਾ ਹੈ। ਮਾਈ ਕਹਿਣ ਲੱਗੀ, ਮੈਨੂੰ ਨਹੀਂ ਪਤਾ ਦਰਸ਼ਨ ਦੁਰਸ਼ਨ ਕੀ ਹੁੰਦਾ ਹੈ, ਮੈਂ ਤਾਂ ਅੱਠ ਕੋਹ ਤੋਂ ਆਈ ਹਾਂ, ਘਰ ਜਿੰਦਾ ਲਾ ਕੇ ਆਈ ਹਾਂ, ਮੈਨੂੰ ਦੇਖ ਲੈਣ ਦਿਓ, ਜਿਹੋ ਜਿਹਾ ਸੁਣਿਆ ਸੀ ਉਹੋ ਜਿਹਾ ਹੀ ਦਿਸਿਆ। ਠੰਢ ਪੈ ਗਈ, ਮੇਰੇ ਚਿਤ ਵਿਚ ਤੇਰਾ ਪਿਆਰ ਆ ਗਿਆ। ਕਾਫੀ ਦੇਰ ਖੜ੍ਹੀ ਰਹੀ। ਮਹਾਰਾਜ ਜੀ ਨੇ ਇਸ਼ਾਰੇ ਨਾਲ ਸੇਵਾਦਾਰ ਨੂੰ ਕਿਹਾ ਕਿ ਚੁੱਪ ਰਹੋ ਅਤੇ ਆਪ ਬੜੇ ਪ੍ਰਸੰਨ ਹੋ ਰਹੇ ਨੇ ਤੇ ਕਿਹਾ ਇਨ੍ਹਾਂ ਨੂੰ ਨੇੜੇ ਬਿਠਾ ਦਿਓ। ਮਹਾਰਾਜ ਜੀ ਕਹਿਣ ਲੱਗੇ, "ਇਹ ਭੋਲੇ ਲੋਕ ਨੇ, ਇਨ੍ਹਾਂ ਦੇ ਹਿਰਦੇ ਵਿਚ ਪਿਆਰ ਲਬਾ-ਲਬ ਭਰਿਆ ਪਿਆ ਹੈ। ਸਾਡਾ ਹਿਰਦਾ ਇਨ੍ਹਾਂ ਦੀ ਗੱਲ ਸੁਣ ਕੇ ਉਛਲ ਆਇਆ ਹੈ ਤੇ ਨੇਤਰਾਂ



Sri Satguru Jagjit Singh Ji eLibrary NamdhariElibrary@gmail.com

ਰਾਹੀਂ ਬਾਹਰ ਆਉਣਾ ਚਾਹੁੰਦਾ ਹੈ। ਸਾਡੇ ਨੇਤਰ ਸਿੰਮੇ ਹੋ ਗਏ ਹਨ ਇਨ੍ਹਾਂ ਅੰਦਰ ਐਨਾ ਪਿਆਰ ਹੈ। ਦੱਸੋ ਅੱਖਰ 'ਚ ਸ਼ਕਤੀ ਹੈ, ਦੇਖਣ 'ਚ ਹੈ ਕਿ ਦਰਸ਼ਨ 'ਚ ਸ਼ਕਤੀ ਹੈ। ਭਾਈ! ਤੁਹਾਡੀ ਬਹੁਤ ਸਭਿਅਕ ਬੋਲੀ ਹੈ ਕਿਉਂਕਿ ਤੁਸੀਂ ਬਹੁਤ ਵਿਸ਼ੇਸ਼ਣ ਲਾ ਸਕਦੇ ਹੋ।

ਇਕ ਵੇਰਾਂ ਇਕ ਮਾਈ ਗੁਰੂ ਮਹਾਰਾਜ ਦੇ ਪਾਸ ਆ ਗਈ ਕਹਿਣ ਲੱਗੀ, "ਮਹਾਰਾਜ! ਤੁਸੀਂ ਪਤਿਤ ਮੈਂ ਪਤਿਤ ਪਾਵਨ, ਤੁਸੀਂ ਦੀਨ ਮੈਂ ਦੀਨ ਦਇਆਲ। ਸਿੰਘ ਕਹਿਣ ਲੱਗੇ, "ਮਾਈ! ਤੂੰ ਤਾਂ ਉਲਟਾ ਬੋਲ ਰਹੀ ਹੈਂ। ਗੁਰੂ ਮਹਾਰਾਜ ਨੇ ਕਿਹਾ ਨਹੀਂ ਭਾਈ! 'ਜੇ ਬਾਹਰੋਂ ਭੁੱਲ ਚੁਕ ਬੋਲਦੇ ਭੀ ਖਰੇ ਹਰਿ ਭਾਣੇ' ਇਹ ਪਿਆਰ ਦੇ ਨਾਲ ਕਹਿ ਰਹੀ ਹੈ ਇਸ ਨੂੰ ਦੋਵਾਂ ਦੇ ਅਰਥਾਂ ਦਾ ਪਤਾ ਨਹੀਂ, ਇਸ ਨੇ ਕਿਸੇ ਪਾਸੋਂ ਸੁਣੇ ਹੋਏ ਹਨ।

ਇਕ ਵਾਰੀ ਤੁਹਾਡੇ ਬੀਜੀ ਕਹਿਣ ਲੱਗੇ, ਮੈਨੂੰ ਜਾਪੁ ਸਾਹਿਬ ਦੇ ਅਰਥ ਸਮਝ ਨਹੀਂ ਆਉਂਦੇ। ਮੈਂ ਕਿਹਾ ਤੁਸੀਂ ਅਰਥ ਸਮਝ ਕੇ ਕੀ ਲੈਣੈ। ਇਹ ਵਾਹਿਗੁਰੂ ਦੀ ਸਿਫਤ ਹੈ, ਉਸ ਨੂੰ ਆਪੇ ਹੀ ਪਤਾ ਹੈ ਅਸੀਂ ਕੀ ਕਹਿ ਰਹੇ ਹਾਂ। ਆਪਾਂ ਉਸ ਦੇ ਪਿਆਰ ਦੇ ਨਾਲ ਹਿਰਦਾ ਜੋੜ ਲਓ, ਜਿਹੜੇ ਅੱਖਰ ਨੇ ਉਹ ਆਪੇ ਜਾਣਦਾ ਹੈ ਕਿ ਕੀ ਕਹਿ ਰਹੇ ਹਾਂ। ਗਾਲ ਤਾਂ ਉਸ ਨੂੰ ਹੀ ਲੱਗਦੀ ਹੈ ਜਿਹੜਾ ਸਮਝਦਾ ਹੋਵੇ। ਜਿਹੜਾ ਸਮਝੇ ਹੀ ਨਾ ਉਸ ਨੂੰ ਗਾਲ ਕੀ ਲੱਗਣੀ ਹੈ। ਪਿਆਰ ਉਸ ਨੂੰ ਹੀ ਲਗਦੈ ਜਿਹੜਾ ਪਿਆਰ ਸਮਝਦਾ ਹੈ।

ਸੋ ਧੰਨਾ ਬੈਠਾ ਹੈ ਕਿ ਹੁਣ ਠਾਕੁਰ ਰੋਟੀ ਖਾਣਗੇ ਕਾਫੀ ਦੇਰ ਲੰਘ ਗਈ ਤੇ ਬਾਰ-ਬਾਰ ਕਹਿੰਦਾ ਹੈ ਕਿ ਮਹਾਰਾਜ ਖਾ ਲਓ, ਸੋਚਣ ਲੱਗਿਆ ਸ਼ਾਇਦ ਇਹ ਮੇਰੀਆਂ ਮਿੱਸੀਆਂ ਰੋਟੀਆਂ ਨਾ ਖਾਂਦੇ ਹੋਣ ਤੇ ਹੋਰ ਕੁਝ ਖਾਂਦੇ ਹੋਣ। ਪੰਡਤ ਜੀ ਨੇ ਤਾਂ ਮੈਨੂੰ ਦਸਿਆ ਨਹੀਂ ਕਿ ਇਹ ਕੀ ਖਾਂਦੇ ਹੁੰਦੇ ਨੇ। ਇਕ ਘੰਟਾ ਬੀਤ ਗਿਆ, ਦੋ ਘੰਟੇ ਬੀਤ ਗਏ, ਸੋਚਣ ਲੱਗਿਆ ਰੋਟੀ ਤਾਂ ਠੰਢੀ ਹੋ ਗਈ। ਫੇਰ ਚਲਿਆ ਗਿਆ, ਫੇਰ ਗਰਮ ਪ੍ਰਸ਼ਾਦਾ ਲਾਹ ਕੇ ਲਿਆਇਆ। ਇਸ ਤਰ੍ਹਾਂ ਬਾਰ-ਬਾਰ ਬੇਨਤੀ ਕਰਦੇ ਨੂੰ ਦਿਨ ਕਾਫੀ ਚੜ੍ਹ ਆਇਆ। ਖਿਆਲ ਆਇਆ ਕਿ ਪੰਡਤ ਦਾ ਪ੍ਰਸ਼ਾਦਾ ਤਾਂ ਛੇਤੀ ਹੀ ਖਾ ਲੈਂਦੇ ਸੀ, ਮੈਂ ਹਾਲੇ ਚਰ ਰਹੇ ਡੰਗਰਾਂ ਦੇ ਪੰਜ ਸੱਤ ਮੋੜੇ ਹੀ ਲਾਉਂਦਾ ਸੀ ਉਹ ਉਸੇ ਵੇਲੇ ਖਵਾ ਕੇ ਤੁਰ ਜਾਂਦਾ ਸੀ। ਉਹ ਦੁਧ ਵੀ ਤੇ ਹੋਰ ਚੀਜ਼ਾਂ ਵੀ ਲਿਆਉਂਦਾ ਸੀ ਪਰ ਮੈਨੂੰ ਤਾਂ ਬਨਾਉਣੀਆਂ ਨਹੀਂ ਆਉਂਦੀਆਂ। ਇਹ ਤਾਂ ਮੇਰੇ ਨਾਲ ਨਰਾਜ਼ ਹੋ ਗਏ ਤੇ ਰੋ ਰੋ ਕੇ ਪੁਛਦਾ ਹੈ ਕਿ ਹੇ ਪ੍ਰਭੂ! ਮੈਨੂੰ ਦੱਸ ਤਾਂ ਦਿਓ, ਬਹੁਤ ਵਿਰਲਾਪ ਕਰਦਾ ਹੈ ਤੇ ਬਾਰ ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਂ ਦੇਖੋ ਤੁਹਾਡੇ ਪੈਰੀਂ ਪੈਨਾਂ, ਤੁਸੀਂ ਮੰਨ ਜਾਵੋ। ਇਸ ਤਰ੍ਹਾਂ ਨਾਲ ਬੇਨਤੀਆਂ ਕਰਦਾ ਹੈ -

***ਧਾਰਨਾ - ਪੈਰੀਂ ਪੈ ਪੈ ਕੇ ਬਹੁਤ ਮਨਾਵੇ,***
***ਹੱਥ ਜੋੜ ਕਰੇ ਮਿੰਨਤਾਂ।***
***ਮੇਰੇ ਪਿਆਰੇ, ਬਈ ਹੱਥ ਜੋੜ ਕਰੇ ਮਿੰਨਤਾਂ।***
***ਪੈਰੀ ਪੈ ਪੈ ਕੇ ਬਹੁਤ ਮਨਾਵੇ..........।***

***ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਲੱਸੀ ਲੈ ਲਈ, ਰੋਟੀਆਂ ਲੈ ਲਈਆਂ ਤੇ ਠਾਕੁਰ ਦੇ ਅੱਗੇ ਰੱਖ ਦਿਤੀਆਂ ਤੇ ਹੱਥ ਜੋੜ ਕੇ, ਰੋ ਰੋ ਕੇ ਮਿੰਨਤਾਂ ਕਰਦਾ ਹੈ ਤੇ ਕਹਿੰਦਾ ਹੈ ਕਿ ਮਹਾਰਾਜ! ਮੈਂ ਤਾਂ ਤੜਕੇ ਹੀ ਰੋਟੀ ਖਾਂਦਾ ਹੁੰਦਾ ਸੀ ਮੈਨੂੰ ਵੀ ਭੁੱਖ ਲੱਗੀ ਹੋਈ ਹੈ, ਤੁਹਾਨੂੰ ਅਜੇ ਤੀਕਰ ਭੁੱਖ ਨਹੀਂ ਲੱਗੀ ਪ੍ਰਭੂ। ਚੰਗਾ, ਜਿੰਨਾ ਚਿਰ ਤੁਸੀਂ ਨਹੀਂ ਖਾਂਦੇ, 'ਹਉ ਭੀ ਮੂੰਹ ਨ ਜੁਠਾਲਸਾਂ' ਮੈਂ ਵੀ ਨਹੀਂ ਖਾਂਦਾ, 'ਤੂੰ ਰੁਠਾ ਮੈਂ ਕਿਉਂ ਨਾ ਸੁਖਾਵੈ' ਮੈਨੂੰ ਤਾਂ ਇਉਂ ਲਗਦਾ ਹੈ ਕਿ ਤੁਸੀਂ ਮੇਰੇ ਨਾਲ ਗੁੱਸੇ ਹੋ ਗਏ ਹੋ, ਨਹੀਂ ਤਾਂ ਰੋਟੀ ਤੁਸੀਂ ਖਾ ਹੀ ਲੈਣੀ ਸੀ। ਸੱਚੇ ਪਾਤਸ਼ਾਹ! ਮੈਂ ਭੁੱਲਿਆ ਹੋਇਆ ਗਰੀਬ ਤੇ ਅਣਜਾਨ ਬੰਦਾ ਹਾਂ।

***ਧਾਰਨਾ - ਮੈਂ ਭੁੱਲਿਆ ਗਰੀਬ ਬਾਲ ਤੇਰਾ,***
***ਕਾਹਤੋਂ ਮੇਰੇ ਨਾਲ ਰੁਸਿਐਂ।***
***ਕਾਹਤੋਂ ਮੇਰੇ ਜੀ ਨਾਲ ਰੁਸਿਐਂ - 2, 2.***
***ਮੈਂ ਭੁੱਲਿਆ ਗਰੀਬ ਬਾਲ ਤੇਰਾ,.......।***

***ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਸੱਚੇ ਪਾਤਸ਼ਾਹ! ਤੁਸੀਂ ਰੁਸ ਗਏ। ਮੈਨੂੰ ਕੁਝ ਪਤਾ ਨਹੀਂ ਹੈ, ਪਰ ਅੱਜ ਤਾਂ ਤੁਸੀਂ ਰੋਟੀ ਖਾ ਲਵੋ। ਪ੍ਰਮੇਸ਼ਰ ਨੇ ਧੰਨੇ ਦੇ ਹਿਰਦੇ ਨੂੰ ਦੇਖਿਆ ਤੇ ਕਿਹਾ ਕਿ ਇਸਦੇ ਹਿਰਦੇ ਅੰਦਰ ਕੋਈ ਚਲਾਕੀ ਨਹੀਂ ਹੈ? ਇਸ ਦੇ ਹਿਰਦੇ ਵਿਚ ਭੋਲਾਪਨ ਹੈ।

ਸਾਧਸੰਗਤ ਜੀ! ਪ੍ਰਮੇਸ਼ਰ ਕੇਵਲ ਪਿਆਰ ਦਾ ਭੁੱਖਾ ਹੈ ਕਿਉਂਕਿ ਉਸ ਨੂੰ ਕੋਈ ਪਿਆਰ ਨਹੀਂ ਕਰਦਾ। ਸੰਸਾਰ ਦੇ ਅੰਦਰ ਦਿਤੀਆਂ ਹੋਈਆਂ ਚੀਜ਼ਾਂ ਨਾਲ ਸਾਰੇ ਪਿਆਰ ਕਰਦੇ ਹਨ -

***ਦਾਤਿ ਪਿਆਰੀ ਵਿਸਰਿਆ ਦਾਤਾਰਾ।। ਪੰਨਾ - 676***

ਜੇ ਕੋਈ ਉਸ ਨੂੰ ਪਿਆਰ ਕਰ ਲਵੇ, ਜਿਹੋ ਜਿਹੀ ਸ਼ਕਲ ਵਿਚ ਉਸ ਨੂੰ ਦੇਖਣਾ ਚਾਹੁੰਦਾ ਹੋਵੇ, ਉਹ ਪਿਆਰ ਵਸ ਆਇਆ ਹੋਇਆ ਉਹੋ ਜਿਹਾ ਹੀ ਰੂਪ ਬਣਾ ਲੈਂਦਾ ਹੈ। ਪ੍ਰਮੇਸ਼ਰ ਨੇ ਦੇਖਿਆ ਕਿ ਇਹ ਤਾਂ ਸੌ ਫੀ ਸਦੀ ਸੱਚੀ ਹੀ ਗੱਲ ਕਰ ਰਿਹਾ ਹੈ ਅਤੇ ਇਸ ਦੇ ਅੰਦਰ 0.00001 ਫੀ ਸਦੀ ਵੀ ਚਲਾਕੀ ਨਹੀਂ ਹੈ, ਭੋਲਾ ਭਾਇ ਹੈ -

***ਭੋਲਾ ਭਾਉ ਗੋਬਿੰਦੁ ਮਿਲਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਪ੍ਰਮੇਸ਼ਰ ਪ੍ਰਗਟ ਹੋ ਗਿਆ, ਆ ਕੇ ਸਾਮ੍ਹਣੇ ਬਹਿ ਗਿਆ, ਹੱਸਣ ਲੱਗ ਪਿਆ। ਕਹਿਣ ਲੱਗਿਆ, "ਧੰਨਿਆ! ਰੋਂਦਾ ਕਿਉਂ ਹੈਂ? ਧੰਨਾ ਹੈਰਾਨ ਹੋ ਗਿਆ, ਉਚੀ ਉਚੀ ਡਾਂਡਾਂ ਮਾਰ ਕੇ ਰੋਣ ਲਗ ਗਿਆ। ਪ੍ਰਮੇਸ਼ਰ ਕਹਿਣ ਲੱਗੇ ਕਿ ਹੁਣ ਤਾਂ ਮੈਂ ਆ ਗਿਆ ਹੁਣ ਤਾਂ ਬਸ ਕਰ। ਕਹਿਣ ਲੱਗਿਆ, "ਪ੍ਰਭੂ! ਮੇਰੀ ਤਾਂ ਤੁਸੀਂ ਬੱਸ ਕਰਾ ਦਿਤੀ ਮੈਂ ਤਾਂ ਸਵੇਰੇ ਦਾ ਬੇਨਤੀਆਂ ਕਰ ਕਰ ਕੇ ਰੋਂਦਾ ਹਾਂ ਤੇ ਪੰਡਤ ਦੀ ਰੋਟੀ ਤਾਂ ਤੁਸੀਂ ਛੇਤੀ ਹੀ ਖਾ ਲੈਂਦੇ ਹੋ।" ਪ੍ਰਭੂ ਕਹਿਣ ਲੱਗੇ, "ਧੰਨਿਆ! ਤੇਰੇ ਨਾਲ ਧੋਖਾ ਕਰਿਆ ਹੈ ਪੰਡਤ ਨੇ, ਕਿ ਮੈਂ ਰੋਟੀ ਖਾਂਦਾ ਹਾਂ, ਕਦੇ ਪੱਥਰ ਵੀ ਰੋਟੀ ਖਾਂਦੇ ਹੁੰਦੇ ਨੇ? ਮੈਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਤੇਰੀ ਭਾਵਨਾ ਤੇ ਰੀਝ ਗਿਆ। ਸ੍ਰਿਸ਼ਟੀ ਦੇ ਅੰਦਰ ਮੇਰੇ ਲਈ

**(ਬਾਕੀ ਪੰਨਾ 54 ਤੇ)**



Sri Satguru Jagjit Singh Ji eLibrary NamdhariElibrary@gmail.com

# ਕਿਵ ਸਚਿਆਰਾ ਹੋਈਐ ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 32 )*

**ਸ੍ਰੀ ਗੁਰੂ ਨਾਨਕ ਦੇਵ ਜੀ ਬਗਦਾਦ ਵਿਚ**

ਇਹ ਡਰ ਪੈਦਾ ਕਰਨ ਵਾਲੀ ਹੈ, ਦਾਵਾ ਕਰਦੇ ਹਨ ਕਿ ਗੁਰੂ ਸਾਹਿਬ ਤਾਂ ਕਿਸੇ ਨੂੰ ਡਰਾਉਂਦੇ ਹੀ ਨਹੀਂ ਸਨ। ਇਹ ਆਪੋ ਆਪਣੇ ਵਿਕਲੋਤਰੇ ਖਿਆਲ ਹਨ ਪਰ ਜੋ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ, ਵੇਦਾਂ ਸਾਸ਼ਤਰਾਂ ਦਾ ਮਤ ਹੈ, ਕੁਰਾਨ ਸਰੀਫ, ਬਾਈਬਲ ਦਾ ਮਤ ਹੈ, ਉਸ ਵਿਚ ਜਿੰਨਾਂ-ਜਿੰਨਾਂ ਕਿਸੇ ਨੇ ਦੇਖਿਆ ਉਨਾਂ-ਉਨਾਂ ਹੀ ਉਸ ਨੇ ਲਿਖ ਦਿਤਾ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***
***ਤੁਮਰਾ ਲਖਾ ਨ ਜਾਇ ਪਸਾਰਾ॥***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*** **ਚੌਪਈ**

ਪਰ ਜਦੋਂ ਅਸੀਂ ਤੱਥਾਂ ਨੂੰ ਵਿਚਾਰ ਦੀ ਕਸਵੱਟੀ ਤੇ ਪਰਖਦੇ ਹਾਂ ਤਾਂ ਬਹੁਤ ਗੁਪਤ ਗੱਲਾਂ ਸਾਮ੍ਹਣੇ ਆ ਜਾਇਆ ਕਰਦੀਆਂ ਹਨ ਜਿਵੇਂ ਕਿ ਇਸਲਾਮ ਵਾਲੇ ਆਵਾਗੌਣ ਨੂੰ ਨਹੀਂ ਮੰਨਦੇ। ਉਨ੍ਹਾਂ ਦਾ ਖਿਆਲ ਹੈ ਕਿ ਰੂਹਾਂ ਕਬਰਾਂ ਵਿਚ ਹੀ ਪਈਆਂ ਰਹਿੰਦੀਆਂ ਹਨ, ਕਿਆਮਤ ਵਾਲੇ ਦਿਨ ਇਕ ਨਰਸਿੰਗਾ (ਤੁਰੀ) ਵਜੇਗਾ। ਉਸ ਵੇਲੇ ਮਿੱਟੀ ਵਿਚੋਂ ਸਰੀਰ ਮੁੜ ਕੇ ਸੁਰਜੀਤ ਹੋ ਜਾਣਗੇ। ਫੇਰ ਉਹ ਰੂਹਾਂ ਖੁਦਾ ਪਾਸ ਹਾਜ਼ਰ ਹੋਣਗੀਆਂ, ਪਾਪੀਆਂ ਨੂੰ ਨਰਕਾਂ ਵਿਚ ਸੁੱਟ ਦਿਤਾ ਜਾਵੇਗਾ ਅਤੇ ਜਿਨ੍ਹਾਂ ਨੇ ਨੇਕ ਕੰਮ ਕੀਤੇ ਹਨ ਉਨ੍ਹਾਂ ਨੂੰ ਬਹਿਸ਼ਤਾਂ ਵਿਚ ਥਾਂ ਮਿਲੇਗਾ, ਇਹ ਆਮ ਮਤ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਬਗਦਾਦ ਵਿਚ ਗਏ ਤਾਂ ਉਸ ਵੇਲੇ ਆਪ ਨੇ ਜਪੁਜੀ ਸਾਹਿਬ ਅਨੁਸਾਰ ਬੋਲਿਆ -

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*** ***ਪੰਨਾ - 5***

ਉਸ ਵੇਲੇ ਬਗਦਾਦ ਦਾ ਪੀਰ ਦਸਤਗੀਰ ਜੋ ਬਹੁਤ ਹੀ ਸ਼ਕਤੀਆਂ ਵਾਲਾ ਤੇ ਕਰਾਮਾਤਾਂ ਵਾਲਾ ਸੀ, ਉਸ ਤੋਂ ਸਾਰੇ ਡਰਦੇ ਸਨ, ਉਸ ਦੇ ਇਕ ਮੁਰੀਦ ਨੇ ਜਾ ਕੇ ਕਿਹਾ ਕਿ ਪੀਰ ਜੀ, ਇਕ ਹਿੰਦੀ ਪੀਰ ਦਰਿਆ ਦੇ ਕੰਢੇ ਬੈਠਾ ਹੈ, ਮੈਂ ਵੀ ਦਰਿਆ ਵਿਚ ਗੁਸਲ (ਇਸ਼ਨਾਨ) ਕੀਤਾ ਉਸ ਨੇ ਵੀ ਦਰਿਆ ਵਿਚ ਗੁਸਲ (ਇਸ਼ਨਾਨ) ਕੀਤਾ। ਉਸ ਨੇ ਕੁਫਰ ਦੀਆਂ ਕਲਾਮਾਂ ਪੜ੍ਹੀਆਂ। ਉਸ ਨੇ ਕਿਹਾ ਹੈ ਨਾ ਪਾਤਾਲਾਂ ਦਾ ਕੋਈ ਅੰਤ ਹੈ, ਨਾ ਦੁਨੀਆਂ ਦਾ ਕੋਈ ਅੰਤ ਹੈ। ਆਪਣੇ ਮਤ ਵਿਚ ਹੈ ਕਿ ਸੱਤ ਪਾਤਾਲ, ਸੱਤ ਆਕਾਸ਼ ਹਨ। ਪੀਰ ਦਸਤਗੀਰ ਸੁਣਦੇ ਸਾਰ ਕ੍ਰੋਧਿਤ ਹੋ ਗਿਆ। ਉਸ ਨੇ ਬਗਦਾਦ ਦੇ ਸਾਰੇ ਧਾਰਮਕ ਆਗੂ ਬੁਲਾ ਲਏ ਅਤੇ ਉਸ ਨੇ ਕਿਹਾ ਕਿ ਅੱਜ ਬਗਦਾਦ ਸ਼ਹਿਰ ਵਿਚ ਕੁਫਰ ਦੀ ਅਵਾਜ਼ ਬੁਲੰਦ ਹੋਈ ਹੈ। ਕੋਈ ਹਿੰਦੀ ਪੀਰ ਜੋ ਇਸਲਾਮ ਦਾ ਅਨੁਆਈ ਨਹੀਂ ਲਗਦਾ, ਕੁਫਰ ਬੋਲ ਕੇ ਕਹਿ ਰਿਹਾ ਹੈ ਕਿ ਨਾ ਪਾਤਾਲਾਂ ਦਾ ਅੰਤ ਹੈ, ਨਾ ਅਕਾਸ਼ਾਂ ਦਾ ਕੋਈ ਅੰਤ ਹੈ। ਵੇਦ ਕਤੇਬ ਸਭ ਭਾਲ ਕੇ ਥੱਕ ਗਏ ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ। ਮੈਂ ਫਤਵਾ ਦਿੰਦਾ ਹਾਂ ਕਿ ਇਸ ਫਕੀਰ ਨੂੰ ਸਾਥੀ ਸਮੇਤ ਸੰਗਸਾਰ ਕਰਕੇ (ਪੱਥਰ ਮਾਰ ਕੇ) ਪੱਥਰਾਂ ਹੇਠ ਦੱਬ ਦੇਵੋ। ਸਾਰੇ ਸ਼ਹਿਰ ਨੂੰ ਮਜ਼ਹਬੀ ਹੁਕਮ ਹੋ ਗਿਆ। ਹੁਣ ਪਿਛੇ ਕੋਈ ਰਹਿ ਹੀ ਨਹੀਂ ਸੀ ਸਕਦਾ। ਸਾਰਾ ਸ਼ਹਿਰ ਹੱਥਾਂ ਵਿਚ ਪੱਥਰ ਚੁਕੀਂ ਉਸ ਥਾਂ ਨੂੰ ਚਲਿਆ ਆ ਰਿਹਾ ਹੈ ਜਿਥੇ ਗੁਰੂ ਨਾਨਕ ਪਾਤਸ਼ਾਹ ਤੇ ਮਰਦਾਨਾ ਬੈਠੇ ਹੋਏ ਹਨ। ਮਰਦਾਨਾ ਕੀਰਤਨ ਕਰ ਰਿਹਾ ਹੈ ਅਤੇ ਗੁਰੂ ਨਾਨਕ ਪਾਤਸ਼ਾਹ ਆਪਣੀ ਸਹਿਜ ਸਮਾਧ ਵਿਚ ਲੀਨ ਹਨ। ਮਰਦਾਨੇ ਦੀ ਨਿਗ੍ਹਾ ਉਨ੍ਹਾਂ ਪੱਥਰ ਮਾਰਨ ਵਾਲਿਆਂ ਵਲ ਪੈ ਗਈ। ਉਹ ਕਾਹਲੀ ਨਾਲ ਅੱਗੇ ਵਧ ਰਹੇ ਸਨ। ਕਈ ਤਾਂ ਨੱਠ-ਨੱਠ ਕੇ ਆ ਰਹੇ ਸਨ। ਬੜਾ ਭਿਆਨਕ ਰੂਪ ਧਾਰਿਆ ਹੋਇਆ ਸੀ। ਜਦੋਂ ਮਜ਼ਹਬੀ ਬੰਦੇ ਨੂੰ ਮਜ਼ਹਬ ਦੇ ਅਧਾਰ ਤੇ ਕ੍ਰੋਧ ਆ ਜਾਵੇ ਤਾਂ ਉਹ ਵੱਡੇ ਤੋਂ ਵੱਡਾ ਗੁਨਾਹ ਭਰਿਆ ਕਰਮ ਕ੍ਰੋਧ ਵਿਚ ਆ ਕੇ ਕਰ ਦਿੰਦਾ ਹੈ। ਮਹਾਂ ਭਿਆਨਕ ਪਾਪ ਨੂੰ ਮਜ਼ਹਬ ਦੇ ਨਾਮ ਤੇ ਪੁੰਨ ਕਰਮ ਕਹਿੰਦਾ ਹੈ। ਇਹ ਸਾਰੇ ਮਜ਼ਹਬਾਂ ਵਿਚ ਆਮ ਗੱਲ ਹੈ। ਮਰਦਾਨੇ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ! ਬਗਦਾਦ ਸ਼ਹਿਰ ਵਲੋਂ ਲੋਕ ਬਹੁਤ ਵੱਡੀ ਗਿਣਤੀ ਵਿਚ ਆ ਰਹੇ ਹਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਚੁੱਕੇ ਹੋਏ ਪੱਥਰ ਮੈਨੂੰ ਸਾਫ ਨਜ਼ਰ ਆ ਰਹੇ ਹਨ। ਮੈਨੂੰ ਲਗਦਾ ਹੈ ਕੋਈ ਸੰਕਟ ਖੜ੍ਹਾ



Sri Satguru Jagjit Singh Ji eLibrary NamdhariElibrary@gmail.com

ਕਰਨਗੇ। ਆਪਾਂ ਨੂੰ ਵੀ ਕੋਈ ਬਚਾਓ ਦਾ ਸਾਧਨ ਸੋਚਣਾ ਚਾਹੀਦਾ ਹੈ। ਉਸ ਵੇਲੇ ਗੁਰੂ ਮਹਾਰਾਜ ਨੇ ਉਸ ਆ ਰਹੇ ਇਕੱਠ ਨੂੰ ਦੇਖਿਆ, ਜਦੋਂ ਨੇੜੇ ਆ ਗਿਆ ਤਾਂ ਗੁਰੂ ਮਹਾਰਾਜ ਨੇ ਖੜ੍ਹੇ ਹੋ ਕੇ ਉਚੀ ਅਵਾਜ਼ ਵਿਚ 'ਸਤਿ ਸ੍ਰੀ ਅਕਾਲ ਗੁਰਬਰ ਅਕਾਲ' ਦੀ ਬਾਂਗ ਦਿਤੀ। ਬੋਲ ਵਿਚ ਐਨਾ ਜ਼ੋਰ ਸੀ ਕਿ ਜਿਸ ਦੇ ਵੀ ਕੰਨਾਂ ਰਾਹੀਂ ਹੋ ਕੇ ਦਿਮਾਗ ਵਿਚ ਪਹੁੰਚਿਆ, ਉਹ ਜੜ੍ਹ ਬਣ ਗਿਆ, ਪੀਰ ਦਸਤਗੀਰ ਵੀ ਆ ਗਿਆ। ਉਹ ਮਸ਼ਹੂਰ ਕਰਾਮਾਤੀ ਪੀਰ ਸੀ। ਉਸ ਨੇ ਆਪਣੀਆਂ ਕਰਾਮਾਤੀ ਸ਼ਕਤੀਆਂ ਵਰਤ ਕੇ ਜੜ੍ਹਤਾ ਨੂੰ ਦੂਰ ਕਰਨ ਦਾ ਯਤਨ ਕੀਤਾ। ਪਰ ਉਸ ਤੋਂ ਕੁਝ ਵੀ ਨਾ ਬਣ ਸਕਿਆ। ਜਦੋਂ ਸ਼ਕਤੀਆਂ ਦੇ ਮਾਮਲੇ ਵਿਚ ਹਾਰ ਗਿਆ ਉਸ ਵੇਲੇ ਮਨ ਵਿਚ ਆਈ ਕਿ ਹੁਣ ਇਸ ਦਰਵੇਸ਼ ਦੇ ਕੋਲ ਰਹਿਮ ਕਰਨ ਦੀ ਦੁਆ ਤੋਂ ਬਿਨਾਂ ਕੋਈ ਚਾਰਾ ਨਹੀਂ। ਸਾਰਾ ਸ਼ਹਿਰ ਜੜ੍ਹ ਹੋ ਕੇ ਇਥੇ ਹੀ ਖੜ੍ਹਾ ਸੁਕ ਜਾਵੇਗਾ। ਉਸ ਵੇਲੇ ਸਾਰੀਆਂ ਸ਼ਕਤੀਆਂ ਦੇ ਗੁਬਾਰ ਦਾ ਉਬਾਲਾ ਉਤਰ ਗਿਆ। ਗੁਰੂ ਨਾਨਕ ਦੇ ਚਰਨਾਂ ਤੇ ਸਿਜਦਾ ਕੀਤਾ ਅਤੇ ਕਿਹਾ ਕਿ ਵਲੀ ਅੱਲਾਹ! ਬੜੀ ਗੁਸਤਾਖੀ ਹੋਈ ਹੈ, ਆਪ ਨੂੰ ਨਾ ਪਹਿਚਾਨਦੇ ਹੋਏ ਮੈਂ ਹੀ ਹੁਕਮ ਦਿਤਾ ਸੀ ਕਿ ਇਨ੍ਹਾਂ ਕੁਫਰ ਗੋ (ਝੂਠ ਬੋਲਣ ਵਾਲੇ) ਦਰਵੇਸਾਂ ਨੂੰ ਸੰਗਸਾਰ ਕਰਕੇ ਮਾਰ ਦੇਵੋ। ਮੇਰੇ ਤੋਂ ਬਹੁਤ ਵੱਡੀ ਭੁੱਲ ਹੋਈ ਹੈ, ਆਪ ਰਹਿਮ ਦੇ ਘਰ ਵਿਚ ਆਵੋ; ਇਨ੍ਹਾਂ ਦੀ ਜੜ੍ਹਤਾ ਦੂਰ ਕਰੋ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪੀਰ ਜੀ! ਜੇ ਖਿਆਲਾਂ ਦੀ ਵਿਰੋਧਤਾ ਹੋਵੇ ਤਾਂ ਉਹ ਵਿਰੋਧਤਾ ਪ੍ਰਸਪਰ ਗੱਲਬਾਤ, ਪ੍ਰਸਪਰ ਵਿਚਾਰ ਨਾਲ ਦੂਰ ਹੋ ਸਕਦੀ ਹੈ ਪਰ ਤੁਸੀਂ ਤਾਂ ਅਭਿਮਾਨ ਦੇ ਭਰੇ ਹੋਏ ਹੋਣ ਕਰਕੇ ਇਕ ਦਮ ਐਨੇ ਕ੍ਰੋਧ ਵਿਚ ਆ ਗਏ ਕਿ ਬਗੈਰ ਕੋਈ ਗੱਲ ਕੀਤਿਆਂ ਤੇ ਕਹਿ ਦਿਤਾ ਕਿ ਇਨ੍ਹਾਂ ਨੂੰ ਮਾਰ ਦਿਤਾ ਜਾਵੇ। ਤੁਸੀਂ ਬੈਠੋ, ਇਨ੍ਹਾਂ ਨੂੰ ਵੀ ਕਹੋ, ਸਾਰੇ ਬੈਠ ਜਾਣ। ਹੁਣ ਬਚਨ ਕਰੋ, ਕਿਸ ਗੱਲ ਤੋਂ ਆਪ ਐਨੇ ਨਿਰਾਸ਼ ਹੋਏ ਅਤੇ ਸ਼ੈਤਾਨ ਦੇ ਗਲਬੇ ਵਿਚ ਆਏ?

ਉਸ ਵੇਲੇ ਉਸ ਨੇ ਕਿਹਾ ਕਿ ਹੇ ਨਾਨਕ ਪੀਰ! ਇਸਲਾਮ ਵਿਚ ਸੱਤ ਪਾਤਾਲ, ਸੱਤ ਅਕਾਸ਼ ਯਾਨੀ ਚੌਦਾਂ ਤਬਕ ਮੰਨੇ ਹੋਏ ਹਨ। ਹਿੰਦੂ ਵੀ ਇਸੇ ਤਰ੍ਹਾਂ ਨਾਲ ਆਖਦੇ ਹਨ, ਈਸਾਈ ਵੀ ਇਸੇ ਤਰ੍ਹਾਂ ਕਹਿੰਦੇ ਹਨ। ਪਰ ਆਪ ਨੇ ਜੋ ਲੱਖਾਂ ਪਾਤਾਲਾਂ, ਲੱਖਾਂ ਅਕਾਸ਼ਾਂ ਦੀ ਖਬਰ ਦਿਤੀ ਹੈ ਉਸ ਦਾ ਅਧਾਰ ਕੀ ਹੈ? ਆਪ ਨੇ ਕਿਹਾ, "ਪੀਰ ਜੀ! ਅੱਲਾਹ ਤਾਲਾਹ ਦੀ ਰਹਿਮਤ ਬੇਅੰਤ ਹੈ, ਉਸ ਦੀ ਰਹਿਮਤ ਦੀ ਕੋਈ ਕੀਮਤ ਨਹੀਂ ਪਾ ਸਕਦਾ। ਇਕਨਾਂ ਨੂੰ ਉਸ ਨੇ ਲੱਖਾਂ ਪਾਤਾਲ ਦੇਖਣ ਦੀ ਸਮਰਥਾ ਦਿਤੀ ਹੈ, ਇਕਨਾਂ ਨੂੰ 14 ਤਬਕ ਹੀ ਦੇਖਣ ਦੀ ਸਮਰਥਾ ਦਿਤੀ ਹੈ। 14 ਤਬਕਾਂ ਦੀ ਖਬਰ ਦੇਣ ਵਾਲਿਆਂ ਨੂੰ ਅਸੀਂ ਬੁਰਾ ਨਹੀਂ ਮੰਨਦੇ ਪਰ ਉਹ ਉਨ੍ਹਾਂ ਨੇ ਜਿੰਨਾਂ ਜਾਣਿਆ ਹੈ ਉਸ ਉਪਰ ਅਕੀਦਾ (ਭਰੋਸਾ) ਕਰਕੇ ਮੰਨੀ ਜਾ ਰਹੇ ਹਨ। ਜੇ ਉਨ੍ਹਾਂ ਨੂੰ ਇਸ ਤੋਂ ਉਪਰ ਨਿਗ੍ਹਾ ਮਿਲੀ ਹੁੰਦੀ ਤਾਂ ਉਹ ਜ਼ਰੂਰ ਇਸ ਤੋਂ ਉਪਰਲੀ ਗਿਣਤੀ ਨੂੰ ਸਵੀਕਾਰ ਕਰਦੇ।" ਪੀਰ ਨੇ ਕਿਹਾ ਕਿ ਹੇ ਨਾਨਕ ਜੀ! ਅਸਾਡਾ ਮਨ ਇਸ ਪ੍ਰਚਲਤ ਹੋਈ ਗੱਲ ਤੋਂ ਉਪਰ ਉਠ ਕੇ ਤਾਂ ਹੀ ਮੰਨ ਸਕਦਾ ਹੈ ਜੇ ਤੁਸੀਂ ਸਾਨੂੰ ਲੱਖਾਂ ਪਾਤਾਲ ਤੇ ਅਕਾਸ਼ ਦਿਖਾ ਦੇਵੋਂ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਪੀਰ ਜੀ! ਆਓ ਸਾਡੇ ਨਾਲ ਤੁਹਾਨੂੰ ਵਿਸ਼ਾਲ ਕੁਦਰਤ ਦਾ ਅਨੁਭਵ ਕਰਾਈਏ। ਪੀਰ ਨੇ ਕਿਹਾ, ਮੈਂ ਤਾਂ ਬੁੱਢਾ ਹੋ ਚੁੱਕਿਆ ਹਾਂ, ਮੇਰਾ ਲੜਕਾ ਬਹਿਲੌਲ ਹਰ ਤਰ੍ਹਾਂ ਕਾਬਲ ਹੈ ਜੋ ਕਦੇ ਵੀ ਕੁਫਰ ਨਹੀਂ ਬੋਲਦਾ। ਉਸ ਨੂੰ ਤੁਸੀਂ ਨਾਲ ਲਿਜਾ ਸਕਦੇ ਹੋ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਆਪਣੇ ਨਾਲ ਲਿਆ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ –

***ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ।***
***ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।***
***ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।***
***ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।***
***ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।***
***ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਹਾਨਾ?***
***ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।***
***ਧਰਤਿ ਆਕਾਸ ਚਹੂਦਿਸ ਜਾਨਾ॥***

***ਭਾਈ ਗੁਰਦਾਸ ਜੀ, ਵਾਰ 1/35***

ਗੁਰੂ ਨਾਨਕ ਪਾਤਸ਼ਾਹ ਜੀ ਨੇ ਜੋ ਲੱਖਾਂ ਪਾਤਾਲ, ਲੱਖਾਂ ਅਕਾਸ਼ ਅੱਖ ਫਰਕਣ ਜਿੰਨੇ ਚਿਰ ਵਿਚ ਦਿਖਾ ਦਿਤੇ, ਉਸ ਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।***
***ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।***
***ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ।***
***ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।***
***ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ।***
***ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।***
***ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।***
***ਜਾਹਰ ਕਲਾ ਨ ਛਪੈ ਛਪਾਈ।*** ***ਭਾਈ ਗੁਰਦਾਸ ਜੀ, ਵਾਰ 1/36***

ਇਸ ਤਰ੍ਹਾਂ ਦੇ ਨਾਲ ਪੀਰ ਨੂੰ ਲੱਖਾਂ ਪਾਤਾਲਾਂ ਤੇ ਲੱਖਾਂ ਅਕਾਸ਼ਾਂ ਦੀ ਖਬਰ ਦਿਤੀ।

ਸੋ ਇਸ ਤਰ੍ਹਾਂ ਜਿੰਨਾਂ ਕੁ ਕਿਸੇ ਨੇ ਜਾਣਿਆ ਹੈ ਉਨੀਂ ਕੁ ਸਚਾਈ ਨੂੰ ਪ੍ਰਗਟ ਕਰ ਦਿਤਾ ਹੈ। ਜੇ ਇਸਲਾਮ ਵਿਚ ਕਿਹਾ ਜਾਂਦਾ ਹੈ ਕਿ ਰੂਹਾਂ ਕਬਰਾਂ ਵਿਚ ਬੈਠ ਜਾਂਦੀਆਂ ਹਨ, ਉਥੋਂ ਤਕ ਇਹ ਸਤਿ ਹੈ ਪਰ ਜਿਨ੍ਹਾਂ ਨੇ ਅੱਗੇ ਦੇਖਿਆ ਹੈ ਉਨ੍ਹਾਂ ਨੇ ਅਗਲੀ ਗੱਲ ਖੋਲ੍ਹ ਕੇ ਸੁਣਾ ਦਿਤੀ ਕਿ ਜੀਵ ਦੇ ਨਾਲ ਕੀ ਵਰਤਦਾ ਹੈ, ਰੂਹ ਕਿਥੇ ਜਾਂਦੀ ਹੈ, ਉਹ ਕਿਸ ਤਰ੍ਹਾਂ ਚੱਕਰ ਖਾਂਦੀ ਹੈ, ਕਿਸ ਤਰ੍ਹਾਂ ਨਖਿੱਧ ਜੂਨੀਆਂ ਦੇ ਸਰੀਰ ਧਾਰਨ ਕਰਦੀ ਹੈ।

ਬਹੁਤ ਸਾਰੀਆਂ ਉਦਾਹਰਣਾਂ ਹਨ ਜਿਥੇ ਬੱਚਿਆਂ ਨੇ ਆਪਣੇ ਪੁਰਾਣਿਆਂ ਜਨਮਾਂ ਦੀਆਂ ਖਬਰਾਂ ਦੇ ਕੇ ਉਹ ਥਾਂ ਦਸ ਦਿਤੇ। ਉਸ ਥਾਂ ਲਿਜਾ ਕੇ ਉਹ ਗੱਲ ਸਾਬਤ ਕਰ ਦਿਤੀ। ਇਥੇ ਮੈਂ ਆਪ ਨੂੰ ਉਹ ਗੱਲਾਂ ਨਹੀਂ ਦਸ ਰਿਹਾ ਕਿਉਂਕਿ ਸਮੇਂ ਦਾ ਧਿਆਨ ਕਰਨਾ ਪੈਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਆਖਰੀ ਦੀਵਾਨ ਹੋਣ ਕਰਕੇ ਸਮੇਂ ਦਾ ਵੀ ਧਿਆਨ ਰਖਣਾ ਹੈ ਪਰ ਇਹੀ ਬਚਨ ਹੋਰ ਦੀਵਾਨਾਂ ਵਿਚ ਖੋਲ੍ਹ ਕੇ ਦੱਸੇ ਹਨ ਜਿਸ ਤਰ੍ਹਾਂ cold drinks ਦੇ ਵੱਡੇ ਵਪਾਰੀ ਮੋਹਨ ਲਾਲ ਦੇ ਬਾਰੇ ਦਸਿਆ ਗਿਆ ਸੀ। 1958 ਵਿਚ ਉਹ ਮਰਨ ਉਪਰੰਤ ਬਦਾਇਉਂ ਇਕ ਮਾਸਟਰ ਜੀ ਦੇ ਘਰ ਪੈਦਾ ਹੋਇਆ। ਮਾਸਟਰ ਜੀ ਝੌਂਪੜੀ ਵਿਚ ਰਿਹਾ ਕਰਦੇ ਸਨ, ਗਰੀਬ ਸਨ। ਉਸ ਬੱਚੇ ਨੇ ਕਹਿਣਾ ਕਿ ਮੈਂ ਤਾਂ ਮੁਰਾਦਾਬਾਦ ਰਹਿੰਦਾ ਸੀ, ਇਥੇ ਮੈਨੂੰ ਇਹ ਕਿਉਂ ਲੈ ਆਏ। ਅਖੀਰ ਉਸ ਨੂੰ ਮੁਰਾਦਾਬਾਦ ਲੈ ਆਏ ਉਥੇ ਉਸ ਨੇ ਆਪਣੇ ਪਿਛਲੇ ਜਨਮ ਦੇ ਸਾਰੇ ਮਿਤਰਾਂ ਨਾਲ ਮਿਲਾਪ ਕੀਤਾ ਅਤੇ ਫੇਰ ਆਪਣੇ ਘਰ ਜਾ ਕੇ ਆਪਣੇ ਪਰਿਵਾਰ ਨੂੰ ਮਿਲਿਆ। ਦੂਸਰੇ ਦਿਨ ਟਾਊਨ ਹਾਲ ਵਿਚ ਬਹੁਤ ਵੱਡਾ ਇਕੱਠ ਹੋਇਆ ਅਤੇ ਉਸ ਬੱਚੇ ਨੇ ਆਪਣੇ ਪਿਛਲੇ ਜਨਮ ਦੀਆਂ ਸਾਰੀਆਂ ਗੱਲਾਂ ਦਸ ਦਿਤੀਆਂ। ਸੋ ਇਸ ਤਰ੍ਹਾਂ ਨਾਲ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ ਜਿਸ ਤੋਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਜਿਵੇਂ ਦੀਵਾ ਤੇਲ ਮੁਕਣ ਤੇ ਬੁਝ ਜਾਂਦਾ ਹੈ, ਉਹ ਜਾਂਦਾ ਆਉਂਦਾ ਕਿਤੇ ਨਹੀਂ ਇਹ ਗਲਤ ਅਨੁਭਵ ਹੈ। ਜੀਵ ਆਪਣੇ ਕਰਮਾਂ ਦੇ ਅਨੁਸਾਰ 84 ਲੱਖ ਜੂਨਾਂ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਅਨੁਭਵੀ ਮਹਾਂਪੁਰਸ਼ਾਂ ਦੇ ਐਸੇ ਵਿਚਾਰ ਆਉਂਦੇ ਹਨ ਕਿ ਸੰਸਾਰ ਵਿਚ ਆਮ ਤੌਰ ਉਤੇ ਜੋ ਪੁਰਸ਼ ਆਉਂਦੇ ਹਨ ਉਨ੍ਹਾਂ ਨੂੰ ਛੇ ਵਖਰੇ-ਵਖਰੇ ਹਿਸਿਆਂ ਵਿਚ ਮੰਨਿਆ ਜਾ ਸਕਦਾ ਹੈ ਅਤੇ ਉਹ ਆਪਣੇ-ਆਪਣੇ ਕਿਰਦਾਰ (ਕੀਤੇ ਹੋਏ ਕਰਮਾਂ) ਦੇ ਮੁਤਾਬਿਕ ਸੰਸਾਰ ਤੋਂ ਨਰਕਾਂ ਸੁਰਗਾਂ ਵਿਚ ਜਾ ਕੇ ਦੁਖ ਤੇ ਸੁਖ ਪ੍ਰਾਪਤ ਕਰਦੇ ਹਨ। ਕਈ ਪ੍ਰੇਮੀ ਇਹ ਕਹਿ ਦਿੰਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਤਿੰਨ ਤਰ੍ਹਾਂ ਦੀ ਬਾਣੀ ਰਚੀ ਹੈ - ਭਿਆਨਕ, ਰੌਚਕ ਤੇ ਯਥਾਰਥ। ਉਹ ਗਲਤੀ ਨਾਲ ਇਹ ਕਹਿੰਦੇ ਹਨ ਕਿ ਭਿਆਨਕ ਤੇ ਰੌਚਕ ਬਾਣੀ ਯਥਾਰਥ ਨਹੀਂ ਹੈ ਸਿਰਫ ਤੱਤ ਬਾਣੀ ਹੀ ਯਥਾਰਥ ਹੈ ਪਰ ਇਸ ਤਰ੍ਹਾਂ ਨਹੀਂ, ਬਾਣੀ ਅਵਸਥਾ ਭੇਦ ਨਾਲ ਸਭ ਨੂੰ ਰੋਸ਼ਨੀ ਦਿੰਦੀ ਹੈ। ਪਹਿਲੀ ਕਿਸਮ ਦੇ ਆਦਮੀ ਜਿਨ੍ਹਾਂ ਨੂੰ ਪਾਮਰ ਅਤੇ ਵਿਸ਼ਈ ਆਖਿਆ ਜਾਂਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਜੀ ਦੀ ਕੋਈ ਸੋਝੀ ਨਹੀਂ ਹੁੰਦੀ ਅਤੇ ਜਿਨ੍ਹਾਂ ਦਾ ਧੇਅ ਹੁੰਦਾ ਹੈ ਕਿ Eat drink and be merry for we shall have to die. ਖਾਓ ਪੀਓ ਐਸ਼ ਕਰੋ ਕਿਉਂਕਿ 'ਬਾਬਰ ਆਲਮ ਦੋਬਾਰਾ ਨੇਸਤ' ਉਹ ਬੰਦੇ ਆਪਣੇ ਜੀਵਨ ਵਿਚ ਪਾਪ ਨੂੰ ਪਿਆਰਾ ਜਾਣਦੇ ਹਨ ਜਿਸ ਤਰ੍ਹਾਂ ਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਪਾਪੁ ਬੁਰਾ ਪਾਪੀ ਕਉ ਪਿਆਰਾ॥***
***ਪਾਪਿ ਲਦੇ ਪਾਪੇ ਪਾਸਾਰਾ॥*** ***ਪੰਨਾ - 935***

ਉਹ ਨਾ ਕਿਸੇ ਵੇਦ ਸ਼ਾਸ਼ਤਰ ਦੀ ਗੱਲ ਸੁਣਦੇ ਹਨ, ਨਾ ਕਿਸੇ ਗੁਰੂ ਦੀ ਸਤਿ ਬਾਣੀ ਤੇ ਯਕੀਨ ਲਿਆਉਂਦੇ ਹਨ ਅਤੇ ਮਨ ਵਿਚ ਇਹ ਨਿਰਾਰਥਕ ਨਿਸ਼ਚਾ ਧਾਰ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ। ਜਦੋਂ ਉਹ ਸੰਸਾਰ ਤੋਂ ਜਾਂਦੇ ਹਨ ਉਸ ਵੇਲੇ ਉਨ੍ਹਾਂ ਦੇ ਪਾਪਾਂ ਕਰਕੇ ਭਿਆਨਕ ਜਮਦੂਤ ਉਨ੍ਹਾਂ ਦੀ ਰੂਹ ਨੂੰ ਲੈਣ ਵਾਸਤੇ ਆਇਆ ਕਰਦੇ ਹਨ। ਇਥੇ ਵੀ ਕਈ ਪ੍ਰੇਮੀਆਂ ਦੇ ਮਨਾਂ ਵਿਚ ਖਿਆਲ ਆਉਂਦਾ ਹੈ ਕਿ ਸਰੀਰ ਤਾਂ ਮਰ ਗਿਆ, ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸਸਕਾਰ ਕਰ ਦਿਤਾ, ਬਾਕੀ ਕੀ ਰਹਿ ਗਿਆ ਜਿਸਨੂੰ ਜਮਦੂਤ ਫੜ ਕੇ ਲੈ ਜਾਂਦੇ ਹਨ? ਉਸ ਬਾਰੇ ਬੇਨਤੀ ਹੈ ਕਿ ਰੂਹ ਨੂੰ ਤਿੰਨ ਕਿਸਮ ਦੇ ਸਰੀਰ ਮਿਲੇ ਹਨ। ਜਿਸ ਤਰ੍ਹਾਂ ਅਸੀਂ ਸਭ ਤੋਂ ਪਹਿਲਾਂ ਬਨੈਨ ਪਹਿਨਦੇ ਹਾਂ, ਫੇਰ ਕਮੀਜ਼ ਪਹਿਨਦੇ ਹਾਂ, ਮੌਸਮ ਦੇ ਹਿਸਾਬ ਨਾਲ ਕੋਟ ਅਤੇ ਉਪਰ ਕੋਈ ਕਪੜਾ ਵੀ ਲੈ ਲੈਂਦੇ ਹਾਂ। ਇਸੇ ਤਰ੍ਹਾਂ ਜੀਵ ਨੂੰ ਸਭ ਤੋਂ ਪਹਿਲਾਂ ਕਾਰਨ ਸਰੀਰ ਮਿਲਿਆ ਹੋਇਆ ਹੈ। ਦੂਸਰਾ ਸਰੀਰ ਸੂਖਸ਼ਮ ਸਰੀਰ (astral Body) ਹੈ, ਜਿਸ ਨੂੰ ਅੰਗ੍ਰੇਜ਼ੀ ਵਿਚ Etherical body ਵੀ ਕਹਿੰਦੇ ਹਨ। ਇਸ ਵਿਚ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧੀ, ਅਹੰਭਾਵ 19 ਚੀਜ਼ਾਂ ਹੋਇਆ ਕਰਦੀਆਂ ਹਨ। ਦੁਖ-ਸੁਖ, ਪਾਪ-ਪੁੰਨਾਂ ਦਾ ਫਲ ਇਹੋ ਸਰੀਰ ਭੋਗਦਾ ਹੈ। ਸੋ ਪਾਪ ਕਰਨ ਵਾਲੇ ਬੰਦਿਆਂ ਨੂੰ ਜਮਦੂਤ ਲੈਣ ਵਾਸਤੇ ਆਇਆ ਕਰਦੇ ਹਨ ਅਤੇ ਮਾਰਦੇ ਕੁਟਦੇ ਧਰਮਰਾਜ ਦੇ ਪੇਸ਼ ਕਰਦੇ ਹਨ। ਉਥੇ ਇਸ ਦੇ ਕਿਰਦਾਰ ਨੂੰ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ ਕਿ ਵੀਡੀਓ ਫਿਲਮ ਨਾਲ ਰਿਕਾਰਡ ਕੀਤੀ ਹੋਈ ਫਿਲਮ ਵਿਖਾਈ ਜਾਇਆ ਕਰਦੀ ਹੈ। ਉਸ ਜੀਵ ਨੂੰ ਆਪਣੇ ਕਰਮਾਂ ਦੇ ਹਿਸਾਬ ਨਾਲ ਨਰਕਾਂ ਵਿਚ ਜਾ ਕੇ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ ਅਤੇ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ -

***ਦੇਇ ਕਿਵਾੜ ਅਨਿਕ ਪੜਦੇ ਮਹਿ***
***ਪਰ ਦਾਰਾ ਸੰਗਿ ਫਾਕੈ॥***
***ਚਿਤ੍ਰ ਗੁਪਤੁ ਜਬ ਲੇਖਾ ਮਾਗਹਿ***
***ਤਬ ਕਉਣੁ ਪੜਦਾ ਤੇਰਾ ਢਾਕੈ॥*** ***ਪੰਨਾ - 616***

ਦੂਸਰੇ ਕਿਸਮ ਦੇ ਉਹ ਪ੍ਰਾਣੀ ਹੁੰਦੇ ਹਨ ਜੋ ਇਸ ਸੰਸਾਰ ਵਿਚ ਆ ਕੇ ਨੇਕ ਕਿਰਤ ਕਰਿਆ ਕਰਦੇ ਹਨ, ਪਾਪਾਂ ਤੋਂ ਡਰਦੇ ਹਨ, ਕਿਸੇ ਦਾ ਹੱਕ ਨਹੀਂ ਖੋਂਹਦੇ, ਰਿਸ਼ਵਤਾਂ ਨਹੀਂ ਲੈਂਦੇ, ਚੋਰੀਆਂ ਨਹੀਂ ਕਰਦੇ, ਡਾਕੇ ਨਹੀਂ ਮਾਰਦੇ ਆਪਣੇ ਦਸਾਂ ਨੌਹਾਂ ਦੀ ਕਿਰਤ ਉਪਰ ਸੰਤੋਖ ਧਾਰ ਕੇ ਜੀਵਨ ਨਿਰਵਾਹ ਕਰਦੇ ਹਨ, ਪਰਉਪਕਾਰ ਦੇ ਕੰਮਾਂ ਵਿਚ ਹਿੱਸਾ ਲੈਂਦੇ ਹਨ ਅਤੇ ਪੁੰਨ ਦਾਨ ਬੀਜਦੇ ਹਨ ਉਹ ਸਰੀਰ ਛੱਡਣ ਪਿਛੋਂ ਇੱਜ਼ਤ ਨਾਲ ਲਿਜਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਪੁੰਨਾਂ ਦੇ ਹਿਸਾਬ ਨਾਲ ਦਰਗਾਹ ਵਿਚ ਵੀ ਸੁਖ ਭੋਗਾਏ ਜਾਂਦੇ ਹਨ ਅਤੇ ਇਸ ਸੰਸਾਰ ਵਿਚ ਵੀ ਉਨ੍ਹਾਂ ਨੂੰ ਸੁੱਖ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਪੰਨਾ - 1414***

ਤੀਸਰੀ ਕਿਸਮ ਦੇ ਉਹ ਪ੍ਰੇਮੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਪਿਛਲੇ ਕਈ ਜਨਮਾਂ ਤੋਂ ਪ੍ਰਮੇਸ਼ਰ ਪ੍ਰਾਪਤੀ ਵਾਸਤੇ ਗੁਰੂ ਧਾਰਨ ਕੀਤਾ, ਉਨ੍ਹਾਂ ਤੋਂ ਮੰਤਰ ਲਏ ਅਤੇ ਕਮਾਈ ਕਰਦੇ ਰਹੇ। ਆਪਣੇ ਜੀਵਨ ਨੂੰ ਬੇਦਾਗ ਰੱਖਿਆ, ਪਾਪਾਂ ਤੋਂ ਅਛੋਹ ਰੱਖਿਆ। ਉਨ੍ਹਾਂ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਖਿੱਚ ਲੱਗੀ ਰਹੀ ਪਰ ਆਪਣੇ ਜੀਵਨ ਵਿਚ ਅਨੇਕ ਮਜ਼ਬੂਰੀਆਂ ਹੋਣ ਕਰਕੇ ਪ੍ਰਭੂ ਪ੍ਰਾਪਤੀ ਤਕ ਪਹੁੰਚ ਨਾ ਸਕੇ ਅਤੇ ਇਸ ਗੱਲ ਦਾ ਪਛਤਾਵਾ ਕਰਦੇ ਹਨ ਕਿ ਮੇਰਾ ਜਨਮ ਐਵੇਂ ਬਿਰਥਾ ਹੀ ਚਲਿਆ ਗਿਆ, ਮੈਂ ਪ੍ਰਭੂ ਦਾ ਦਰਸ਼ਨ ਨਾ ਕਰ ਸਕਿਆ। ਅਜਿਹੇ ਪੁਰਸ਼ ਜਦੋਂ ਸੰਸਾਰ ਤੋਂ ਲਿਜਾਏ ਜਾਂਦੇ ਹਨ ਤਾਂ ਇਨ੍ਹਾਂ ਨੂੰ ਬਿਬਾਨਾਂ ਵਿਚ ਬਿਠਾਇਆ ਜਾਂਦਾ ਹੈ। ਪੁੰਨਾਂ ਦੇ ਅਨੁਸਾਰ


Sri Satguru Jagjit Singh Ji eLibrary NamdhariElibrary@gmail.com

ਜੇ ਉਨ੍ਹਾਂ ਨੇ ਆਪਣੀ ਅਧਿਆਤਮਕ ਕਮਾਈ ਲੈਣ ਦੀ ਇੱਛਾ ਕੀਤੀ ਹੋਵੇ ਤਾਂ ਉਨ੍ਹਾਂ ਨੂੰ ਬ੍ਰਹਮ ਲੋਕ ਬਹੁਤ ਸੁਖਾਂ ਵਿਚ ਭੇਜ ਦਿਤਾ ਜਾਂਦਾ ਹੈ। ਸੁੱਖ ਭੋਗਣ ਉਪਰੰਤ ਉਹ ਫੇਰ ਧਰਤੀ ਤੇ ਆ ਜਾਂਦੇ ਹਨ ਅਤੇ ਆਪਣਾ ਬਕਾਇਆ ਰਿਹਾ ਹੋਇਆ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸੰਕਲਪ ਆਤਮ ਮਾਰਗ ਤੇ ਚਲ ਕੇ ਪੂਰਾ ਕਰਦੇ ਹਨ। ਜੇ ਉਨ੍ਹਾਂ ਦੇ ਮਨ ਵਿਚ ਫਲ ਪ੍ਰਾਪਤ ਕਰਨ ਦਾ ਫੁਰਨਾ ਨਾ ਆਵੇ ਅਤੇ ਇਹੀ ਸੋਚਣ ਕਿ ਆਹ ਜਨਮ ਤਾਂ ਲੰਘ ਗਿਆ, ਅਗਲੇ ਜਨਮ ਵਿਚ ਮੰਜ਼ਿਲ ਤੇ ਪਹੁੰਚਣਾ ਹੈ। ਉਨ੍ਹਾਂ ਨੂੰ ਦੁਬਾਰਾ ਮਨੁੱਖ ਜਨਮ ਮਿਲ ਜਾਂਦਾ ਹੈ ਅਤੇ ਉਨ੍ਹਾਂ ਨੂੰ ਬਚਪਨ ਵਿਚ ਹੀ ਮਹਾਂਪੁਰਸ਼ ਮਿਲ ਜਾਂਦੇ ਹਨ ਜੋ ਉਸ ਨੂੰ ਪ੍ਰਮੇਸ਼ਰ ਦੇ ਮਿਲਾਪ ਵਿਚ ਸਹਾਈ ਹੁੰਦੇ ਹਨ। ਅਜਿਹੇ ਲੋਕ ਨੌਂ ਤਰ੍ਹਾਂ ਦੀ ਭਗਤੀ ਵਿਚ ਵਿਸ਼ਵਾਸ਼ ਰਖਦੇ ਹਨ, ਧਰਮ ਗ੍ਰੰਥ ਪੜ੍ਹਦੇ ਹਨ ਅਤੇ ਬਹੁਤ-ਬਹੁਤ ਚਿਰ ਤਕ ਨਾਮ ਸਿਮਰਨ ਕਰਦੇ ਹਨ। ਗੁਰੂ ਨਾਲ ਪਿਆਰ ਵਿਚ ਰੱਤੇ ਰਹਿੰਦੇ ਹਨ ਅਤੇ ਕੋਈ ਵੀ ਗੰਦਾ ਫੁਰਨਾ ਮਨ ਵਿਚ ਨਹੀਂ ਆਉਣ ਦਿੰਦੇ। ਜਦੋਂ ਉਹ ਸਰੀਰ ਛੱਡਦੇ ਹਨ ਤਾਂ ਬਹੁਤ ਹੀ ਮਾਣ ਤੇ ਸਤਿਕਾਰ ਨਾਲ ਬਿਬਾਨਾਂ ਵਿਚ ਬਿਠਾ ਕੇ ਉਨ੍ਹਾਂ ਨੂੰ ਪ੍ਰਭੂ ਦਰ ਤਕ ਪਹੁੰਚਾਇਆ ਜਾਂਦਾ ਹੈ। ਉਹ ਧਰਮਰਾਜ ਦੇ ਨਹੀਂ ਜਾਂਦੇ, ਉਹ ਸਿੱਧੇ ਸਚਖੰਡ ਵਿਚ ਪਹੁੰਚਦੇ ਹਨ। ਉਥੇ ਉਨ੍ਹਾਂ ਨੂੰ ਮੁਕਤ ਅਵਸਥਾ ਪ੍ਰਾਪਤ ਹੁੰਦੀ ਹੈ। ਚਾਰ ਤਰ੍ਹਾਂ ਦੀ ਮੁਕਤੀ ਹੋਇਆ ਕਰਦੀ ਹੈ। ਇਕ ਨੂੰ ਸਮੀਪ ਆਖਿਆ ਜਾਂਦਾ ਹੈ, ਪ੍ਰਭੂ ਲੋਕ ਦੇ ਨੇੜੇ ਰਹਿਣਾ। ਦੂਜੀ ਨੂੰ ਸਾਲੋਕ ਕਿਹਾ ਜਾਂਦਾ ਹੈ - ਪ੍ਰਭੂ ਲੋਕ ਵਿਚ ਰਹਿਣਾ, ਤੀਸਰੀ ਨੂੰ ਸਾਰੂਪ ਕਿਹਾ ਜਾਂਦਾ ਹੈ, ਪ੍ਰਭ ਵਰਗਾ ਹੀ ਸਰੂਪ ਪ੍ਰਾਪਤ ਹੋ ਜਾਣਾ। ਚੌਥੀ ਨੂੰ ਸਾਜ਼ੁਜ਼ ਕਿਹਾ ਜਾਂਦਾ ਹੈ, ਪ੍ਰਭੂ ਵਿਚ ਹੀ ਅਭੇਦ ਹੋ ਜਾਣਾ ਅਤੇ ਕੋਈ ਫਰਕ ਨਾ ਰਹਿਣਾ। ਇਸ ਗਤੀ ਨੂੰ ਭਗਤਾਂ ਦੀ ਗਤੀ ਆਖਿਆ ਜਾਂਦਾ ਹੈ। ਫੇਰ ਸਾਰੇ ਧਾਰਨਾ ਪੜ੍ਹੋ -

***ਧਾਰਨਾ - ਦਰਗਹ ਮਿਲਦੈ ਥਾਓਂ ਗੁਰਾਂ ਨਾਲ ਰੱਤਿਆਂ- 2, 2.***

ਬਹੁਤ ਥੋੜ੍ਹੀ ਗਿਣਤੀ ਦੇ ਵਿਚ ਉਹ ਪੁਰਸ਼ ਸੰਸਾਰ ਵਿਚ ਭੇਜੇ ਜਾਂਦੇ ਹਨ ਜਿਨ੍ਹਾਂ ਉਤੇ ਕਰਮਾਂ ਦੀ ਕੋਈ ਬੰਧਸ਼ ਨਹੀਂ ਹੋਇਆ ਕਰਦੀ। ਨਾ ਹੀ ਕੋਈ ਪਰਾਲਬਧ ਕਰਮ ਭੋਗਣੇ ਬਕਾਇਆ ਹੁੰਦੇ ਹਨ। ਉਹ ਪ੍ਰਭੂ ਹੁਕਮ ਵਿਚ ਆਉਂਦੇ ਹਨ ਅਤੇ ਉਨ੍ਹਾਂ ਦਾ ਕਾਰਜ ਖੇਤਰ ਇਹ ਹੋਇਆ ਕਰਦਾ ਹੈ ਕਿ ਉਹ ਸੰਸਾਰ ਨੂੰ ਪ੍ਰਭੂ ਦਾ ਰਾਹ ਦਸਦੇ ਹਨ, ਉਨ੍ਹਾਂ ਨੂੰ ਰੂਹਾਨੀ ਮਦਦ ਦਿੰਦੇ ਹਨ। ਉਨ੍ਹਾਂ ਦੇ ਅਗਿਆਨ ਦੇ ਬੰਦ ਕੀਤੇ ਨੇਤਰ ਗਿਆਨ ਅੰਜਨ ਪਾ ਕੇ ਖੋਲ੍ਹਦੇ ਹਨ ਅਤੇ ਉਨ੍ਹਾਂ ਨੂੰ ਮਾਇਆ ਦੇ ਮੰਡਲ ਵਿਚੋਂ ਕੱਢ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰਾਉਂਦੇ ਹਨ। ਜਦੋਂ ਵਾਪਸ ਬੁਲਾਏ ਜਾਂਦੇ ਹਨ ਤਾਂ ਚਲੇ ਜਾਂਦੇ ਹਨ। ਕਿਸੇ ਕਰਮ ਦਾ ਫਲ ਉਨ੍ਹਾਂ ਨੂੰ ਨਹੀਂ ਮਿਲਿਆ ਕਰਦਾ ਕਿਉਂਕਿ ਉਹ ਕਰਮ ਆਪ ਨਹੀਂ ਕਰਦੇ, ਸਾਰੀ ਖੇਲ੍ਹ ਹੁਕਮ ਵਿਚ ਹੋ ਰਹੀ ਪਰਪੱਕ ਤੌਰ ਤੇ ਜਾਣਿਆ ਕਰਦੇ ਹਨ। ਉਨ੍ਹਾਂ ਨੂੰ ਖੁਲ੍ਹ ਹੁੰਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਆ ਜਾਣ ਅਤੇ ਜਦੋਂ ਜੀਅ ਕਰੇ ਚਲੇ ਜਾਣ। ਇਸ ਬਾਰੇ ਜੋ ਫੁਰਮਾਨ ਹੈ ਪੜ੍ਹੋ -

***ਧਾਰਨਾ -ਆਵੇ ਜਾਏ ਨਿਸੰਗ ਗੁਰਮੁਖ ਪਿਆਰਾ,***
***ਗੁਰਮੁਖ ਪਿਆਰਾ - 2***
***ਗੁਰਮੁਖ ਪਿਆਰਾ - ਗੁਰਮੁਖ ਪਿਆਰਾ - 2.***

***ਆਵੇ ਜਾਏ ਨਿਸੰਗ ਗੁਰਮੁਖ ਪਿਆਰਾ...-2***

***ਗੁਰਮੁਖਿ ਆਵੈ ਜਾਇ ਨਿਸੰਗੁ ॥ ਪੰਨਾ - 932***

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ - 749***

ਇਨ੍ਹਾਂ ਨੂੰ ਕਾਰਕ ਆਖਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਬ੍ਰਹਮ ਗਿਆਨੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਤੱਤ ਦੀ ਪਹਿਚਾਣ ਕਰਕੇ ਆਪਣੇ ਆਪ ਨੂੰ ਪ੍ਰਭੂ ਰੂਪ ਵਿਚ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਵਿਚ ਵੇਖ ਕੇ ਆਪਣੇ ਭਰਮ ਦਾ ਨਾਸ਼ ਕਰ ਦਿਤਾ। ਉਹ ਸਾਰੇ ਸੰਸਾਰ ਵਿਚ ਵਾਹਿਗੁਰੂ ਜੀ ਵਾਂਗੂੰ ਹੀ ਪਰੀਪੂਰਨ ਹੋ ਜਾਇਆ ਕਰਦੇ ਹਨ। ਉਹ ਨਾ ਕਦੇ ਜੰਮਦੇ ਹਨ ਅਤੇ ਨਾ ਹੀ ਕਦੇ ਮਰਦੇ ਹਨ, ਉਹ ਪ੍ਰਭੂ ਦਾ ਰੂਪ ਹੋ ਹੋਇਆ ਕਰਦੇ ਹਨ ਕਿਉਂਕਿ ਦ੍ਵੈਤ ਕਰਕੇ ਹੀ ਪ੍ਰਭੂ ਤੋਂ ਵਖਰਾ ਭਾਸ ਹੋਇਆ ਕਰਦਾ ਹੈ ਜਦੋਂ ਤੱਤ ਨੂੰ ਪਹਿਚਾਣ ਲਿਆ ਉਸ ਵੇਲੇ ਇਕੋ ਪ੍ਰਭੂ ਤੋਂ ਬਗੈਰ ਦਿਸਦਾ ਹੀ ਨਹੀਂ। ਇਹ ਸਤਿ ਅਵਸਥਾ ਪ੍ਰਾਪਤ ਕਰਕੇ ਉਹ ਪ੍ਰਭੂ ਰੂਪ ਹੀ ਹੋ ਜਾਇਆ ਕਰਦੇ ਹਨ ਜਿਵੇਂ ਕਿ -

***ਧਾਰਨਾ - ਬ੍ਰਹਮ ਗਿਆਨੀ ਜੀ,***
***ਆਪ ਪ੍ਰਮੇਸ਼ਰ - ਆਪ ਪ੍ਰਮੇਸ਼ਰ - 2***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥ ਪੰਨਾ - 273***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦੁ ਨ ਜਾਣਹੁ ਮਾਣਸ ਦੇਹਾ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076***

ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਬਹੁਤ ਵਿਸਥਾਰ ਨਾਲ ਸਮਝਾਇਆ ਕਿ ਇਸ ਸੰਸਾਰ ਤੋਂ ਅੱਗੇ ਬਹੁਤ ਹੋਰ ਸੰਸਾਰ ਹਨ, ਇਹ ਧਰਤੀ ਅਤੇ ਅਨੇਕਾਂ ਹੋਰ ਧਰਤੀਆਂ ਜੋ ਬ੍ਰਹਿਮੰਡ ਵਿਚ ਅਰਬਾਂ ਖਰਬਾਂ ਦੀ ਗਿਣਤੀ ਵਿਚ ਹਨ ਅਤੇ ਜਿਨ੍ਹਾਂ ਉਪਰ ਇਸ ਮਨੁੱਖ ਵਰਗੀਆਂ ਅਤੇ ਇਸ ਤੋਂ ਵਧੀਆ ਰੂਹਾਂ ਨਿਵਾਸ ਕਰ ਰਹੀਆਂ ਹਨ। ਪ੍ਰਾਣੀ ਇਸ ਧਰਤੀ ਉਪਰ ਆ ਕੇ ਗਰਭ ਕਰਦਾ ਹੈ ਅਤੇ ਆਪਣੇ ਕਰਮਾਂ ਦੇ ਅਨੁਸਾਰ ਜਿਸਨੂੰ ਪ੍ਰਲੋਕ ਆਖਦੇ ਹਨ ਉਸ ਵਲ ਨੂੰ ਸੂਖਸ਼ਮ ਸਰੀਰ ਧਾਰਨ ਕਰਦਾ ਹੋਇਆ ਚਲ ਪੈਂਦਾ ਹੈ। ਉਨ੍ਹਾਂ ਵਿਚੋਂ ਪਾਪੀ ਰੋਂਦੇ ਜਾਂਦੇ ਹਨ, ਉਨ੍ਹਾਂ ਨੂੰ ਵਿਛੋੜਿਆਂ ਦਾ ਅਫਸੋਸ ਹੈ। ਧਰਤੀ ਉਤੇ ਆ ਕੇ ਬੇਅੰਤ ਜਾਇਦਾਦ, ਕਰੋੜਾਂ ਰੁਪਏ ਬੈਂਕਾਂ ਵਿਚ ਜਮ੍ਹਾਂ ਕਰਾਏ, ਸੋਨਾ ਖਰੀਦਿਆ, ਸ਼ਹਿਰਾਂ ਵਿਚ ਬਜ਼ਾਰ ਬਣਾਏ, ਵੱਡੇ-ਵੱਡੇ ਕਾਰਖਾਨੇ ਲਾਏ, ਬਾਲ ਬੱਚਿਆਂ ਦੇ ਮੋਹ ਵਿਚ ਮਸਤ ਰਹੇ, ਇਸਤ੍ਰੀਆਂ ਦੇ ਭੋਗਾਂ ਵਿਚ ਲਿਪਤ ਰਹੇ ਅਤੇ ਕਦੇ ਭੁੱਲ ਕੇ ਵੀ ਪ੍ਰਮੇਸ਼ਰ ਚਿਤ ਨਾ ਆਇਆ। ਜਦੋਂ ਕਾਲ ਨੇ ਆ ਕੇ ਦਬੋਚ ਲਿਆ, ਇਕ ਰੱਤੀ ਜਿੰਨਾਂ ਵੀ ਸਮਾਂ ਨਾ ਦਿਤਾ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -



Sri Satguru Jagjit Singh Ji eLibrary NamdhariElibrary@gmail.com

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ॥* *ਪੰਨਾ - 78*

ਇਹ ਭੇਤ ਨਾ ਦੇ ਸਕੇ, ਦੱਸ ਨਾ ਸਕੇ ਕਿ ਸਾਨੂੰ ਲੈਣ ਵਾਸਤੇ ਕੌਣ ਆਇਆ ਅਤੇ ਅਸੀਂ ਕਿਥੇ ਜਾ ਰਹੇ ਹਾਂ। ਸਭ ਗੱਲਾਂ ਮਨ ਦੀਆਂ ਮਨ ਵਿਚ ਰਹਿ ਗਈਆਂ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਮਨ ਕੀ ਮਨ ਹੀ ਮਾਹਿ ਰਹੀ॥*
*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥*
*ਪੰਨਾ - 631*

ਜਮਾਂ ਦੀ ਮਾਰ ਪੈਂਦੀ ਹੈ, ਜੀਵ ਬੇਹੋਸ਼ ਹੋ ਜਾਂਦਾ ਹੈ, ਉਹ ਐਨਾ ਭੈ ਭੀਤ ਹੋ ਜਾਂਦਾ ਹੈ ਕਿ ਉਸ ਨੂੰ ਕੁਝ ਵੀ ਨਹੀਂ ਸੁਝਦਾ। ਇਸ ਮਾਰ ਬਾਰੇ ਮਹਾਂਪੁਰਸ਼ਾਂ ਨੇ ਫੁਰਮਾਨ ਕੀਤਾ ਹੈ-

*ਕਬੀਰ ਜਮੁ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥*
*ਪੰਨਾ - 1368*

ਅਨੁਭਵੀ ਮਹਾਂਪੁਰਸ਼ ਦਸਦੇ ਹਨ ਕਿ ਜਮ ਦਾ ਜੋ ਹੰਟਰ ਹੈ ਉਸ ਦੀ ਪੀੜ 400 ਬਿੱਛੂ ਦੇ ਡੰਗ ਮਾਰਨ ਜਿੰਨੀ ਹੋਇਆ ਕਰਦੀ ਹੈ ਅਤੇ ਇਕੋ ਫੱਟ ਉਪਰ ਇਕ ਹਜ਼ਾਰ ਤਲਵਾਰ ਮਾਰਨ ਨਾਲ ਜਿੰਨਾਂ ਦੁਖ ਹੁੰਦਾ ਹੈ, ਉਤਨਾ ਹੀ ਦੁੱਖ ਜਮ ਦੇ ਹੰਟਰ ਨਾਲ ਹੋਇਆ ਕਰਦਾ ਹੈ। ਵੱਡੇ ਤੋਂ ਵੱਡਾ ਆਕੜਖਾਨ ਪੁਰਸ਼ ਬਲੀ ਯੋਧਾ ਉਸ ਦੇ ਅੱਗੇ ਢਹਿ ਢੇਰੀ ਹੋ ਜਾਂਦਾ ਹੈ ਕਿਉਂਕਿ ਕਾਲ ਮਹਾਂਬਲੀ ਹੈ। ਮਨੁੱਖ ਦਾ ਬਲ ਉਸ ਦੇ ਸਾਮ੍ਹਣੇ ਕੁਝ ਵੀ ਨਹੀਂ ਹੈ। ਸੋ ਇਸ ਹਾਲਤ ਵਿਚ ਜੋ ਸੰਸਾਰ ਵਿਚ ਆ ਕੇ ਪ੍ਰਾਪਤੀਆਂ ਕੀਤੀਆਂ, ਵਿਸ਼ੇ ਭੋਗੇ ਸਭ ਕੁਝ ਭੁੱਲ ਜਾਂਦਾ ਹੈ ਉਸ ਵੇਲੇ ਉਹ ਰੂਹ ਰੋਂਦੀ ਕੁਰਲਾਂਦੀ ਪਰਲੋਕ ਨੂੰ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਾਪੀ ਰੂਹਾਂ ਸ਼ਾਂਤੀ ਨਾਲ ਨਹੀਂ ਜਾਇਆ ਕਰਦੀਆਂ। ਉਨ੍ਹਾਂ ਬਾਰੇ ਫੁਰਮਾਨ ਹੈ-

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ॥*
*ਪੰਨਾ - 520*

ਸੋ ਕੂਕਾਂ ਮਾਰਦੇ ਜਾਂਦੇ ਹਨ, ਉਸ ਤੋਂ ਅੱਗੇ ਜੋ ਭਿਆਨਕ ਰਸਤਾ ਆਉਂਦਾ ਹੈ ਉਸ ਦਾ ਵਿਸਤਾਰਪੂਰਵਕ ਵਰਣਨ ਗਰੜ ਪੁਰਾਣ ਵਿਚ ਕੀਤਾ ਗਿਆ ਹੈ। ਉਸ ਵਿਚ ਸਾਰੇ ਰਸਤੇ ਦਾ ਵੇਰਵਾ ਦਿਤਾ ਹੋਇਆ ਹੈ ਕਿ ਮਹਾਂ ਅੰਧ ਗੁਬਾਰ ਵਿਚੋਂ ਰੂਹ ਨੂੰ ਲੰਘਣਾ ਪੈਂਦਾ ਹੈ, ਸੰਗਲ ਇਸ ਦੇ ਗਲ ਵਿਚ ਪਿਆ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਪੰਨਾ - 464*

ਮਹਾਂ ਅੰਧਕਾਰ ਦੇ ਰਸਤੇ ਵਿਚੋਂ ਜਦੋਂ ਲੰਘਦਾ ਹੈ, ਉਸ ਵੇਲੇ ਕੁਝ ਵੀ ਨਹੀਂ ਬਣਦਾ ਜਿਵੇਂ ਮਰੇ ਹੋਏ ਕੁੱਤੇ ਨੂੰ ਰੱਸੀ ਪਾ ਕੇ ਘਸੀਟ ਕੇ ਦੂਰ ਬਾਹਰ ਖੁਡੇ ਵਿਚ ਸੁੱਟ ਕੇ ਮਿਟੀ ਪਾ ਦਿਤੀ ਜਾਂਦੀ ਹੈ, ਇਸ ਤਰ੍ਹਾਂ ਜੀਵ ਨੂੰ ਘਸੀਟਿਆ ਜਾਂਦਾ ਹੈ ਇਸਨੂੰ ਅਤਿ ਦੀ ਪਿਆਸ ਲਗਦੀ ਹੈ ਪਰ ਪਾਨੀ ਨਹੀਂ ਮਿਲਦਾ। ਅਤਿ ਦੀ ਗਰਮੀ ਲਗਦੀ ਹੈ, ਕੋਈ ਛਾਂ ਨਹੀਂ ਮਿਲਦੀ। ਗੁਰੂ ਮਹਾਰਾਜ ਨੇ ਸੰਖੇਪ ਵਿਚ ਇਸ ਦਾ ਵਰਣਨ ਕਰਦਿਆਂ ਸਾਰੇ ਜੀਵਾਂ ਦੇ ਕਲਿਆਣ ਵਾਸਤੇ ਕੁਝ ਚਾਨਣਾ ਪਾਇਆ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ।।*
*ਨਾਨਕ ਪਾਵਹੁ ਸੂਖ ਘਨੇਰੇ॥* *ਪੰਨਾ - 264*

ਉਸ ਰਸਤੇ ਬਾਰੇ ਦਸਦਿਆਂ ਫੁਰਮਾਨ ਕਰਦੇ ਹਨ ਕਿ ਉਹ ਐਨਾ ਲੰਬਾ ਹੈ ਕਿ ਉਸਨੂੰ ਨਾਪਿਆ ਨਹੀਂ ਜਾ ਸਕਦਾ, ਕਿੰਨੀ ਦੂਰ ਜਾਣਾ ਪੈਂਦਾ ਹੈ ਜਿਵੇਂ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥* *ਪੰਨਾ - 264*

ਇਕ ਇਸਲਾਮ ਦਾ ਅਨੁਆਈ ਪ੍ਰੇਤ ਬਣ ਗਿਆ ਜਿਸ ਦਾ ਨਾਮ ਸੁਲੇਮਾਨ ਸੀ। ਉਹ ਇਕ ਪ੍ਰੇਮੀ ਦੇ ਸਰੀਰ ਵਿਚ ਆ ਕੇ ਉਸ ਨੂੰ ਬਹੁਤ ਹੀ ਤੰਗ ਕਰਿਆ ਕਰਦਾ ਸੀ। ਸੰਤ ਮਹਾਰਾਜ ਜੀ ਉਨ੍ਹਾਂ ਦਿਨਾਂ ਵਿਚ ਹਾਪੜ ਆਏ ਹੋਏ ਸਨ। ਮੈਂ ਆਪਣੇ ਫਾਰਮ ਤੋਂ ਤਕਰੀਬਨ ਹਰ ਰੋਜ਼ ਹੀ ਸ਼ਾਮ ਵੇਲੇ ਆ ਜਾਇਆ ਕਰਦਾ ਸੀ। ਦੀਵਾਨ ਸੁਣ ਕੇ ਅੰਮ੍ਰਿਤ ਵੇਲੇ ਚਲਿਆ ਜਾਇਆ ਕਰਦਾ ਸੀ। ਉਥੋਂ 30 ਕੁ ਕਿਲੋਮੀਟਰ ਤੇ ਮੇਰਾ ਫਾਰਮ ਸੀ। ਕਈ ਵਾਰੀ ਮੈਂ ਆ ਕੇ ਕਈ ਕਈ ਦਿਨ ਠਹਿਰ ਜਾਂਦਾ ਸੀ। ਅੱਜ ਜਦੋਂ ਮੈਂ ਬਿਲਾਸਪੁਰ (ਜ਼ਿਲਾ ਰਾਮਪੁਰ) ਤੋਂ ਚੱਲ ਕੇ ਹਾਪੜ ਪਹੁੰਚਿਆ ਤਾਂ ਬੱਸ ਤੋਂ ਉਤਰ ਕੇ ਸੰਤ ਮਹਾਰਾਜ ਜੀ ਦੇ ਨਿਵਾਸ ਅਸਥਾਨ ਵਲ ਨੂੰ ਚਲ ਪਿਆ। ਛੇਤੀ ਹੀ ਮੈਂ ਉਥੇ ਪਹੁੰਚਿਆ। ਉਥੇ ਮੇਰੀ ਨਜ਼ਰੀ ਪਿਆ ਕਿ ਬਹੁਤ ਸਾਰੇ ਸੰਗਤ ਦੇ ਲੋਕ ਗੋਲ ਘੇਰਾ ਬਣਾਈ ਕੁਝ ਬੋਲ ਰਹੇ ਹਨ। ਉਸ ਘੇਰੇ ਦੇ ਵਿਚਾਲਿਓਂ ਕੋਈ ਅਵਾਜ਼ ਆ ਰਹੀ ਸੀ। ਮੈਂ ਵੀ ਉਥੇ ਚਲਿਆ ਗਿਆ ਅਤੇ ਪੁਛਿਆ ਕਿ ਇਹ ਸਿੰਘ ਕੇਸਾਂ ਸਮੇਤ ਸਿਰ ਕਿਉਂ ਘੁੰਮਾ ਰਿਹਾ ਹੈ ਅਤੇ ਕੀ ਬੋਲ ਰਿਹਾ ਹੈ? ਮੈਨੂੰ ਸਾਰੇ ਜਾਣਦੇ ਹੀ ਸਨ ਉਨ੍ਹਾਂ ਨੇ ਦਸਿਆ ਕਿ ਇਸ ਸਿੰਘ ਦਾ ਨਾਮ ਮੋਹਨ ਸਿੰਘ ਹੈ, ਇਹ ਇਕ ਟਰੱਕ ਡਰਾਈਵਰ ਹੈ ਇਸ ਵਿਚ ਕੋਈ ਰੂਹ ਪ੍ਰਵੇਸ਼ ਕੀਤੀ ਹੋਈ ਹੈ ਉਹ ਬੋਲ ਰਹੀ ਹੈ। ਮੈਂ ਹੋਰ ਵੇਰਵਾ ਪੁਛਿਆ ਤਾਂ ਉਨ੍ਹਾਂ ਨੇ ਦਸਿਆ ਕਿ ਸਹਾਰਨਪੁਰ ਤੋਂ ਨੇੜੇ ਹੀ ਹਸਨਪੁਰ ਦੀ ਤਹਿਸੀਲ ਹੈ, ਉਥੇ


Sri Satguru Jagjit Singh Ji eLibrary NamdhariElibrary@gmail.com

ਕੁਝ ਮੀਲਾਂ ਦੇ ਫਾਸਲੇ ਤੇ ਇਕ ਕਬਰ ਹੈ, ਉਥੇ ਦਾ ਰਹਿਣ ਵਾਲਾ ਇਕ ਪੜ੍ਹਿਆ ਲਿਖਿਆ ਮੁਲਾਂ ਜੀ ਪ੍ਰੇਤ ਬਣ ਕੇ ਇਸ ਨੂੰ ਤੰਗ ਕਰ ਰਿਹਾ ਹੈ। ਮੈਂ ਸਾਰੀ ਗੱਲ ਸੁਣੀ, ਵਿਚਾਰੀ ਅਤੇ ਮੇਰੇ ਮਨ ਵਿਚ ਪਹਿਲਾਂ ਖਿਆਲ ਆਇਆ ਕਿ ਇਸ ਮੋਹਨ ਸਿੰਘ ਦੇ ਦਿਮਾਗ ਵਿਚ ਕੋਈ ਬਿਮਾਰੀ ਹੈ ਜਿਸ ਕਰਕੇ ਉਸ ਦਾ ਬੇਹੋਸ਼ ਕੀਤਾ ਹੋਇਆ ਇਹ ਅੰਟ ਸੰਟ ਬੋਲੀ ਜਾਂਦਾ ਹੈ। ਜਦੋਂ ਇਹ ਗੱਲ ਮੈਂ ਉਚੀ ਬੋਲ ਕੇ ਕਹੀ ਤਾਂ ਉਥੇ ਖੜ੍ਹੇ ਕਈ ਸਿੰਘ ਮੇਰੇ ਨਾਲ ਸਹਿਮਤ ਨਹੀਂ ਸਨ, ਕਹਿਣ ਲੱਗੇ ਪ੍ਰਤੱਖ ਨੂੰ ਕੀ ਪ੍ਰਮਾਣ ਹੈ। ਤੁਸੀਂ ਖੁਦ ਗੱਲ ਕਰ ਲਓ ਅਤੇ ਸਾਰੇ ਜਾਣਦੇ ਹੀ ਸਨ ਕਿ ਸੰਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਮੈਂ ਉਨ੍ਹਾਂ ਦੇ ਨਜ਼ਦੀਕ ਪਹੁੰਚਿਆ ਹੋਇਆ ਸੀ। ਬਹੁਤ ਸਾਰੇ ਬਚਨ ਕੁਰਸੀ ਦੇ ਸਮੇਂ ਮੇਰੇ ਨਾਲ ਹੋਇਆ ਕਰਦੇ ਸਨ ਕਿਉਂਕਿ ਮੈਂ ਅਧਿਆਤਮਵਾਦ ਦੇ ਪ੍ਰਸ਼ਨ ਕਰਿਆ ਕਰਦਾ ਸੀ ਅਤੇ ਸੰਗਤਾਂ ਦੇ ਭਲੇ ਲਈ ਮਹਾਰਾਜ ਜੀ ਬਹੁਤ ਵਿਆਖਿਆ ਸਹਿਤ ਉਨ੍ਹਾਂ ਦੇ ਉਤਰ ਦਿਆ ਕਰਦੇ ਸਨ। ਇਸ ਕਰਕੇ ਸੰਗਤ ਵਿਚੋਂ ਮੈਨੂੰ ਬਹੁਤ ਸਾਰੇ ਸਰੀਰ ਜਾਣਦੇ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਖੁਦ ਗੱਲ ਕਰ ਲਓ।

ਮੈਂ ਜਦੋਂ ਅੱਗੇ ਵਧਿਆ, ਉਸ ਸਿੰਘ ਨੇ ਜਿਸ ਨਾਲ ਉਹ ਗੱਲ ਕਰ ਰਿਹਾ ਸੀ, ਉਸ ਨੇ ਕਿਹਾ ਕਿ ਸੁਲੇਮਾਨ! ਤੂੰ ਵਰਿਆਮ ਸਿੰਘ ਨਾਲ ਗੱਲ ਕਰ। ਉਹ ਬੜਾ ਹੀ ਰੁੱਖਾ ਬੋਲਿਆ। ਉਸ ਨੇ ਝੱਟ ਹੀ ਕਹਿ ਦਿਤਾ ਕਿ ਮੈਂ ਇਸ ਤੋਂ ਮੁਰੱਬੇ ਲੈਣੇ ਹਨ? ਮੈਂ ਕਿਉਂ ਗੱਲ ਕਰਾਂ? ਮੈਂ ਉਸ ਨੂੰ ਕਿਹਾ ਕਿ ਮੈਂ ਤੇਰੀ ਮੁਲਾਕਾਤ ਸੰਤ ਮਹਾਰਾਜ ਜੀ ਨਾਲ ਕਰਾ ਦੇਵਾਂਗਾ। ਫੇਰ ਉਹ ਮੇਰੇ ਨਾਲ ਗੱਲ ਕਰਨ ਲਗ ਗਿਆ। ਇਸ ਦੇ ਮਾਂ ਬਾਪ ਵੀ ਆਏ ਹੋਏ ਸਨ। ਸੰਤ ਮਹਾਰਾਜ ਜੀ ਨਾਲ ਬਚਨ ਕਰਨਾ ਲੋਚਦੇ ਸਨ ਪਰ ਮਹਾਰਾਜ ਜੀ ਵਲੋਂ ਆਗਿਆ ਨਹੀਂ ਮਿਲੀ ਸੀ। ਸੋ ਸਮਾਂ ਨਾ ਮਿਲਣ ਕਰਕੇ ਕੋਈ ਗੱਲ ਨਹੀਂ ਹੁੰਦੀ ਸੀ। ਮੈਂ ਉਸ ਨਾਲ ਸੰਖੇਪ ਜਿਹੀ ਗੱਲ ਕੀਤੀ। ਉਸ ਉਪਰੰਤ ਸੰਤ ਮਹਾਰਾਜ ਜੀ ਨੂੰ ਸਮਾਂ ਵਿਚਾਰ ਕੇ ਬੇਨਤੀ ਕੀਤੀ ਅਤੇ ਕਿਹਾ ਕਿ ਮਹਾਰਾਜ ਜੀ! ਇਕ ਮੋਹਨ ਸਿੰਘ ਨਾਮ ਦਾ ਨੌਜਵਾਨ ਬਾਹਰ ਆਇਆ ਹੋਇਆ ਹੈ, ਉਸ ਵਿਚ ਕੋਈ ਰੂਹ ਬੋਲਦੀ ਹੈ। ਮੈਂ ਵੀ ਬੇਨਤੀ ਕਰੀ ਕਿ ਮਹਾਰਾਜ ਜੀ! ਮੇਰੇ ਮਨ ਵਿਚ ਵਿਸ਼ਵਾਸ਼ ਨਹੀਂ ਆ ਰਿਹਾ ਕਿ ਰੂਹਾਂ ਇਸ ਤਰ੍ਹਾਂ ਦੇ ਨਾਲ ਬੰਦਿਆਂ ਨੂੰ ਫੜ ਲੈਂਦੀਆਂ ਹਨ। ਮੇਰੇ ਸਮਝ ਵਿਚ ਹੀ ਨਹੀਂ ਆ ਰਿਹਾ ਕਿ ਮੋਹਨ ਸਿੰਘ ਅਜਿਹੀਆਂ ਗੱਲਾਂ ਕਿਉਂ ਕਰ ਰਿਹਾ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਕੋਈ ਮਾਨਸਿਕ ਉਲਝਣ ਹੈ ਜਿਸ ਕਰਕੇ ਉਹ ਆਪਣੀ ਬੇਹੋਸ਼ੀ ਵਿਚੋਂ ਅਜਿਹੇ ਬਚਨ ਕੱਢੀ ਜਾਂਦਾ ਹੈ। ਸੰਤ ਮਹਾਰਾਜ ਜੀ ਕਹਿਣ ਲੱਗੇ, "ਹਾਂ, ਇਸ ਤਰ੍ਹਾਂ ਵੀ ਹੋ ਜਾਇਆ ਕਰਦਾ ਹੈ। ਜਿਸ ਤਰ੍ਹਾਂ ਬੀਬੀਆਂ ਹਿਸਟੇਰੀਏ ਦੀ ਬਿਮਾਰੀ ਦੇ ਅਧੀਨ ਆਈਆਂ ਰਿਸ਼ਤੇਦਾਰਾਂ, ਆਂਢੀਆਂ ਗੁਆਂਢੀਆਂ, ਭੈਣਾਂ ਭਰਾਵਾਂ ਜੋ ਸੰਸਾਰ ਤੋਂ ਜਾ ਚੁੱਕੇ ਹਨ ਉਨ੍ਹਾਂ ਦੇ ਨਾਮ ਲੈ ਲੈ ਕੇ ਬੋਲਦੀਆਂ ਹਨ, ਆਪ ਵੀ ਦੁਖੀ ਹੁੰਦੀਆਂ ਹਨ ਅਤੇ ਘਰਵਾਲਿਆਂ ਨੂੰ ਵੀ ਪਰੇਸ਼ਾਨੀ ਹੁੰਦੀ ਹੈ।" ਮੈਂ ਕਿਹਾ, "ਮਹਾਰਾਜ ਜੀ! ਆਪ ਸਮਾਂ ਬਖਸ਼ੋ ਤਾਂ ਉਹ ਆਪ ਦੇ ਚਰਨਾਂ ਵਿਚ ਆ ਜਾਵੇ। ਜੇ ਆਪ ਦੋ ਚਾਰ ਮਿੰਟ ਲਈ ਸਮਾਂ ਬਖਸ਼ ਦੇਵੋਂ ਤਾਂ ਦੋ ਚਾਰ ਮਿੰਟ ਵਿਚ ਗੱਲ ਕਰ ਲੈਣਗੇ। ਜੇ ਉਸ ਨੇ ਲੰਮੀ ਗੱਲ ਕਰਨੀ ਹੋਈ ਤਾਂ ਆਪ ਦੀ ਆਗਿਆ ਅਨੁਸਾਰ ਸਾਰੀ ਗੱਲ ਅਸੀਂ ਕਰ ਲਵਾਂਗੇ।" ਸੰਤ ਮਹਾਰਾਜ ਜੀ ਨੇ ਕਿਹਾ ਕਲ੍ਹ ਨੂੰ ਉਹ ਸਾਨੂੰ ਕੁਰਸੀ ਦੇ ਸਮੇਂ ਮਿਲ ਲਵੇ।

ਬਾਹਰ ਆ ਕੇ ਮੈਂ ਸਾਰੀ ਗੱਲ ਕੀਤੀ। ਉਸ ਰੂਹ ਨੂੰ ਵੀ ਬਹੁਤ ਖੁਸ਼ੀ ਹੋਈ ਅਤੇ ਕਹਿਣ ਲੱਗੀ ਕਿ ਆਖਰਕਾਰ ਮੁਝੇ ਪੀਰ ਜੀ ਕੇ ਦਰਸ਼ਨ ਹੋ ਹੀ ਜਾਏਂਗੇ ਔਰ ਮੇਰੀ ਕਲਿਆਣ ਹੋ ਹੀ ਜਾਏਗੀ। ਮੈਂ ਫਾਰਮ ਵਿਚ ਜ਼ਰੂਰੀ ਕੰਮ ਕਰਨ ਲਈ ਵਾਪਸ ਆਉਣਾ ਸੀ। ਇਸ ਲਈ ਦੂਸਰੇ ਦਿਨ ਜੋ ਉਸ ਦੀ ਪੇਸ਼ੀ ਸੀ ਉਸ ਤੋਂ ਮੈਂ ਵਾਂਝਾ ਰਹਿ ਗਿਆ ਪਰ ਤੀਸਰੇ ਦਿਨ ਜਦੋਂ ਮੈਂ ਗਿਆ ਸਿੰਘਾਂ ਨੇ ਸਾਰੀਆਂ ਗੱਲਾਂ ਦਸ ਦਿਤੀਆਂ।

ਇਹ ਵਾਰਤਾ ਬਹੁਤ ਲੰਮੀ ਹੈ। ਮੈਂ ਇਥੇ ਹੀ ਇਸ ਨੂੰ ਛਡਦਾ ਹਾਂ ਕਿਉਂਕਿ ਗਿਆਨੀ ਮੋਹਨ ਸਿੰਘ ਜੀ ਅਜ਼ਾਦ ਸਵਰਗਵਾਸੀ ਨੇ ਬਹੁਤ ਵਿਸਥਾਰ ਨਾਲ ਇਹ ਗੱਲਾਂ ਮੇਰੇ ਤੋਂ ਸੁਣ ਕੇ ਮਹਾਰਾਜ ਜੀ ਦੇ ਜੀਵਨ ਵਿਚ ਲਿਖ ਦਿਤੀਆਂ ਹਨ। ਸੋ ਉਨ੍ਹਾਂ ਨੂੰ ਮੈਂ ਇਥੇ ਦੁਹਰਾਉਣਾ ਨਹੀਂ ਚਾਹੁੰਦਾ। ਪਰਲੋਕ ਦੇ ਸਬੰਧ ਵਿਚ ਮੇਰੇ ਨਾਲ ਜੋ ਗੱਲਾਂ ਹੋਈਆਂ ਉਹ ਮੈਂ ਦਸਣਾ ਚਾਹੁੰਦਾ ਹਾਂ।

ਇਧਰ ਮੈਂ ਉਸ ਨੂੰ ਪੁਛਿਆ ਕਿ ਸੁਲੇਮਾਨ! ਤੇਰੀ ਯਾਦਦਾਸ਼ਤ ਬਹੁਤ ਹੈ। ਕੀ ਤੂੰ ਦਸ ਸਕਦਾ ਹੈਂ ਜਦੋਂ ਇਸ ਲੋਕ ਵਿਚੋਂ ਤੈਨੂੰ ਅਜ਼ਰਾਈਲ ਫਰੇਸਤਾ ਦੇ ਦੂਤ ਲੈਣ ਆਏ ਤਾਂ ਤੇਰੇ ਨਾਲ ਕਿਵੇਂ ਵਰਤਿਆ ਅਤੇ ਰਸਤਾ ਕਿਹੋ ਜਿਹਾ ਸੀ? ਇਹ ਗੱਲ ਮੈਂ ਉਸ ਨਾਲ ਉਸ ਸਮੇਂ ਕੀਤੀ ਜਦੋਂ ਸੰਤ ਮਹਾਰਾਜ ਜੀ ਹਾਪੜ ਤੋਂ ਮੁਰਾਦਬਾਦ ਆਏ ਹੋਏ ਸਨ, ਜਥਾ ਇਕ ਸਰਾਏਂ ਵਿਚ ਠਹਿਰਿਆ ਹੋਇਆ ਸੀ। ਸੰਤ ਮਹਾਰਾਜ ਜੀ ਰੇਲਵੇ ਕਲੋਨੀ ਵਿਚ ਰਿਹਾਇਸ਼ ਰਖਦੇ ਸਨ, ਮੈਂ ਸਰਾਏਂ ਦੀ ਉਪਰਲੀ ਛੱਤ ਉਤੇ ਆਪਣੇ ਧਿਆਨ ਵਿਚ ਮਗਨ ਬੈਠਾ ਸੀ। ਮੋਹਨ ਸਿੰਘ ਜਿਸ ਵਿਚ ਸੁਲੇਮਾਨ ਆਇਆ ਕਰਦਾ ਸੀ, ਉਸ ਨੂੰ ਮੇਰੇ ਕੋਲ ਪਰੇਰ ਕੇ ਲੈ ਆਇਆ ਅਤੇ ਬੈਠਦੇ ਸਾਰ ਹੀ 'ਸੁਭ੍ਹਾਨ ਅੱਲਾਹ-ਸੁਭ੍ਹਾਨ ਅੱਲਾਹ' ਦੀ ਰੱਟ ਲਾ ਕੇ ਸਿਰ ਘੁੰਮਾਉਣ ਲਗ ਗਿਆ। ਮੈਂ ਕਿਹਾ, "ਸੁਲੇਮਾਨ! ਮੈਂ ਤਾਂ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗਿਆ ਸੀ, ਫੇਰ ਦੀਵਾਨ ਸੁਣਨ ਜਾਣਾ ਹੈ ਤੂੰ ਇਥੇ ਵੀ ਆ ਗਿਆ।" ਕਹਿਣ ਲੱਗਿਆ, "ਮੈਂ ਇਕ ਬਹੁਤ ਹੀ ਜ਼ਰੂਰੀ ਗੱਲ ਕਰਨ ਆਇਆ ਹਾਂ ਜੋ ਮੇਰੇ ਮਨ ਵਿਚ ਹੈ।" ਕਹਿਣ ਲੱਗਿਆ, "ਮੈਂ ਆਪਣੇ ਜੀਵਨ ਵਿਚ ਦੋ ਇਸਤਰੀਆਂ ਨਾਲ ਸ਼ੈਤਾਨ ਦੇ ਵਸ ਆ ਕੇ, ਤੰਤ੍ਰ ਵਿਦਿਆ ਦੇ ਵਸ ਅਧੀਨ ਬਹੁਤ ਮੰਦ ਕੰਮ ਕਰਿਆ ਜਿਸ ਦੇ ਫਲਸਰੂਪ ਮੈਨੂੰ ਦਸਿਆ ਗਿਆ ਕਿ ਦੋਜਕ ਵਿਚ ਇਸਤ੍ਰੀਆਂ ਲੋਹੇ ਦੇ ਰੂਪ ਵਿਚ ਅੱਗ ਵਾਂਗੂੰ ਤਪਾ ਕੇ ਤੇਰੇ ਨਾਲ ਲਾਈਆਂ ਜਾਣਗੀਆਂ। ਮੈਂ ਬਹੁਤ ਡਰ ਗਿਆ। ਮੇਰੇ ਹੁਣ ਤਕ ਯਾਦ ਹੈ ਤੁਸੀਂ ਸੰਤ ਮਹਾਰਾਜ ਜੀ ਨੂੰ ਕਹਿ ਕੇ ਮੇਰੇ ਇਸ ਪਾਪ ਦੀ ਨਵਿਰਤੀ ਕਰਾ ਦੇਵੋ।" ਉਸ ਦੀ ਗੱਲ ਸੁਣ ਕੇ ਮੈਂ ਉਤਰ ਤਾਂ ਦਿਤਾ ਨਾ ਕਿਉਂਕਿ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਸੰਤ ਮਹਾਰਾਜ ਜੀ ਨੇ ਮਨੁੱਖ ਦੀ ਜੂਨੀ ਤਾਂ ਇਸ ਨੂੰ ਬਖਸ਼ ਹੀ ਦਿਤੀ ਹੈ ਤਾਂ ਇਹ ਮਨੁੱਖ ਜਾਮੇ ਵਿਚ ਆਪਣੇ ਗੁਨਾਹ ਬੰਦਗੀ ਕਰਕੇ ਆਪ ਹੀ ਠੀਕ ਕਰ ਲਵੇਗਾ। ਉਸ ਵੇਲੇ ਮੈਂ ਫੇਰ ਪਰਲੋਕ ਦੀ ਗੱਲ ਪੁਛੀ, ਉਹ ਰੋਣ ਲਗ ਗਿਆ।



Sri Satguru Jagjit Singh Ji eLibrary NamdhariElibrary@gmail.com

ਕਹਿਣ ਲੱਗਿਆ 999 ਸਾਲ ਲੰਘ ਚੁੱਕੇ ਹਨ ਪਰ ਜੋ ਮੈਂ ਤਸੀਹੇ ਝੱਲੇ, ਉਹ ਮੈਂ ਹੁਣ ਤਕ ਨਹੀਂ ਭੁੱਲ ਸਕਿਆ। ਦੁਨੀਆਂ ਤਾਂ ਮੂਰਖ ਹੈ ਜੋ ਗੁਰੂਆਂ, ਪੀਰਾਂ ਦੇ ਕਲਾਮਾਂ ਉਪਰ ਵਿਸ਼ਵਾਸ਼ ਨਹੀਂ ਕਰਦੀ। ਕਰੇ ਵੀ ਕਿਵੇਂ ਕਿਉਂਕਿ ਉਨ੍ਹਾਂ ਨੂੰ ਨਿਸ਼ਚੇ ਪੂਰਵਕ ਕੋਈ ਦਸਣ ਵਾਲਾ ਵੀ ਨਹੀਂ ਹੈ। ਦੂਸਰਾ ਉਹ ਯਕੀਨ ਵੀ ਨਹੀਂ ਕਰਦੇ ਕਿਉਂਕਿ ਉਸ ਦੇ ਅੰਗ-ਅੰਗ ਉਤੇ ਸ਼ੈਤਾਨ ਹਾਵੀ ਹੋਇਆ ਕਰਦਾ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਮੇਰੇ ਵਾਂਗੂੰ ਗਲ ਵਿਚ ਸੰਗਲ ਪਾ ਕੇ ਜਮਦੂਤ ਘਸੀਟਦੇ ਹਨ। ਮੈਂ ਕਿਹਾ ਕਿ ਤੁਹਾਡੀ ਬੋਲੀ ਵਿਚ ਤਾਂ ਜਮਦੂਤਾਂ ਨੂੰ ਹੋਰ ਕੁਝ ਕਹਿੰਦੇ ਹਨ। ਕਹਿਣ ਲੱਗਿਆ ਮੈਂ ਰੋਜ਼ ਦੀਵਾਨ ਸੁਣਦਾ ਹਾਂ, ਸਾਖੀਆਂ ਸੁਣਦਾ ਹਾਂ ਮੈਨੂੰ ਬਹੁਤ ਕੁਝ ਪਤਾ ਲੱਗ ਗਿਆ ਹੈ, ਮੈਂ ਉਨ੍ਹਾਂ ਨੂੰ ਜਮਦੂਤ ਨਾ ਕਹਾਂ ਤਾਂ ਹੋਰ ਕੀ ਕਹਾਂ। ਉਨ੍ਹਾਂ ਨੇ ਮੇਰੇ ਗਲ ਵਿਚ ਸੰਗਲ ਪਾ ਲਏ, ਹਨ੍ਹੇਰਾ ਹੀ ਹਨ੍ਹੇਰਾ ਆ ਗਿਆ, ਮੈਂ ਗਿਰ ਗਿਆ ਜਿਵੇਂ ਮਰੇ ਕੁੱਤੇ ਨੂੰ ਘਸੀਟਦੇ ਹਨ ਇਵੇਂ ਮੈਨੂੰ ਉਹ ਘਸੀਟਦੇ ਸੀ, ਉਹ ਸੰਤਾਪ ਮੇਰੇ ਸੂਖਸ਼ਮ ਸਰੀਰ ਤੋਂ ਸਹਿ ਨਾ ਹੋਇਆ, ਮੈਂ ਬੇਨਤੀਆਂ ਕੀਤੀਆਂ, ਮਿੰਨਤਾਂ ਕੀਤੀਆਂ ਕਿ ਮੈਨੂੰ ਬਖਸ਼ ਦੇਵੋ, ਚਾਨਣਾ ਕਰ ਦੇਵੋ। ਉਹ ਕਹਿਣ ਲੱਗੇ ਜੇ ਚਾਨਣਾ ਕਰਾਉਣਾ ਸੀ ਤਾਂ ਇਬਾਦਤ ਕਰਨੀ ਸੀ। ਮੈਂ ਝੱਟ ਹੀ ਪੁਛਿਆ ਕਿ ਕੀ ਤੂੰ ਇਬਾਦਤ ਨਹੀਂ ਕਰਦਾ ਸੀ? ਕਹਿਣ ਲੱਗਿਆ, "ਗਿੱਲ ਸਾਹਿਬ! ਮੇਰੀਆਂ ਤਾਂ ਅੱਖਾਂ ਬੰਦ ਹੀ ਰਹੀਆਂ, ਮੈਂ ਕੱਟੜ ਮਜ਼ਹਬੀ ਸੀ, ਜੇ ਮੈਂ ਰੋਜ਼ੇ ਰਖਦਾ ਸੀ ਤਾਂ ਉਹ ਦਿਖਾਵੇ ਵਾਸਤੇ ਰਖਦਾ ਸੀ, ਅੱਲਾਹ ਨੂੰ ਪਿਆਰ ਨਹੀਂ ਸੀ ਕਰਦਾ। ਉਸ ਦੀ ਥਾਂ ਤੇ ਮੈਂ ਤੰਤਰਾਂ ਮੰਤਰਾਂ ਰਾਹੀਂ ਕਰਾਮਾਤਾਂ, ਜਾਦੂ ਟੂਣੇ ਕਰਿਆ ਕਰਦਾ ਸੀ। ਮੇਰੇ ਤੋਂ ਸਭ ਲੋਕ ਡਰਦੇ ਸਨ, ਬਹੁਤ ਕਰਾਮਾਤਾਂ ਮੇਰੇ ਕੋਲ ਸਨ।"

ਇਥੇ ਹੀ ਇਕ ਗੱਲ ਮੈਂ ਹੋਰ ਦਸਣੀ ਚਾਹੁੰਦਾ ਹਾਂ ਕਿ ਇਕ ਵਾਰੀ ਉਸ ਨੇ ਕਿਹਾ ਕਿ ਮੈਂ ਤੁਹਾਨੂੰ ਉਹ ਕਾਲੇ ਮੰਤਰ ਦਸਣੇ ਚਾਹੁੰਦਾ ਹਾਂ ਜੋ ਮੈਂ ਕਰਿਆ ਕਰਦਾ ਸੀ, ਇਹ ਇਕ ਵਿਦਿਆ ਹੈ ਇਹ ਅਲੋਪ ਹੋ ਜਾਵੇਗੀ। ਤੁਹਾਡੇ ਤੋਂ ਚੰਗਾ ਮੈਨੂੰ ਕੋਈ ਨਹੀਂ ਮਿਲਿਆ ਇਸ ਕਰਕੇ ਮੈਂ ਤੁਹਾਨੂੰ ਦਸਣੇ ਚਾਹੁੰਦਾ ਹਾਂ। ਤੁਸੀਂ ਕਾਗਜ਼ ਪੈਨਸ਼ਲ ਲਿਆਓ ਮੈਂ ਤੁਹਾਨੂੰ ਲਿਖਾ ਦਿੰਦਾ ਹਾਂ। ਮੈਂ ਕਾਗਜ਼ ਪੈਨਸ਼ਲ ਤਾਂ ਨਾ ਲਿਆਇਆ ਕਿਉਂਕਿ ਉਸ ਦੀਆਂ ਅੱਖਾਂ ਬੰਦ ਸੀ ਤੇ ਉਹ ਬੋਲ ਰਿਹਾ ਸੀ। ਉਸ ਨੇ ਕਿਹਾ ਜੇਠ ਦਾ ਮਹੀਨਾ ਹੋਵੇ, ਰੋਹੀ ਦੀ ਕਾਲੀ ਕਿੱਕਰ ਜਿਥੇ ਕੋਈ ਨਾ ਆਵੇ ਜਾਵੇ ਉਤੇ 15 ਦਿਨ ਟੋਆ ਪੁੱਟ ਕੇ ਟੱਟੀ ਵਗੈਰਾ ਕਰੇ, ਉਸ ਨੂੰ ਢੱਕ ਕੇ 15 ਦਿਨਾਂ ਬਾਅਦ ਲੇਪਨ ਕਰੇ। ਉਸ ਉਪਰ ਇਸ ਮੰਤਰ, ਕਲਾਮ ਦਾ ਜਾਪ ਕਰੇ। ਮੈਂ ਕੰਨ ਬੰਦ ਕਰ ਲਏ ਸਨ ਪਰ ਉਹ ਐਨਾ ਉਚੀ ਬੋਲਦਾ ਸੀ ਕਿ ਕੰਨ ਬੰਦ ਨਾਲ ਵੀ ਸੁਣਦਾ ਸੀ। ਉਸ ਨੇ ਅਚਾਨਕ ਹੀ ਅੱਖਾਂ ਖੋਲ੍ਹੀਆਂ ਤਾਂ ਕਹਿਣ ਲੱਗਿਆ ਕਿ ਮੈਂ ਤੁਹਾਨੂੰ ਕੀ ਦਸਾਂ ਮੈਂ ਤਾਂ ਤੁਹਾਨੂੰ ਲਿਖਾਉਣਾ ਸੀ ਪਰ ਤੁਸੀਂ ਤਾਂ ਕੰਨ ਬੰਦ ਕਰਕੇ ਬੈਠੇ ਹੋ। ਮੈਂ ਕਿਹਾ, "ਸੁਲੇਮਾਨ! ਤੂੰ ਇਨ੍ਹਾਂ ਜੰਤਰਾਂ ਮੰਤਰਾਂ ਕਰਕੇ ਹੀ ਅੱਜ ਐਨਾ ਦੁਖ ਪਾ ਰਿਹਾ ਹੈਂ। ਇਹ ਦਸ ਤੇਰੀਆਂ ਸ਼ਕਤੀਆਂ ਕਿਸੇ ਕੰਮ ਆਈਆਂ? ਤੂੰ ਮੈਨੂੰ ਦੱਸ ਕੀ ਤੂੰ ਮੈਨੂੰ ਵੀ ਪ੍ਰੇਤ ਬਣਾਉਣਾ ਚਾਹੁੰਦਾ ਹੈਂ?" ਇਹ ਗੱਲ ਸੁਣ ਕੇ ਉਹ ਚੁੱਪ ਕਰ ਗਿਆ। ਕਹਿਣ ਲੱਗਿਆ, "ਗਿੱਲ ਸਾਹਿਬ! ਤੁਹਾਨੂੰ ਰੂਹਾਨੀ ਸੂਝ ਬਹੁਤ ਹੈ, ਮੈਂ ਤਾਂ ਭੁੱਲਿਆ ਹੀ ਰਿਹਾ।"

ਮੈਨੂੰ ਉਹ ਦਸ ਰਿਹਾ ਸੀ ਕਿ ਹਨ੍ਹੇਰਾ ਗੁਬਾਰ ਆ ਗਿਆ। ਮੈਂ ਵੀ ਸੋਚਿਆ ਕਿ ਮਹਾਰਾਜ ਜੀ ਕਹਿੰਦੇ ਹਨ -

***ਜਿਹ ਪੈਡੇ ਮਹਾ ਅੰਧ ਗੁਬਾਰਾ॥*** ***ਪੰਨਾ - 264***

ਉਸ ਦੀ ਗੱਲ ਕਰ ਰਿਹਾ ਹੈ। ਬਹੁਤ ਮੁਸ਼ਕਲ ਨਾਲ ਇਹ ਰਸਤਾ ਮੁਕਿਆ, ਫੇਰ ਇਕ ਐਸੇ ਜੰਗਲ ਵਿਚ ਪਹੁੰਚ ਗਿਆ ਜਿਸ ਦੇ ਪੱਤੇ ਤਲਵਾਰਾਂ ਜਿੱਡੇ ਤਿੱਖੇ ਸਨ, ਬਹੁਤ ਪੱਤੇ ਝੜ ਰਹੇ ਸਨ, ਉਹ ਤਲਵਾਰਾਂ ਦੀਆਂ ਨੋਕਾਂ ਵਾਂਗੂੰ ਮੇਰੇ ਸਿਰ ਵਿਚ ਧੱਸ ਜਾਂਦੇ ਸਨ, ਮੈਂ ਚੀਕਾਂ ਮਾਰਦਾ ਸੀ, ਫੇਰ ਅੱਗੇ ਅਜਿਹੀ ਗਰਮ ਧਰਤੀ ਆਈ ਜੋ ਕਦੇ ਸੁਣੀ ਵੇਖੀ ਨਹੀਂ। ਕਿਉਂਕਿ ਮੇਰਾ ਸੂਖਸ਼ਮ ਸਰੀਰ ਸੀ, ਨਾ ਇਹ ਮਰਦਾ ਸੀ ਪਰ ਦੁਖ ਮਹਿਸੂਸ ਕਰਦਾ ਸੀ। ਇਥੇ ਮੈਂ ਬਹੁਤ ਦੁਹਾਈ ਮਚਾਈ ਪਰ ਕਿਸੇ ਨੇ ਮੇਰੀ ਨਾ ਸੁਣੀ ਕਿਉਂਕਿ ਮੈਂ ਜਿਉਂਦੇ ਜਿਉਂਦੇ ਇਸ ਰਸਤੇ ਨੂੰ ਲੰਘਣ ਦੀ ਤਿਆਰੀ ਨਹੀਂ ਸੀ ਕੀਤੀ। ਗੁਰੂ ਮਹਾਰਾਜ ਜੀ ਵੀ ਦਸਦੇ ਹਨ -

***ਜਹ ਮਹਾ ਭਇਆਨ ਤਪਤਿ ਬਹੁ ਘਾਮ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥***
***ਪੰਨਾ - 264***

ਉਸ ਤੋਂ ਅੱਗੇ ਮੈਨੂੰ ਬਹੁਤ ਹੀ ਭੁੱਖ ਪਿਆਸ ਲੱਗੀ ਪਰ ਕੁਝ ਵੀ ਖਾਣ ਨੂੰ ਨਾ ਮਿਲਿਆ। ਗਿੱਲ ਸਾਹਿਬ! ਮੈਂ ਕੀ ਦਸਾਂ, ਮੇਰੇ ਤੋਂ ਨਾ ਪੁਛੋ ਤਾਂ ਚੰਗਾ ਹੀ ਹੈ ਕਿਉਂਕਿ ਮੈਂ ਬਹੁਤ ਬਹੁਤ ਦਿਨ ਤਕ ਇਹ ਭੋਗਿਆ ਹੋਇਆ ਸੰਕਟ ਯਾਦ ਕਰਕੇ ਰੋਂਦਾ ਹੀ ਰਹਿੰਦਾ ਹਾਂ। ਵੈਸੇ ਤਾਂ ਸਾਡੇ ਪ੍ਰੇਤ ਜਨਮ ਵੀ ਅੱਗ ਵਰਗਾ ਹੀ ਹੈ। ਜਿਸ ਵਿਚ ਅਸੀਂ ਹਮੇਸ਼ਾ ਜਲਦੇ ਰਹਿੰਦੇ ਹਾਂ। ਭੁੱਖ ਸਾਨੂੰ ਲਗਦੀ ਹੈ ਤਾਂ ਐਨੀ ਲਗਦੀ ਹੈ ਕਿ ਰਜਦੇ ਨਹੀਂ ਹਾਂ। ਮੂੰਹ ਸਾਡਾ ਐਨਾ ਛੋਟਾ ਹੈ ਕਿ ਜੇ 24 ਘੰਟੇ ਖਾਈਏ ਤਾਂ ਵੀ ਪੇਟ ਨਹੀਂ ਭਰਦਾ। ਮੈਂ ਉਸ ਨੂੰ ਪੁਛਿਆ ਕਿ ਤੁਸੀਂ ਕੀ ਖਾਂਦੇ ਹੋ? ਤਾਂ ਕਹਿਣ ਲੱਗਿਆ, "ਤੁਸੀਂ ਅਜਿਹਾ ਭੇਤ ਨਾ ਪੁਛੋ ਤਾਂ ਚੰਗਾ ਹੀ ਹੈ ਤੁਸੀਂ ਮੇਰੇ ਤੋਂ ਬਹੁਤ ਨਫਰਤ ਕਰਨ ਲਗੋਂਗੇ।"

ਮੇਰੇ ਬਾਰ-ਬਾਰ ਜ਼ੋਰ ਦੇਣ ਤੇ ਉਸ ਨੇ ਕਿਹਾ ਕਿ ਅਸੀਂ ਕੋਲੇ ਵਿਚੋਂ ਨਿਕਲੀ ਗੈਸ ਖਾਂਦੇ ਹਾਂ। ਮੈਂ ਤਾਂ ਫੇਰ ਵੀ ਚੰਗਾ ਹਾਂ ਕਈ ਤੁਹਾਡੇ ਵਿਸ਼ਟੇ ਦੀ ਗੈਸ ਨਾਲ ਆਪਣਾ ਪੇਟ ਭਰਨਾ ਚਾਹੁੰਦੇ ਹਨ। ਜਦੋਂ ਮੈਂ ਅਜ਼ਰਾਈਲ ਫਰੇਸ਼ਤਾ ਦੇ ਪਹੁੰਚਿਆ ਤਾਂ ਉਸ ਨੇ ਇਕ ਦਮ ਕਿਹਾ ਕਿ ਆਦਮ ਜਾਤ ਵਿਚ ਤੈਨੂੰ ਸਮਾਂ ਮਿਲਿਆ ਸੀ ਪਰ ਤੂੰ ਉਹ ਸਮਾਂ ਬਰਬਾਦ ਕਰਕੇ ਆਇਆ ਹੈਂ। ਜਾਹ ਸਭ ਤੋਂ ਪਹਿਲਾਂ ਤੈਨੂੰ ਬਦ ਰੂਹ ਬਣਾਉਂਦੇ ਹਾਂ। ਉਸ ਦਿਨ ਤੋਂ ਮੈਂ ਆਪਣੀ ਕਬਰ ਉਪਰ ਹੀ ਰਹਿ ਰਿਹਾ ਸੀ ਕਿ ਅਚਾਨਕ ਮਨਮੋਹਨ ਸਿੰਘ ਉਥੋਂ ਦੀ ਟਰੱਕ ਲੈ ਕੇ ਜਾ ਰਿਹਾ ਸੀ ਕਿ ਉਸ ਨੇ ਪਿਸ਼ਾਬ ਕਰ ਦਿਤਾ। ਮੇਰੇ ਨਾਲ ਅੱਠ ਹੋਰ ਪ੍ਰੇਤ ਬੈਠੇ ਸਨ। ਉਨ੍ਹਾਂ ਨੇ ਤਾਂ ਕੁਝ ਨਾ ਕਿਹਾ ਪਰ ਮੈਂ ਪਹਿਚਾਣ ਲਿਆ ਕਿ ਇਹ ਤਾਂ ਓਹੀ ਬੈਰਾਗੀ ਸਾਧ ਹੈ ਜੋ ਮੇਰੀ ਲੜਕੀ ਨੂੰ ਜ਼ਬਰਦਸਤੀ ਚੁਕ ਲਿਆਇਆ ਸੀ। ਇਸ ਤੋਂ ਬਦਲਾ ਲੈਣ ਦਾ ਸਮਾਂ ਆ ਗਿਆ ਅਤੇ ਮੈਂ ਇਸ ਨੂੰ ਫੜ ਲਿਆ, ਬਹੁਤ ਦੁਖੀ ਕੀਤਾ। (ਇਸ ਤੋਂ ਅੱਗੇ ਅਸਾਡੇ ਲੇਖ ਨਾਲ ਕੋਈ ਸਬੰਧ ਨਾ ਹੋਣ ਕਰਕੇ ਮੈਂ ਹੋਰ ਗੱਲਾਂ ਨਹੀਂ ਲਿਖਦਾ।)



Sri Satguru Jagjit Singh Ji eLibrary NamdhariElibrary@gmail.com

ਪਰਲੋਕ ਦਾ ਰਸਤਾ ਮੈਂ ਸੁਣ ਤਾਂ ਲਿਆ ਅਤੇ ਸੋਚਦਾ ਰਿਹਾ ਕਿ ਇਹ ਰਸਤਾ ਕਿੰਨਾ ਭਿਆਨਕ ਹੈ ਜਿਸ ਵਿਚੋਂ ਪਾਪ ਕਰਨ ਵਾਲਿਆਂ ਨੂੰ ਲੰਘਣਾ ਪੈਂਦਾ ਹੈ। ਇਸੇ ਤਰ੍ਹਾਂ ਨਾਲ ਇਸ ਰਸਤੇ ਬਾਰੇ ਖੋਲ੍ਹ ਕੇ ਜੇ ਕੁਝ ਵਾਕਫੀਅਤ ਹਾਸਲ ਕਰਨੀ ਹੋਵੇ ਤਾਂ ਜਮ ਮਾਰਗ ਨੂੰ ਚੰਗੀ ਤਰ੍ਹਾਂ ਜਾਨਣ ਲਈ ਗਰੜ ਪੁਰਾਣ ਤੋਂ ਵਾਕਫੀ ਹਾਸਲ ਕੀਤੀ ਜਾ ਸਕਦੀ ਹੈ।

ਰਸਤੇ ਵਿਚ 16 ਪੁਰੀਆਂ ਆਉਂਦੀਆਂ ਹਨ ਅਤੇ ਕਈ 21 ਪੁਰੀਆਂ ਦਾ ਜ਼ਿਕਰ ਕਰਦੇ ਹਨ। ਜਿਨ੍ਹਾਂ ਦੇ ਨਾਮ - 1. ਸੋਮ ਪੁਰ, 2. ਸੌਰੀ ਪੁਰ 3. ਨਗੇਂਦਰ ਭਵਨ, 4. ਗੰਧਰਬ, 5. ਦੌਲਾਗਮ, 6. ਕ੍ਰੌਂਚ, 7. ਕ੍ਰੂਰ ਪੁਰ 8. ਵਿਚਿਤਰ ਭਵਨ 9. ਵਹਵਾ ਪਦ, 10. ਦੁੱਖਦ 11. ਨਾਨਾ ਕ੍ਰੰਦ ਪੁਰ 12. ਸੁਤਪਤ ਭਵਨ, 13. ਰੌਦ੍ਰ ਪੁਰ, 14. ਯਸ਼ੋ ਵਰਖਨ, 15. ਸੀਤਾਡਯ, 16. ਬਹੁਭੀਤ ਅਤੇ ਸਤਾਰ੍ਹਵੀਂ ਜਮਪੁਰੀ ਹੋਇਆ ਕਰਦੀ ਹੈ ਜਿਥੇ ਜਾ ਕੇ ਜਮਦੂਤ ਪਾਪੀ ਜੀਵ ਦੀਆਂ ਬੇੜੀਆਂ ਤੇ ਹਥਕੜੀਆਂ ਲਾਹ ਕੇ ਅਗਲੇ ਦੁਖ ਭੋਗਣ ਲਈ ਛੱਡ ਦਿੰਦੇ ਹਨ। ਇਸ ਰਸਤੇ ਵਿਚ ਇਕ ਨਦੀ ਆਉਂਦੀ ਹੈ ਜਿਸ ਨੂੰ ਵੈਤਰਨੀ ਨਦੀ ਆਖਦੇ ਹਨ ਜਿਸ ਦਾ ਪੁਲ ਵਾਲ ਤੋਂ ਵੀ ਪਤਲਾ ਅਤੇ ਖੰਡੇ ਤੋਂ ਵੀ ਤਿੱਖਾ ਹੈ। ਇਥੋਂ ਦੀ ਜਦੋਂ ਜੀਵ ਲੰਘਦਾ ਹੈ, ਕੱਟ-ਕੱਟ ਕੇ ਵੈਤਰਨੀ ਨਦੀ ਵਿਚ ਗਿਰਦਾ ਹੈ। ਬਹੁਤ ਪੁਕਾਰਾਂ ਕਰਦਾ ਹੈ, ਖੂਨ ਦੀ ਨਦੀ ਹੈ, ਬਹੁਤ ਸਜ਼ਾ ਭੁਗਤਣ ਤੋਂ ਬਾਅਦ ਪਾਰ ਲੰਘਦਾ ਹੈ, ਉਥੇ ਸੂਖਸ਼ਮ ਮਲਾਹ ਇਨ੍ਹਾਂ ਜੀਵਾਂ ਨੂੰ ਆਖਦੇ ਹਨ ਕਿ ਅਸੀਂ ਬੇੜੀ ਲੈ ਆਉਂਦੇ ਹਾਂ ਪਰ ਉਸ ਦੇ ਬਦਲੇ ਪੁੰਨ ਦੇਣੇ ਪੈਣਗੇ। ਇਹ ਨਦੀ ਕੀਤੇ ਹੋਏ ਪੁੰਨ ਦਾਨ ਨਾਲ ਹੀ ਜੀਵ ਪਾਰ ਕਰ ਸਕਿਆ ਕਰਦਾ ਹੈ। ਪਾਪੀ ਲੋਕ ਜਦੋਂ ਇਸ ਦੇ ਕੰਢੇ ਪਹੁੰਚਦੇ ਹਨ, ਰੋਂਦੇ ਹਨ ਤਾਂ ਨਦੀ ਗਰਜਣ ਲਗ ਜਾਂਦੀ ਹੈ। ਮਹਾਰਾਜ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ -

***ਪੁਰਸਲਾਤ ਕਾ ਪੰਥ ਦੁਹੇਲਾ॥***
***ਸੰਗਿ ਨ ਸਾਥੀ ਗਵਨੁ ਇਕੇਲਾ॥ ਪੰਨਾ - 793***

ਅੱਗੇ ਜੋ ਨਰਕਾਂ ਦੇ ਦੁਖ ਹਨ ਉਹ ਸਹਿਣੇ ਬਹੁਤ ਔਖੇ ਹਨ, ਆਮ ਤੌਰ ਉਪਰ 21 ਨਰਕ ਗਿਣੇ ਜਾਂਦੇ ਹਨ, ਸਭ ਤੋਂ ਦੁਖਦਾਇਕ ਨਰਕ ਕੁੰਭੀ ਨਰਕ ਹੋਇਆ ਕਰਦਾ ਹੈ। ਪਿਛਲੇ ਸ਼ਾਸ਼ਤਰਾਂ ਵਿਚ ਨਰਕਾਂ ਦੇ ਵੀ ਨਾਮ ਦੱਸੇ ਗਏ ਹਨ।

1. ਤਾਮਿਸਰ, 2. ਲੋਹ ਸ਼ੰਕੁ, 3. ਮਹਾ ਰੋਰਵ, 4. ਸ਼ਾਲਮਲੀ, 5. ਰੋਰਵ, 6. ਕੁਡਮਲ, 7. ਕਾਲ ਸੂਤਰਕ, 8. ਪੂਤੀ ਮ੍ਰਿਤਕ, 9. ਸੰਘਾਤ, 10. ਲੋਹਿਤੋਦ, 11. ਸਵਿਖ, 12, ਸੰਪ੍ਰਤਾਪਨ, 13. ਮਗਨਿਰਯ, 14. ਕਾਕੋਲ, 15. ਸੰਜੀਵਨ, 16. ਮਹਾ ਪਥ, 17. ਅਬੀਚਿ, 18. ਅੰਧ ਤਾਮਿਸਰ, 19. ਕੁੰਭੀ ਪਾਕ, 20. ਸੰਪ੍ਰਤਾਪਨ ਨਾਮ 21. ਤਪਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੀਵ ਐਨਾ ਦੁਖ ਪਾਉਂਦਾ ਹੈ ਜੋ ਕਹਿਣ ਸੁਣਨ ਤੋਂ ਬਾਹਰ ਹੈ।

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***
***ਪੰਨਾ - 1425***

ਪਹਿਲੇ ਸਮਿਆਂ ਵਿਚ ਲੋਕਾਂ ਦੇ ਸੁਭਾਅ ਬਹੁਤ ਠੰਢੇ ਸਨ ਉਹ ਡੇਰਿਆਂ ਵਿਚ ਬੈਠ ਕੇ ਅਜਿਹੀਆਂ ਕਥਾਵਾਂ ਸੁਣਿਆ ਕਰਦੇ ਸਨ ਜਿਨ੍ਹਾਂ ਦਾ ਅਸਰ ਸੋਸਾਇਟੀ ਉਤੇ ਬਹੁਤ ਅਸਰ ਹੋਇਆ ਕਰਦਾ ਹੈ। ਲੋਕ ਕਿਰਤ ਕਰਦੇ ਸਨ, ਅਮਨ ਨਾਲ ਰਹਿੰਦੇ ਸਨ। ਪਾਪ ਬਹੁਤ ਘੱਟ ਹੋਇਆ ਕਰਦੇ ਸਨ ਪਰ ਹੁਣ ਤਾਂ ਪੜ੍ਹੇ ਲਿਖੇ ਨਾਸਤਕ ਵੱਡੀਆਂ-ਵੱਡੀਆਂ ਡਿਗਰੀਆਂ ਲੈ ਕੇ ਕਹਿ ਦਿੰਦੇ ਹਨ ਨਾ ਕੋਈ ਨਰਕ ਹੈ, ਨਾ ਸਵਰਗ ਹੈ ਇਹ ਸਭ ਗੱਲਾਂ ਡਰਾਉਣ ਵਾਸਤੇ ਹਨ। ਪਿਛੇ ਦਸਿਆ ਜਾ ਚੁਕਿਆ ਹੈ ਕਿ -

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।।***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ।।***
***ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ - 463***

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ - 38***

ਧਰਮਰਾਜ ਨੂੰ ਇਹ ਵੀ ਹੁਕਮ ਹੈ ਕਿ ਜੇ ਬੰਦਗੀ ਕਰਨ ਵਾਲਾ ਆ ਜਾਵੇ ਤਾਂ ਉਨ੍ਹਾਂ ਦੀ ਸੇਵਾ ਕਰੇ -

***ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥***
***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥***
***ਪੰਨਾ - 38***

ਸੋ ਇਸ ਤਰ੍ਹਾਂ ਦੇ ਨਾਲ ਜੀਵ ਨੂੰ ਬਹੁਤ ਭਿਆਨਕ ਦੁੱਖ ਸਹਿਣੇ ਪੈਂਦੇ ਹਨ ਪਰ ਕੁਝ ਕਥਾਵਾਂ ਐਸੀਆਂ ਆਉਂਦੀਆਂ ਹਨ ਕਿ ਜਿਹੜਾ ਪੁਰਸ਼ ਆਪਣੇ ਜੀਵਨ ਵਿਚ ਮਹਾਂਪੁਰਸ਼ਾਂ ਦਾ ਸਤਿਕਾਰ ਕਰਦਾ ਹੈ ਅਤੇ ਉਨ੍ਹਾਂ ਨੂੰ ਜੀਉ ਜੀਉ ਕਹਿ ਕੇ ਬੜੇ ਸਤਿਕਾਰ ਨਾਲ ਬੁਲਾਉਂਦਾ ਹੈ ਉਨ੍ਹਾਂ ਨੂੰ ਜਮਦੂਤ ਮਾਰ ਨਹੀਂ ਸਕਿਆ ਕਰਦੇ।

ਇਕ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ 'ਜਲ੍ਹਣ' ਜੀ ਸੀ। ਆਪ ਗੁਰੂ ਛੇਵੇਂ ਪਾਤਸ਼ਾਹ ਦੇ ਸਮੇਂ ਲਾਹੌਰ ਵਿਚ ਰਹਿੰਦੇ ਸਨ। ਜੱਟ ਜਾਤੀ ਨਾਲ ਸਬੰਧ ਰਖਦੇ ਸਨ ਪਰ ਕਰਨੀ ਕਮਾਈ ਵਿਚ ਪੂਰੇ ਸਨ। ਗੁਰੂ ਛੇਵੇਂ ਪਾਤਸ਼ਾਹ ਵੇਲੇ ਆਪ ਉਨ੍ਹਾਂ ਦੇ ਦਰਸ਼ਨ ਕਰਨ ਆਏ ਤਾਂ ਆਪ ਨੂੰ ਮਹਾਰਾਜ ਜੀ ਨੇ ਪੁਛਿਆ, ਭਗਤ ਜੀ! ਤੁਸੀਂ ਤਾਂ ਅਰਾਮ ਨਾਲ ਰਹਿੰਦੇ ਹੋ, ਸਾਡੇ ਪਿਛੇ ਮੁਗਲ ਪਏ ਰਹਿੰਦੇ ਹਨ। ਕਾਰਨ ਕੀ ਹੈ?' ਤਾਂ ਜੱਟ ਭਗਤ ਨੇ ਜਟਕੀ ਬੋਲੀ ਵਿਚ ਹੀ ਉਤਰ ਦਿਤਾ ਕਿ ਮਹਾਰਾਜ ਜੀ! ਤੁਸੀਂ ਮਾਇਆ ਰੂਪੀ ਕੁੱਤੀ ਮੰਜੇ ਦੇ ਪਾਵੇ ਨਾਲ ਬੰਨ੍ਹੀ ਹੋਈ ਹੈ, ਕੁੱਤੇ ਉਸ ਕਰਕੇ ਆਉਂਦੇ ਹਨ। ਕੁੱਤੀ ਨੂੰ ਛੱਡ ਦੇਵੋ ਆਪੇ ਹਟ ਜਾਣਗੇ। ਆਪ ਨੇ ਕਿਹਾ 'ਜਲ੍ਹਣ' ਜੀ ਅਸੀਂ ਤਾਂ ਹੁਣ ਕੁੱਤਿਆ ਦੇ ਸਿਰ ਭੰਨਾਂਗੇ, ਮਾਇਆ ਰੂਪ ਕੁੱਤੀ ਤੋਂ ਪਰਉਪਕਾਰ ਦੇ ਕੰਮ ਲਵਾਂਗੇ।

ਭਗਤ ਜਲ੍ਹਣ ਜੀ ਦੀ ਮਾਨਤਾ ਬਹੁਤ ਵਧ ਗਈ ਅਤੇ ਇਹ ਇਸ ਮਾਨਤਾ ਤੋਂ ਤੰਗ ਆ ਕੇ ਲਾਹੌਰ ਤੋਂ ਕਾਫੀ ਦੂਰ ਉਸ ਥਾਂ ਚਲੇ ਗਏ ਜਿਥੇ ਇਨ੍ਹਾਂ ਨੂੰ ਕੋਈ ਜਾਣਦਾ ਨਹੀਂ ਸੀ। ਉਥੇ ਜਾ ਕੇ ਆਪ ਨੇ ਇਹ ਮਰਿਆਦਾ ਧਾਰਨ ਕੀਤੀ ਕਿ ਮਜ਼ਦੂਰੀ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਇਕ ਸੇਠ ਦਾ


Sri Satguru Jagjit Singh Ji eLibrary NamdhariElibrary@gmail.com

ਕੰਮ ਜੋ ਕਈ ਮਹੀਨੇ ਚਲਣਾ ਸੀ ਉਥੇ ਆਪ ਨੇ ਨੌਕਰੀ ਕਰ ਲਈ। ਹਫਤੇ ਬਾਅਦ ਉਥੇ ਮਜ਼ਦੂਰੀ ਦਾ ਹਿਸਾਬ ਹੋਇਆ ਕਰਦਾ ਸੀ। ਪਰ ਉਥੇ ਦਾ ਜੋ ਮੁਨਸ਼ੀ ਸੀ ਉਹ ਪੈਸੇ ਟਕੇ ਦੇ ਹਿਸਾਬ ਵਿਚ ਬਹੁਤ ਚਲਾਕ ਸੀ। ਮਜ਼ਦੂਰਾਂ ਦੀ ਮਜ਼ਦੂਰੀ ਦੀ ਰਕਮ ਪੂਰੀ ਨਹੀਂ ਸੀ ਉਨ੍ਹਾਂ ਨੂੰ ਦਿੰਦਾ। ਮਜ਼ਦੂਰ ਬਹੁਤ ਦੁਖੀ ਹੁੰਦੇ ਸੀ। ਇਹ ਇਕ ਤਰ੍ਹਾਂ ਨਾਲ ਮਜ਼ਦੂਰਾਂ ਦਾ ਖੂਨ ਪੀਂਦਾ ਸੀ। ਮੁਨਸ਼ੀ ਨੂੰ ਕੋਈ ਨਹੀਂ ਪਤਾ ਸੀ ਕਿ ਦਰਗਾਹ ਦਾ ਲੇਖਾ ਪੱਤਾ ਵੀ ਹੁੰਦਾ ਹੈ, ਉਹ ਮਾਇਆ ਦਾ ਮੋਤੀਆਬਿੰਦ ਪਿਆ ਹੋਣ ਕਰਕੇ ਅੰਨ੍ਹਾ ਸੀ। ਉਸ ਦੇ ਮਨ ਵਿਚ ਸੀ ਕਿ ਇਹ ਸਾਧੂ ਸੰਤਾਂ ਨੇ ਢਕੌਂਸਲਾ ਬਣਾਇਆ ਹੋਇਆ ਹੈ ਰੱਬ ਹੋਵੇ ਤਾਂ ਦਿਸੇ ਨਾ? ਨਾ ਕਦੇ ਉਸ ਨੇ ਕਿਸੇ ਸਾਧੂ ਸੰਤ ਕੋਲ ਜਾਣਾ ਤਾਂ ਹੀ ਅਜਿਹੇ ਘਟੀਆ ਖਿਆਲ ਬਣਦੇ ਹਨ। ਜਦੋਂ ਆਪ ਉਸ ਕੋਲ ਗਏ ਤਾਂ ਆਪ ਨੇ ਕਿਹਾ ਕਿ ਮੇਰਾ ਨਾਮ 'ਜਲਨ ਜੀ' ਹੈ। ਉਨ੍ਹਾਂ ਨੇ 'ਜੀ' ਅੱਖਰ ਵਾਧੂ ਲਿਖਾ ਦਿਤਾ। ਜਦੋਂ ਉਹ ਮੁਨਸ਼ੀ ਹਾਜ਼ਰੀ ਲਗਾਇਆ ਕਰੇ ਤਾਂ ਜਲ੍ਹਣ 'ਜੀ' ਕਰਕੇ ਬੁਲਾਇਆ ਕਰਦੇ। ਜਦੋਂ ਮਜ਼ਦੂਰੀ ਵੰਡਿਆ ਕਰਦਾ ਸੀ ਤਾਂ ਭਗਤ ਜੀ ਨੇ ਪ੍ਰਭੂ ਦੀ ਯਾਦ ਵਿਚ ਇਕ ਪਾਸੇ ਬੈਠ ਜਾਣਾ ਅਤੇ ਜਦੋਂ ਉਸ ਨੇ ਸਾਰਿਆਂ ਨੂੰ ਪੈਸੇ ਦੇ ਚੁਕਣੇ ਤਾਂ ਕਹਿਣਾ ਕਿ ਜਲ੍ਹਣ ਜੀ ਆਓ, ਭਗਤ ਜੀ ਆਪਣੀ ਮਜ਼ਦੂਰੀ ਲੈ ਲਓ। ਆਪ ਨੇ ਕਦੇ ਨਾ ਪੁਛਣਾ, ਨਾ ਦੇਖਣਾ ਕਿ ਕਿੰਨੇ ਪੈਸੇ ਦਿਤੇ ਹਨ। ਆਪ ਨੇ ਉਨ੍ਹਾਂ ਪੈਸਿਆਂ ਦਾ ਸੀਧਾ ਲਿਆ ਕੇ ਛਕ ਲੈਣਾ। ਇਸ ਤਰ੍ਹਾਂ ਕਰਦੇ ਦੋ ਮਹੀਨੇ ਲੰਘ ਗਏ। ਇਕ ਦਿਨ ਜਲ੍ਹਣ ਜੀ ਆਪਣੀ ਸੁਰਤ ਵਿਚ ਲੀਨ ਹੋਏ, ਧਰਮਖੰਡ ਦੇ ਮੰਡਲ ਵਿਚ ਪਹੁੰਚਦੇ ਹਨ ਤਾਂ ਇਸ ਸੂਖਸ਼ਮ ਮੰਡਲ ਵਿਚ ਹੀ ਕੂਕਾਂ ਮਾਰਦੀ ਰੂਹ ਲੰਘ ਰਹੀ ਸੀ ਅਤੇ ਵਾਸਤੇ ਪਾ ਰਹੀ ਸੀ ਕਿ ਮੈਨੂੰ ਨਾ ਮਾਰੋ, ਮੈਨੂੰ ਬਖਸ਼ ਦਿਓ। ਕਿਉਂਕਿ ਬਹੁਤ ਸਾਰੇ ਪ੍ਰੇਮੀ ਇਨ੍ਹਾਂ ਖਿਆਲਾਂ ਦੇ ਹਨ ਕਿ ਅੱਗੇ ਕੁਝ ਨਹੀਂ ਹੈ ਉਨ੍ਹਾਂ ਦਾ ਵਿਸ਼ਵਾਸ਼ ਤਾਂ ਇਹ ਹੈ ਕਿ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ' ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ ਅਸੀਂ ਫੇਰ ਦਸਦੇ ਹਾਂ ਜਿਵੇਂ ਪਹਿਲਾਂ ਭੀ ਦਸਿਆ ਸੀ ਕਿ –

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***

***ਪੰਨਾ – 953***

ਉਸ ਵੇਲੇ ਪੈਰ ਧਰਨ ਨੂੰ ਵੀ ਥਾਂ ਨਹੀਂ ਮਿਲਦਾ। ਫੇਰ ਇਹ ਜੀਵ ਰੋਂਦਾ ਹੈ, ਕੁਰਲਾਉਂਦਾ ਹੈ ਫੇਰ ਤਾਂ ਕੁਝ ਵੀ ਨਹੀਂ ਬਣ ਸਕਿਆ ਕਰਦਾ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਆਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥*** ***ਪੰਨਾ – 464***

ਜਲ੍ਹਣ ਜੀ ਨੇ ਨੇੜੇ ਹੋ ਕੇ ਦੇਖਿਆ ਕਿ ਇਹ ਤਾਂ ਸਾਡਾ ਮੁਨਸ਼ੀ ਹੈ। ਇਹ ਸਾਨੂੰ 'ਜੀ' ਕਹਿ ਕੇ ਬੁਲਾਇਆ ਕਰਦਾ ਸੀ ਉਸ ਵੇਲੇ ਉਨ੍ਹਾਂ ਨੇ ਮਨ ਵਿਚ ਸੋਚਿਆ ਕਿ ਗੁਰੂ ਨਾਨਕ ਪਾਤਸ਼ਾਹ ਦਾ ਤਾਂ ਹੁਕਮ ਹੈ ਕਿ ਜੇ ਕੋਈ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਜੀ ਕਹਿ ਕੇ ਬੁਲਾਉਂਦੇ ਹੋਵੇ ਤਾਂ ਉਸ ਨੂੰ ਜਮਦੂਤਾਂ ਦੀ ਤਲਬ ਨਹੀਂ ਹੁੰਦੀ, ਜਮਦੂਤ ਉਸ ਦੇ ਨੇੜੇ ਨਹੀਂ ਜਾ ਸਕਦਾ। ਮਨ ਵਿਚ ਕਹਿਣ ਲੱਗੇ ਕਿ ਭਾਵੇਂ ਮੈਂ ਸੰਤ ਤਾਂ ਨਹੀਂ ਹਾਂ ਪਰ ਸਾਰੇ ਪ੍ਰੇਮੀ ਮੈਨੂੰ ਸੰਤ ਕਹਿੰਦੇ ਹਨ ਜਿਸ ਬਾਰੇ ਗੁਰੂ ਦਾ ਹੁਕਮ ਹੈ –

***ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥***
***ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥***

***ਪੰਨਾ – 1328***

ਉਹ ਨੇੜੇ ਆਏ ਭਗਤ ਜੀ ਨੇ ਆ ਕੇ ਪਹਿਚਾਣ ਲਿਆ ਕਿ ਇਹ ਤਾਂ ਸਾਡਾ ਮੁਨਸ਼ੀ ਹੈ। ਉਨ੍ਹਾਂ ਨੇ ਜਮਦੂਤਾਂ ਨੂੰ ਕਿਹਾ ਕਿ ਤੁਸੀਂ ਇਸ ਨੂੰ ਕਿਉਂ ਮਾਰ ਰਹੇ ਹੋਂ। ਉਨ੍ਹਾਂ ਨੇ ਕਿਹਾ ਕਿ ਭਗਤ ਜੀ! ਇਹ ਮਹਾਂਪਾਪੀ ਹੈ ਇਸ ਕਰਕੇ ਇਸ ਨੇ ਆਪਣਾ ਜੀਵਨ ਬੁਰਿਆਂ ਕੰਮਾਂ ਵਿਚ ਨਸ਼ਟ ਕਰ ਦਿਤਾ। ਇਨ੍ਹਾਂ ਪਾਪੀਆਂ ਨੂੰ ਰਸਤੇ ਦੇ ਬੇਅੰਤ ਕਸ਼ਟ ਸਹਿਣੇ ਪੈਂਦੇ ਹਨ। ਹੰਟਰਾਂ ਦਾ ਦੁਖ ਵੀ ਸਾਰੇ ਰਸਤੇ ਸਹਿਣਾ ਪੈਂਦਾ ਹੈ। ਭਗਤ ਜੀ ਕਹਿਣ ਲੱਗੇ ਕਿ ਸੰਸਾਰ ਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਲਗਦਾ। ਵਾਹਿਗੁਰੂ ਜੀ ਆਪਣੇ ਸਾਧਾਂ ਸੰਤਾਂ ਨੂੰ ਪੂਰਨ ਗਿਆਨ ਦੇ ਕੇ ਭੇਜਦੇ ਹਨ। ਉਨ੍ਹਾਂ ਦਾ ਕੰਮ ਇਹੋ ਹੋਇਆ ਕਰਦਾ ਹੈ ਕਿ ਬੁਰਿਆਂ ਕੰਮਾਂ ਦੇ ਫਲ ਅਤੇ ਰਸਤੇ ਦੀਆਂ ਤਕਲੀਫਾਂ ਸੰਸਾਰ ਵਿਚ ਦਸਣ। ਫੁਰਮਾਨ ਹੈ –

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***

***ਪੰਨਾ – 1373***

ਇਹ ਸਾਨੂੰ ਜੀਅ ਕਹਿ ਕੇ ਬੁਲਾਉਂਦਾ ਰਿਹਾ। ਇਸ ਨੂੰ ਨਾ ਮਾਰੋ, ਜਮਦੂਤ ਮਾਰਨ ਤੋਂ ਹਟ ਗਏ।

ਇਸੇ ਤਰ੍ਹਾਂ ਨਾਲ ਹੋਰ ਬਹੁਤ ਸਾਰੀਆਂ ਕਥਾਵਾਂ ਸੁਣਨ ਦੇਖਣ ਵਿਚ ਆਈਆਂ ਹਨ, ਜੋ ਪਰਲੋਕ ਦੀ ਗੱਲ ਕਰਦੇ ਹਨ ਉਹ ਪੂਰੀ ਤਰ੍ਹਾਂ ਪਰਲੋਕ ਦੀ ਗੱਲ ਤਾਂ ਨਹੀਂ ਦਸ ਸਕਦੇ ਕਿਉਂਕਿ ਜੀਵ ਨੂੰ ਮਰਨ ਪਿਛੋਂ ਇਕ ਦਮ ਧਰਮਰਾਜ ਦੇ ਲਿਜਾਇਆ ਜਾਂਦਾ ਹੈ ਅਤੇ ਉਥੇ ਨਿਰਣਾ ਕਰਕੇ ਫੇਰ ਉਸ ਨੂੰ ਇਥੇ ਸੰਸਾਰ ਵਿਚ ਫੇਰਿਆ ਜਾਂਦਾ ਹੈ ਕਿ ਉਹ ਦੇਖ ਲਵੇ ਕਿ ਮੈਂ ਕਿਥੇ-ਕਿਥੇ ਕੀ ਕਰਦਾ ਸੀ, ਕੀ ਪਰਿਵਾਰ ਸੀ, ਹੁਣ ਮੈਂ ਸਭ ਕੁਝ ਛੱਡ ਕੇ ਜਾ ਰਿਹਾ ਹਾਂ, ਇਕਨਾਂ ਨੂੰ ਲੈਣ ਤਾਂ ਜਮਦੂਤ ਆਉਂਦੇ ਹਨ, ਇਕਨਾਂ ਨੂੰ ਲੈਣ ਵਾਸਤੇ ਭਲੀਆਂ ਰੂਹਾਂ ਵੀ ਆਇਆ ਕਰਦੀਆਂ ਹਨ, ਜੇ ਬਹੁਤ ਉਚੇ ਕੰਮ ਕੀਤੇ ਹੋਣ ਤਾਂ ਉਨ੍ਹਾਂ ਦੀ ਸਵਾਰੀ ਵਾਸਤੇ ਬਬਾਨ ਵੀ ਆਇਆ ਕਰਦੇ ਹਨ। ਭਾਈ ਗੁਰਦਾਸ ਜੀ ਗਨਕਾ ਵਾਲੀ ਸਾਖੀ ਵਿਚ ਲਿਖਦੇ ਹਨ–

***ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ॥***
***ਥਾਉ ਨਿਥਾਵੈ ਮਾਣੁ ਮਣੋਤਾ॥***

***ਭਾਈ ਗੁਰਦਾਸ ਜੀ, ਵਾਰ 10/21***

L L L L L L L


Sri Satguru Jagjit Singh Ji eLibrary NamdhariElibrary@gmail.com

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ
## ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 13. ਅਮਰ ਜੋਤੀਆਂ | ਭੇਟਾ 15/- |

### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤੀਆਂ | ਭੇਟਾ 15/- |

### English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I ) | Rs. 50/- US$ 5 |
| 4. THE WAY TO THE IMPERCEPTIBLE | RS. 80/- US$ 10 |
| 5. The Lights Immortal | Rs. 20/- US$ 2 |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

**ਮਿਲਣ ਦਾ ਪਤਾ : -** **ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਕੋਠੀ ਨੰਬਰ 1782, ਫੇਜ਼ 3ਬੀ2,**
**ਐਸ. ਏ. ਐਸ ਨਗਰ,**
**ਮੋਹਾਲੀ - 160055**
**(ਟੈਲੀਫੋਨ) : (0172) 220972, ਫੈਕਸ - 677697**

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੁਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੁਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੁਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦ੍ਰ ਤੇ ਵਾਪਿਸ ਕਰ ਦਿਤੇ ਜਾਣ।



Sri Satguru Jagjit Singh Ji eLibrary NamdhariElibrary@gmail.com

**(ਪੰਨਾ 43 ਦੀ ਬਾਕੀ)**

ਪਤਾ ਨਹੀਂ ਕੀ ਕੀ ਲਈ ਫਿਰਦੇ ਨੇ ਪਰ ਮੈਂ ਕਿਸੇ ਦਾ ਨਹੀਂ ਖਾਂਦਾ। ਮੈਨੂੰ ਪਿਆਰ ਵਾਲਾ ਕੋਈ ਕੋਈ ਲੱਭਦਾ ਹੈ ਜਿਸਦੀਆਂ ਮੈਂ ਮਿਸੀਆਂ ਰੁਖੀਆਂ ਰੋਟੀਆਂ ਭੀ ਖਾ ਲੈਂਦਾ ਹਾਂ। ਤੈਨੂੰ ਤਾਂ ਪਤਾ ਨਹੀਂ, ਮੈਨੂੰ ਤਾਂ ਅਨੇਕਾਂ ਭੋਗ ਚੜ੍ਹਾ ਰਹੇ ਨੇ, ਮੈਨੂੰ ਮੰਦਰਾਂ ਦਾ, ਗੁਰਦਵਾਰਿਆਂ ਦਾ, ਮਸਜਿਦਾਂ ਦਾ ਘਾਟਾ ਹੈ? ਸਾਰੇ ਹੀ ਮੇਰੇ ਭਗਤ ਨੇ ਪਰ ਧੰਨਿਆ! ਮੈਨੂੰ ਕੋਈ ਕੋਈ ਪਿਆਰ ਨਾਲ ਕੁਛ ਖਵਾਉਂਦਾ ਹੈ, ਸਾਰੇ ਨਹੀਂ ਖਵਾਉਂਦੇ। ਮੈਂ ਤੇਰਾ ਪਿਆਰ ਦੇਖ ਕੇ ਆ ਗਿਆ, ਲਿਆ ਹੁਣ ਮੈਂ ਤੇਰਾ ਪ੍ਰਸ਼ਾਦਾ ਛਕਾਂ –

***ਗੁਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

***ਧਾਰਨਾ – ਰੋਟੀ ਖਾ ਲਈ ਐ ਧੰਨੇ ਦੀ ਆ ਕੇ,***
***ਰੱਬ ਪਰਤੱਖ ਹੋ ਗਿਆ।***
***ਮੇਰੇ ਪਿਆਰੇ, ਰੱਬ ਪਰਤੱਖ ਹੋ ਗਿਆ – 2, 2.***
***ਰੋਟੀ ਖਾ ਲਈ ਐ ਧੰਨੇ ਦੀ ਆ ਕੇ,......।***

ਪ੍ਰਮੇਸ਼ਰ ਲੱਸੀ ਵੀ ਪੀ ਲੈਂਦਾ ਹੈ, ਰੋਟੀਆਂ ਵੀ ਖਾ ਲੈਂਦਾ ਹੈ। ਉਹ ਪ੍ਰਮੇਸ਼ਰ ਜਿਸ ਨੂੰ ਪ੍ਰਤੱਖ ਕਰਨ ਵਾਸਤੇ ਅਨੇਕਾਂ ਨੇ ਅਠਾਸੀ-ਅਠਾਸੀ ਹਜ਼ਾਰ ਸਾਲ ਤਪਸਿਆ ਕਰਦਿਆਂ ਨੂੰ ਲੰਘ ਗਏ, ਜਿਹਨੂੰ ਪਰਤੱਖ ਕਰਨ ਵਾਸਤੇ ਜੰਗਲਾਂ ਵਿਚ ਪੁਠੇ ਲਟਕਦੇ ਰਹੇ, ਜਿਸਨੂੰ ਪਰਤੱਖ ਕਰਨ ਵਾਸਤੇ ਪਾਣੀਆਂ 'ਚ ਖੜ੍ਹ ਕੇ ਅਨੇਕਾਂ ਨੇ ਦੇਹਾਂ ਗਾਲ ਦਿਤੀਆਂ, ਰੇਤਿਆਂ ਤੇ ਪੈ ਗਏ, ਕੰਡਿਆਂ ਤੇ ਪੈ ਗਏ, ਭੁੱਖੇ ਰਹਿ ਕੇ ਤਨ ਸੁੱਕ ਗਏ ਪਰ ਉਹ ਪ੍ਰਗਟ ਕਿਵੇਂ ਹੋ ਗਿਆ –

***ਭੋਲਾ ਭਾਉ ਗੋਬਿੰਦੁ ਮਿਲਾਵੈ।।***
***ਭਾਈ ਗੁਰਦਾਸ ਜੀ, ਵਾਰ 10/13***

ਉਸ ਦੇ ਭੋਲੇਪਨ ਨੇ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਮਿਲਾ ਦਿਤਾ। ਧੰਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਰੋਟੀਆਂ ਤੁਹਾਨੂੰ ਚੰਗੀਆਂ ਲੱਗੀਆਂ? ਪ੍ਰਭੂ ਨੇ ਕਿਹਾ ਕਿ ਧੰਨਿਆ! ਮੈਨੂੰ ਪਿਆਰ ਦੀ ਚੀਜ਼ ਚੰਗੀ ਲਗਦੀ ਹੈ, ਮੇਰੇ ਵਾਸਤੇ ਬੇਅੰਤ ਛੱਤੀ ਪ੍ਰਕਾਰ ਦੇ ਭੋਜਨ ਬਣਾਈ ਫਿਰਦੇ ਹਨ ਮੈਨੂੰ ਭੋਗ ਲਵਾਉਂਦੇ ਨੇ, ਪਰ ਮੈਂ ਖਾਂਦਾ ਨਹੀਂ ਹੁੰਦਾ। ਕਹਿਣ ਲੱਗੇ ਧੰਨਿਆ! ਜਿਹੋ ਜਿਹਾ ਤੇਰਾ ਪ੍ਰਸ਼ਾਦਾ ਹੈ, ਇਹ ਤਾਂ ਅੰਮ੍ਰਿਤ ਦਾ ਭਰਿਆ ਹੋਇਆ ਹੈ। ਧੰਨਾ ਕਹਿਣ ਲੱਗਿਆ, "ਹੇ ਪ੍ਰਭੂ! ਤੁਸੀਂ ਪਹਿਲਾਂ ਕਿਉਂ ਨਹੀਂ ਰੋਟੀ ਖਾਧੀ? ਤੁਸੀਂ ਛੇਤੀ ਕਿਉਂ ਨਾ ਆਏ। ਜੇ ਰੋਜ਼ ਹੀ ਇਸ ਤਰ੍ਹਾਂ ਕਰਨ ਲਗ ਪਏ ਤਾਂ ਮੇਰੇ ਡੰਗਰਾਂ ਦਾ ਕੰਮ ਤਾਂ ਮਾੜਾ ਹੋ ਜਾਊ, ਉਹ ਵੀ ਵਿਚਾਰੇ ਭੁੱਖੇ ਤਿਹਾਏ ਰਿਹਾ ਕਰਨਗੇ। ਪ੍ਰਭੂ ਕਹਿਣ ਲੱਗੇ, "ਧੰਨਿਆ! ਹੁਣ ਮੈਂ ਜਾਣਾ ਨਹੀਂ, ਤੇਰੇ ਕੋਲ ਹੀ ਰਹਾਂਗਾ। ਮੈਂ ਤੇਰੇ ਡੰਗਰ ਵੀ ਚਾਰਿਆ ਕਰਾਂਗਾ, ਤੇਰੀ ਖੇਤੀ ਵੀ ਕਰਿਆ ਕਰਾਂਗਾ। ਧੰਨਾ ਕਹਿੰਦਾ ਹੈ ਕਿ ਮਹਾਰਾਜ! ਫੇਰ ਮੈਂ ਕੀ ਕਰਾਂਗਾ? ਪ੍ਰਭੂ ਕਹਿਣ ਲੱਗੇ, ਤੂੰ ਮਾਲਾ ਲੈ ਕੇ ਰਾਮ ਰਾਮ ਕਹੀ ਜਾਇਆ ਕਰੀਂ।

ਧੰਨੇ ਨੇ ਪੁਛਿਆ ਕਿ ਤੁਹਾਨੂੰ ਰੋਟੀ ਸਵਾਦ ਲੱਗੀ, ਕਹਿੰਦੇ ਹਾਂ, ਤੈਨੂੰ ਮੈਂ ਇਕ ਗੱਲ ਦੱਸਾਂ, ਤੂੰ ਤਾਂ ਕਹਿੰਦਾ ਹੈਂ ਮੈਂ ਜੱਟਾਂ ਦਾ ਮੁੰਡਾ ਹਾਂ, ਜਦੋਂ ਮੈਂ ਤ੍ਰੇਤੇ ਯੁੱਗ ਵਿਚ ਆਇਆ ਸੀ ਤਾਂ ਭੀਲ ਜਾਤੀ ਦੀ ਬੀਬੀ ਸੀ। ਉਸ ਨੇ ਮੈਨੂੰ ਖਲਾਉਣ ਲਈ ਬੇਰ ਤੋੜ ਲਏ ਅਤੇ ਮਨ ਵਿਚ ਸੀ ਕਿ ਮੈਂ ਭਗਵਾਨ ਨੂੰ ਮਿੱਠੇ ਬੇਰ ਖੁਆਵਾਂ। ਕਿਤੇ ਖੱਟਾ ਜਾਂ ਕੌੜਾ ਬੇਰ ਉਨ੍ਹਾਂ ਕੋਲ ਨਾ ਚਲਿਆ ਜਾਵੇ। ਉਹ ਦੰਦ ਦੇ ਹੇਠਾਂ ਲੈ ਕੇ ਹਰ ਬੇਰ ਦਾ ਸੁਆਦ ਦੇਖ ਲੈਂਦੀ ਸੀ। ਜਿਹੜਾ ਖੱਟਾ ਹੁੰਦਾ ਸੀ ਉਹ ਸੁੱਟ ਦਿੰਦੀ ਸੀ ਤੇ ਜਿਹੜਾ ਮਿੱਠਾ ਹੁੰਦਾ ਸੀ ਉਹ ਰੱਖ ਲੈਂਦੀ ਸੀ। ਧੰਨਾ ਕਹਿਣ ਲੱਗਿਆ, ਮਹਾਰਾਜ! ਫੇਰ ਤੁਸੀਂ ਜੂਠੇ ਬੇਰ ਖਾ ਲਏ? ਕਹਿਣ ਲੱਗੇ, "ਹਾਂ ਧੰਨਿਆ! ਕਹਾਣੀ ਮਸ਼ਹੂਰ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਭੀਲਣੀ ਦੇ ਜੂਠੇ ਬੇਰ ਖਾ ਲਏ ਸੀ। ਧੰਨਿਆ! ਮੈਨੂੰ ਸੁੱਚ, ਜੂਠ ਨਹੀਂ ਲਗਦੀ ਇਹ ਤਾਂ ਐਵੇਂ ਲੋਕਾਂ ਨੇ ਬਣਾਈ ਹੋਈ ਹੈ। ਕੀ ਚੀਜ਼ ਸੁੱਚੀ ਹੈ, ਮਨੁੱਖ ਵਿਚ ਕਿਹੜੀ ਚੀਜ਼ ਸੁੱਚੀ ਹੈ ਇਹ ਤਾਂ ਗੰਦ ਮੂਤਰ ਦਾ ਥੈਲਾ ਤੁਰਿਆ ਫਿਰਦਾ ਹੈ, ਜਿਹੜੀ ਚੀਜ਼ ਨੂੰ ਹੱਥ ਲਾਵੇ ਅਪਵਿੱਤਰ ਕਰ ਦਿੰਦਾ ਹੈ। ਧੰਨਿਆ! ਮੈਨੂੰ ਕੋਈ ਚੀਜ਼ ਨਹੀਂ ਚੰਗੀ ਲਗਦੀ, ਮੈਨੂੰ ਤਾਂ ਪਿਆਰ ਚੰਗਾ ਲਗਦਾ ਹੈ।

***ਸਾਚ ਕਹੋ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਸੋ ਮੈਨੂੰ ਪਿਆਰ ਵਾਲੇ ਬੰਨ੍ਹ ਲੈਂਦੇ ਹਨ, ਹੋਰ ਮੈਂ ਕਿਸੇ ਦੇ ਵਸ ਵਿਚ ਨਹੀਂ ਆਉਂਦਾ, ਮੈਨੂੰ ਕੋਈ ਮੰਤਰ-ਜੰਤਰ, ਕੋਈ ਤਪ, ਕੋਈ ਹੋਮ, ਕੋਈ ਜੱਗ, ਕੋਈ ਤੀਰਥ ਯਾਤਰਾ, ਕੋਈ ਚੀਜ਼ ਵੀ ਮੈਨੂੰ ਕਾਬੂ ਨਹੀਂ ਕਰ ਸਕਦੀ। ਕੇਵਲ ਤੇਰੇ ਵਰਗੇ ਭੋਲੇ ਬੰਦੇ ਦਾ ਪਿਆਰ ਕਾਬੂ ਕਰ ਸਕਦਾ ਹੈ। ਤੇਰੇ ਮਨ ਵਿਚ ਪੰਡਤ ਦੇ ਕਹੇ ਤੇ ਪ੍ਰਤੀਤ ਆ ਗਈ ਪਰ ਉਸ ਨੇ ਤਾਂ ਤੇਰੇ ਨਾਲ ਗਊ ਲੈਣ ਦੇ ਮਾਰੇ ਨੇ ਠੱਗੀ ਕੀਤੀ ਸੀ ਕਿ ਆਪੇ ਥੱਕ ਕੇ ਹਟ ਜਾਊਗਾ ਪਰ ਤੂੰ ਭੋਲਾ ਸੀ। ਤੂੰ ਉਸ ਦੇ ਬਚਨ ਤੇ ਪੂਰੀ ਪ੍ਰਤੀਤ ਕੀਤੀ ਤੇ ਮੈਨੂੰ ਵਸ ਵਿਚ ਕਰ ਲਿਆ।

ਮਹਾਂਪੁਰਸ਼ ਕਹਿਣ ਲੱਗੇ, "ਚੰਦਾ ਸਿੰਘ! ਇਹ ਸਾਰੀ ਵਾਰਤਾ ਤੁਸੀਂ ਧਿਆਨ ਨਾਲ ਸੁਣੀ ਹੈ। ਇਸ ਨੂੰ ਧਿਆਨ ਦੇ ਕੇ ਗੰਢ ਬੰਨ੍ਹ ਲੈ, ਫੇਰ ਤੈਨੂੰ ਹੋਰ ਦਸਾਂਗੇ। ਸਤਿਸੰਗ ਰੋਜ਼ ਹੀ ਹੁੰਦਾ ਹੈ, ਸੁਣਦਾ ਰਹੀਂ, ਤੈਨੂੰ ਰੱਬ ਮਿਲਾ ਕੇ ਹੀ ਛਡਾਂਗੇ। ਤੂੰ ਹੁਣ ਸਤਿਸੰਗ ਦੇ ਦਰਵਾਜ਼ੇ 'ਚ ਆ ਗਿਆ, ਜਿਥੋਂ ਤੈਨੂੰ ਪ੍ਰਮੇਸ਼ਰ ਮਿਲਣਾ ਹੈ। ਤੇਰੇ ਅੰਦਰ ਉਸ ਨੂੰ ਮਿਲਣ ਦਾ ਸ਼ੌਕ ਚਾਹੀਦਾ ਹੈ ਕਿ ਕਿਵੇਂ ਮਿਲਣਾ ਹੈ। ਹੌਲੀ ਹੌਲੀ ਆਪਾਂ ਵਿਚਾਰ ਕਰੀ ਜਾਵਾਂਗੇ।"

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283***

ਸੋ ਸਾਧਸੰਗਤ ਜੀ ਭਰੋਸਾ ਪਹਿਲੀ ਚੀਜ਼ ਹੈ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੁੰਦੀ ਹੈ। ਅਗਲੇ ਐਤਵਾਰ ਫੇਰ ਇਸੇ ਤਰ੍ਹਾਂ ਇਸ ਤੋਂ ਅੱਗੇ ਵਿਚਾਰ ਸਰਵਣ ਕਰਨ ਦੀ ਕ੍ਰਿਪਾਲਤਾ ਕਰਨੀ।

**L L L L L L L**



Sri Satguru Jagjit Singh Ji eLibrary NamdhariElibrary@gmail.com

# ਸੁਣ ਸਾਖੀ

***ਸੰਤ ਵਰਿਆਮ ਸਿੰਘ ਜੀ***
***ਓਤਾਰਾ ਕਰਤਾ - ਗੁਰਮੁਖ ਸਿੰਘ***

*(ਲੜੀ ਜੋੜਨ ਲਈ ਦੇਖੋ ਫਰਵਰੀ ਅੰਕ, ਪੰਨਾ - 58)*

ਸੋ ਬੇਣੀ ਭਗਤ ਸੰਤਾਂ ਦੀ ਤਲਾਸ਼ ਕਰਦਾ ਫਿਰਦਾ ਹੈ। ਬਾਰ-ਬਾਰ ਬੇਨਤੀ ਕਰਦਾ ਹੈ ਕਿ ਕੋਈ ਐਸਾ ਪ੍ਰਭੂ ਦਾ ਪਿਆਰਾ ਮਿਲ ਜਾਵੇ ਜਿਹੜਾ ਮੈਨੂੰ ਪ੍ਰਮੇਸ਼ਰ ਦਾ ਮਿਲਾਪ ਕਰਵਾ ਦੇਵੇ। ਅੱਜ ਤਕ ਕਦੇ ਸੰਸਾਰ ਵਿਚ ਐਸਾ ਸਮਾਂ ਨਹੀਂ ਆਇਆ ਜਦੋਂ ਕਿ ਸੰਸਾਰ ਮਹਾਂਪੁਰਸ਼ਾਂ ਤੋਂ ਖਾਲੀ ਹੋ ਜਾਵੇ ਅਤੇ ਪ੍ਰਮੇਸ਼ਰ ਦਾ ਮਿਲਾਪ ਕਰਾਉਣ ਵਾਲਾ ਕੋਈ ਨਾ ਹੋਵੇ। ਪਰ -

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ - 1411***

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***
***ਪੰਨਾ - 495***

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***
***ਪੰਨਾ - 1427***

ਹੈ ਤਾਂ ਜ਼ਰੂਰ, ਪ੍ਰਮੇਸ਼ਰ ਦੇ ਪਿਆਰਿਆਂ ਦਾ ਕਾਲ ਨਹੀਂ ਪਿਆ ਹੋਇਆ, ਪਰ ਵਿਰਲੇ ਵਿਰਲੇ ਹਨ, ਲੱਭਦਿਆਂ ਲੱਭਦਿਆਂ ਜ਼ਰੂਰ ਮਿਲ ਜਾਂਦਾ ਹੈ, ਖਰਾ ਵੀ ਮਿਲ ਜਾਂਦਾ ਹੈ। ਸੋ ਇਸੇ ਤਰ੍ਹਾਂ ਭਗਤ ਬੇਣੀ ਨੂੰ ਵੀ ਮਹਾਂਪੁਰਸ਼ ਮਿਲ ਗਏ। ਉਨ੍ਹਾਂ ਨੇ ਦੇਖਿਆ ਕਿ ਬੈਰਾਗੀ ਪੁਰਸ਼ ਹੈ। ਉਸ ਦੀ ਅਵਸਥਾ ਨੂੰ ਦੇਖ ਕੇ ਉਪਦੇਸ਼ ਕਰ ਦਿਤਾ। ਕਹਿਣ ਲੱਗੇ ਕਿ ਪ੍ਰੇਮੀਆ! ਜਿਸ ਪ੍ਰਮੇਸ਼ਰ ਨੂੰ ਤੂੰ ਮਿਲਣਾ ਚਾਹੁੰਦਾ ਹੈਂ, ਉਹ ਦੋ ਤਰੀਕਿਆਂ ਨਾਲ ਮਿਲਿਆ ਕਰਦਾ ਹੈ। ਇਕ ਤਾਂ ਉਹ ਮਿਲਦਾ ਹੈ ਗਿਆਨ ਨਾਲ ਪਰ ਗਿਆਨ ਖਾਰਾ ਪਾਣੀ ਹੈ। ਜੋ ਭਗਤੀ ਹੈ, ਇਹ ਮਿੱਠਾ ਪਾਣੀ ਹੈ। ਮਿੱਠਾ ਪਾਣੀ ਜਲਦੀ ਹਜ਼ਮ ਹੋ ਜਾਂਦਾ ਹੈ, ਖਾਰਾ ਪਾਣੀ ਹਜ਼ਮ ਨਹੀਂ ਹੁੰਦਾ, ਅਤੀਸਾਰ ਲਾ ਦਿੰਦਾ ਹੈ, ਪੇਟ ਖਰਾਬ ਕਰ ਦਿੰਦਾ ਹੈ। ਇਸ ਤਰ੍ਹਾਂ ਇਕੱਲਾ ਗਿਆਨ ਆਦਮੀ ਨੂੰ ਨਾਸਤਕ ਬਣਾ ਦਿੰਦਾ ਹੈ, ਅਸ਼ਰਧਕ ਬਣਾ ਦਿੰਦਾ ਹੈ, ਗੱਲਾਂ ਕਰਨ ਵਾਲਾ ਬਣਾ ਦਿੰਦਾ ਹੈ। ਜੋ ਭਗਤੀ ਸਹਿਤ ਗਿਆਨ ਹੈ, ਉਹ ਮਿੱਠਾ ਪਾਣੀ ਹੋਇਆ ਕਰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਨੂੰ ਪੁਛਿਆ ਗਿਆ ਕਿ ਪਾਤਸ਼ਾਹ! ਆਪ ਵੇਦਾਂਤ ਦਾ ਰਸਤਾ ਕਿਉਂ ਨਹੀਂ ਅਖਤਿਆਰ ਕਰਦੇ। ਮਹਾਰਾਜ ਕਹਿੰਦੇ, ਭਾਈ ਗੁਰਮੁਖੋ! ਪਹੁੰਚਣ ਦੀ ਗੱਲ ਹੋਇਆ ਕਰਦੀ ਹੈ। ਜੇ ਕਿਸੇ ਨੂੰ ਸੇਰ ਘਿਉ ਖਲਾ ਦਿਤਾ ਜਾਵੇ ਤਾਂ ਉਸ ਨੂੰ ਅਤੀਸਾਰ ਲਗ ਜਾਣਗੇ, ਖਾ ਤਾਂ ਜ਼ਰੂਰ ਲਏਗਾ ਪਰ ਮਰੋੜੇ ਲੱਗ ਜਾਣਗੇ। ਜੇਕਰ ਓਹੀ ਘਿਓ ਸ਼ੱਕਰ ਵਿਚ ਮਿਲਾ ਕੇ ਖਾ ਲਿਆ ਜਾਵੇ ਤਾਂ ਹਜ਼ਮ ਹੋ ਜਾਏਗਾ, ਕੋਈ ਨੁਕਸਾਨ ਨਹੀਂ ਕਰੇਗਾ। ਸੋ ਇਸੇ ਤਰ੍ਹਾਂ ਭਗਤੀ ਸਹਿਤ ਗਿਆਨ ਜਦੋਂ ਆਉਂਦਾ ਹੈ ਤਾਂ ਉਹ ਪ੍ਰੈਕਟੀਕਲ ਅਤੇ ਪ੍ਰਤਖ ਰੂਪ ਵਿਚ ਗਿਆਨ ਹੁੰਦਾ ਹੈ। ਜੋ ਕੇਵਲ ਗਿਆਨ ਹੈ, ਉਹਦੇ ਵਿਚ "ਮੈਂ" ਨਹੀਂ ਮਿਟਿਆ ਕਰਦੀ। ਭਗਤੀ ਸਹਿਤ ਜੋ ਗਿਆਨ ਆਉਂਦਾ ਹੈ, ਉਸ ਵਿਚ "ਮੈਂ" ਮਿਟ ਜਾਇਆ ਕਰਦੀ ਹੈ। ਇਸ ਨੂੰ ਭੈ-ਭਗਤੀ ਕਹਿੰਦੇ ਹਨ। ਇਹ ਦ੍ਵੈਤ ਵਿਚੋਂ ਸ਼ੁਰੂ ਹੋ ਕੇ ਅਦ੍ਵੈਤ ਵਿਚ ਲੈ ਜਾਂਦੀ ਹੈ। ਜਦੋਂ ਅਦ੍ਵੈਤ ਵਿਚ ਪਹੁੰਚ ਗਿਆ, ਫੇਰ -

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ - 1375***

ਸੋ ਕਹਿਣ ਲੱਗੇ ਕਿ ਇਹਦੇ ਵਿਚ ਮਹਾਂਪੁਰਸ਼ਾਂ ਦੇ ਉਪਦੇਸ਼ ਸੁਣਨੇ, ਇਸ ਨੂੰ ਸਰਵਣ ਭਗਤੀ ਕਹਿੰਦੇ ਨੇ। ਦੂਸਰੀ ਹੋਇਆ ਕਰਦੀ ਹੈ ਕੀਰਤਨ ਭਗਤੀ, ਹਰੀ ਦਾ ਜਸ ਕਰਨਾ। ਉਹਦਾ ਫਲ ਕਿਤਨਾ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਜਿਹੜੇ ਕੀਰਤਨ ਭਗਤੀ ਕਰਦੇ ਨੇ ਉਨ੍ਹਾਂ ਨੂੰ ਕਈ ਕ੍ਰੋੜ ਜੱਗਾਂ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਤੀਸਰੀ ਹੋਇਆ ਕਰਦੀ ਹੈ ਯਾਦ ਭਗਤੀ, ਜਿਹਨੂੰ ਸਿਮਰਨ ਭਗਤੀ ਕਹਿੰਦੇ ਨੇ। ਸਿਮਰਨ ਭਗਤੀ ਦੇ ਅੰਦਰ ਬਾਰ-ਬਾਰ ਨਾਮ ਜਪਣਾ ਪੈਂਦਾ ਹੈ, ਫੇਰ ਯਾਦ ਪੱਕ ਜਾਂਦੀ ਹੈ। ਜਦੋਂ ਯਾਦ ਪੱਕ ਗਈ ਫੇਰ ਅਸੀਂ ਪ੍ਰਾਪਤੀ ਦੇ ਰਸਤੇ ਤੇ ਤੁਰ ਪੈਂਦੇ ਹਾਂ। ਜਿੰਨਾਂ ਚਿਰ ਅਸੀਂ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ ਯਾਦ ਬਣੀ ਰਹਿੰਦੀ ਹੈ, ਜੇ ਵਾਹਿਗੁਰੂ ਵਾਹਿਗੁਰੂ ਕਹਿਣਾ ਬੰਦ ਕਰ ਦਿਤਾ ਤੇ ਯਾਦ ਭੁੱਲ ਗਈ, ਇਸ ਦਾ ਮਤਲਬ ਇਹ ਹੈ ਕਿ ਯਾਦ ਅਜੇ ਪੱਕੀ ਨਹੀਂ ਹੈ। ਚੌਥੀ ਹੋਇਆ ਕਰਦੀ ਹੈ ਨਮਸ਼ਕਾਰ ਭਗਤੀ। ਪੰਜਵੀਂ ਹੋਇਆ ਕਰਦੀ ਹੈ ਪੂਜਨ ਭਗਤੀ। ਛੇਵੀਂ ਚਰਨ ਸੇਵਨ ਭਗਤੀ ਹੋਇਆ ਕਰਦੀ ਹੈ। ਸੱਤਵੀਂ ਹੋਇਆ ਕਰਦੀ ਹੈ ਦਾਸਾ ਭਾਵ ਭਗਤੀ, ਆਪਣੇ ਆਪ ਨੂੰ ਦਾਸ ਸਮਝਣਾ, ਗੁਲਾਮ ਸਮਝਣਾ -

***ਗੋਲਾ ਮੁਲ ਖਰੀਦ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ, ਵਾਰ 3/18***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਪੰਨਾ - 991***

ਗੁਲਾਮ ਬਣ ਜਾਣਾ, ਆਪਣੀ ਮਰਜ਼ੀ ਛੱਡ ਦੇਣੀ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,***
***ਮੇਰਾ ਨਾਉ ਸੁਭਾਗਾ ਜੀ - 2, 2.***
***ਮੇਰਾ ਨਾਉ ਸੁਭਾਗਾ ਜੀ,***
***ਮੇਰਾ ਨਾਉ ਸੁਭਾਗਾ ਜੀ - 2, 2.***
***ਮੁੱਲ ਖਰੀਦੀ ਲਾਲਾ ਗੋਲਾ,...........2***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ - 991***



Sri Satguru Jagjit Singh Ji eLibrary NamdhariElibrary@gmail.com

ਜਿਥੇ ਲਾ ਦਿਤਾ, ਲਗ ਗਿਆ, ਉਸ ਵਿਚ ਅਗਰ ਮਗਰ ਨਹੀਂ ਹੋਇਆ ਕਰਦੀ, ਮਨ ਦੀ ਮਤ ਨਹੀਂ ਹੋਇਆ ਕਰਦੀ।

ਇਕ ਬਲਖ ਬੁਖਾਰੇ ਦਾ ਬਾਦਸ਼ਾਹ ਇਬਰਾਹੀਮ ਸੀ, ਉਸ ਨੇ ਇਕ ਬਹੁਤ ਵਧੀਆ slave (ਗੋਲਾ) ਮੁੱਲ ਲੈ ਲਿਆ। ਜਦੋਂ ਉਸ ਨੂੰ ਰਾਜ ਮਹਿਲਾਂ ਦੇ ਅੰਦਰ ਲੈ ਕੇ ਆਇਆ ਤਾਂ ਕੀ ਦੇਖਦਾ ਹੈ ਕਿ ਇਸਦੀ ਬੋਲ ਚਾਲ ਅਜੀਬ ਹੈ, ਇਸ ਦੀ ਦੇਖਣੀ ਵੀ ਅਜੀਬ ਹੈ, ਇਸ ਦੀ ਤੋਰ ਵੀ ਅਜੀਬ ਹੈ। ਬਾਦਸ਼ਾਹ ਨੂੰ ਉਹ ਬਹੁਤ ਚੰਗਾ ਲੱਗਿਆ, ਉਸ ਨੇ ਗੁਲਾਮ ਨੂੰ ਪਾਸ ਬੁਲਾ ਲਿਆ ਤੇ ਕਹਿਣ ਲੱਗਾ ਕਿ ਐ ਗੁਲਾਮ! ਤੂੰ ਮੈਨੂੰ ਦਸ ਕਿ ਤੇਰਾ ਨਾਂ ਕੀ ਹੈ? ਦੂਸਰੀ ਗੱਲ ਇਹ ਦਸ ਕਿ ਤੂੰ ਕਪੜੇ ਕਿਹੋ ਜਿਹੇ ਪਾਉਣੇ ਚਾਹੁੰਦਾ ਹੈਂ? ਤੀਸਰਾ ਇਹ ਦਸ ਕਿ ਤੂੰ ਕਦ ਉਠਣਾ ਚਾਹੁੰਦਾ ਹੈਂ ਤੇ ਕਦ ਸੌਣਾ ਚਾਹੁੰਦਾ ਹੈਂ? ਚੌਥਾ ਇਹ ਕਿ ਤੇਰੀ ਖਾਣ-ਪੀਣ ਦੀ ਰੁਚੀ ਕੈਸੀ ਹੈ? ਤੂੰ ਕੀ ਖਾਣਾ ਚਾਹੁੰਦਾ ਹੈਂ, ਕਿਸ ਵੇਲੇ breakfast (ਨਾਸ਼ਤਾ) ਕਰਨਾ ਹੈ, ਦੁਪਹਿਰ ਦੀ ਰੋਟੀ ਕਿਸ ਵੇਲੇ ਖਾਣੀ ਹੈ, ਰਾਤ ਦੀ ਕਿਸ ਵੇਲੇ ਖਾਣੀ ਹੈ, ਜਲ ਪਾਣੀ ਆਦਿ ਕਦੋਂ ਪੀਣਾ ਹੈ। ਉਹ ਦੋਨੋਂ ਹੱਥ ਜੋੜ ਕੇ ਕਹਿਣ ਲੱਗਾ, ਹਜ਼ੂਰ! ਜਦੋਂ ਮੈਂ ਸੁਤੰਤਰ ਸੀ, ਆਜ਼ਾਦ ਸੀ, ਉਦੋਂ ਮੈਂ ਆਪਣੀ ਮੌਜ ਵਿਚ ਸੀ, ਆਪਣੇ ਮਨ ਦੀ ਮਰਜ਼ੀ ਕਰਦਾ ਸੀ ਜਦੋਂ ਦਿਲ ਕਰਦਾ ਸੀ ਉਦੋਂ ਖਾਂਦਾ ਸੀ ਅਤੇ ਮਨ ਦੀ ਇਛਾ ਦੇ ਮੁਤਾਬਿਕ ਖੁਰਾਕ ਖਾਂਦਾ ਸੀ ਪਰ ਹੁਣ ਮੈਂ ਗੁਲਾਮ ਹਾਂ। ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਨੌਕਰ ਤਾਂ ਹੜਤਾਲ ਕਰ ਦਿਆ ਕਰਦੇ ਨੇ ਪਰ ਗੁਲਾਮ ਨੇ ਅੱਜ ਤਕ ਕਦੇ ਹੜਤਾਲ ਨਹੀਂ ਕੀਤੀ। ਜੇ ਧੁੱਪੇ ਬਿਠਾ ਦਿਤਾ ਤਾਂ ਵੀ ਠੀਕ ਹੈ, ਜੇ ਛਾਂਵੇਂ ਬਿਠਾ ਦਿਤਾ ਤਾਂ ਵੀ ਠੀਕ ਹੈ। ਇਸ ਵਿਚ ਗੁਲਾਮ ਦਾ ਕੋਈ ਸ਼ਿਕਵਾ ਨਹੀਂ ਹੋਇਆ ਕਰਦਾ ਕਿਉਂਕਿ ਗੁਲਾਮ ਦਾ ਕੋਈ right (ਹੱਕ) ਨਹੀਂ ਮੰਨਿਆ ਗਿਆ। ਜਦੋਂ ਸੁਤੰਤਰ ਸੀ, ਉਸ ਸਮੇਂ ਮੇਰੇ ਨਾਂ ਦੇ ਨਾਲ ਬਹੁਤ ਵੱਡੇ ਅੱਖਰ ਲਗਦੇ ਸੀ, ਉਪਾਧੀਆਂ ਲਗਦੀਆਂ ਸੀ ਪਰ ਹੁਣ ਮੈਂ ਤੁਹਾਡਾ ਗੋਲਾ ਹਾਂ। ਤੁਹਾਨੂੰ ਜਿਹੜਾ ਨਾਂ ਠੀਕ ਲਗਦਾ ਹੈ, ਰੱਖ ਲਵੋ, ਮੈਂ ਉਸੇ ਨਾਂ ਨਾਲ ਬੋਲ ਪਿਆ ਕਰਾਂਗਾ। ਜੋ ਤੁਸੀਂ ਕੱਪੜਾ ਪਹਿਨਣ ਬਾਰੇ ਪੁਛਦੇ ਹੋਂ, ਜਦੋਂ ਮੈਂ ਆਜ਼ਾਦ ਸੀ, ਉਦੋਂ ਮੈਂ ਮਨ ਮਰਜ਼ੀ ਦਾ ਪਹਿਨਿਆ ਕਰਦਾ ਸੀ; ਸੈਰ ਕਰਨ ਵੇਲੇ ਹੋਰ ਕਪੜੇ ਪਹਿਨਦਾ ਸੀ, ਖਾਣ ਵੇਲੇ ਹੋਰ, ਰਾਤ ਦੇ ਸਮੇਂ ਹੋਰ, ਬਾਹਰ ਜਾਣ ਸਮੇਂ ਹੋਰ, ਭਜਨ ਬੰਦਗੀ ਕਰਨ ਸਮੇਂ ਹੋਰ ਕਪੜੇ ਪਹਿਨਦਾ ਸੀ ਪਰ ਹੁਣ ਮੇਰੀ ਕੋਈ ਆਪਣੀ ਮਰਜ਼ੀ ਨਹੀਂ ਹੈ। ਆਪਣੀ ਪਸੰਦ ਤਾਂ ਗੁਲਾਮ ਹੋਣ ਸਮੇਂ ਹੀ ਖਤਮ ਹੋ ਗਈ। ਹੁਣ ਤਾਂ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਠੀਕ ਲਗਦੇ ਹਨ - ਨਵੇਂ, ਪੁਰਾਣੇ, ਫਟੇ ਹੋਏ, ਉਹੋ ਜਿਹੇ ਪਹਿਨ ਲਿਆ ਕਰਾਂਗਾ। ਬਾਕੀ ਰਹੀ ਗੱਲ ਖਾਣ ਦੀ। ਜਿਹੋ ਜਿਹੇ ਤੁਸੀਂ ਰੁੱਖੇ-ਮਿੱਸੇ ਟੁੱਕੜ ਦੇ ਦਿਆ ਕਰੋਂਗੇ ਉਹ ਖਾ ਲਿਆ ਕਰਾਂਗਾ ਕਿਉਂਕਿ ਗੁਲਾਮ ਦਾ ਕੋਈ ਧਰਮ ਨਹੀਂ ਹੋਇਆ ਕਰਦਾ। ਜਦੋਂ ਮੈਂ ਆਜ਼ਾਦ ਸੀ, ਉਦੋਂ ਹਰ ਵੇਲੇ ਵੱਖਰੇ-ਵੱਖਰੇ ਤਰ੍ਹਾਂ-ਤਰ੍ਹਾਂ ਦੇ ਖਾਣੇ ਮੇਰੀ ਮਰਜ਼ੀ ਨਾਲ ਬਣਿਆ ਕਰਦੇ ਸਨ ਪਰ ਹੁਣ ਮੇਰਾ ਕੋਈ ਹੱਕ ਨਹੀਂ ਹੈ। ਚੌਥੀ ਗੱਲ ਹੈ - ਸੌਣ ਤੇ ਜਾਗਣ ਦੀ। ਜਦੋਂ ਤੁਸੀਂ ਹੁਕਮ ਕਰੋਂਗੇ, ਮੈਂ ਸੌਂ ਜਾਇਆ ਕਰਾਂਗਾ, ਜਦੋਂ ਹਾਕ ਮਾਰੋਂਗੇ, ਮੈਂ ਜਾਗ ਜਾਇਆ ਕਰਾਂਗਾ। ਇਸ ਨੂੰ ਦਾਸਾ ਭਾਵ ਭਗਤੀ ਕਹਿੰਦੇ ਨੇ। ਜੇ ਵਾਹਿਗੁਰੂ ਦੇ ਨਾਲ ਇਸ ਤਰ੍ਹਾਂ ਹੋ ਜਾਵੇ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਪੰਨਾ - 757***

ਸੋ ਇਹ ਦਾਸਾ ਭਾਵ ਹੋਇਆ ਕਰਦਾ ਹੈ, ਮੁਰਦਾ ਬਣਨਾ ਪੈਂਦਾ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***
***ਭਾਈ ਗੁਰਦਾਸ ਜੀ, ਵਾਰ 3/18***

ਇਸ ਤੋਂ ਅਗਲੀ ਭਗਤੀ ਹੋਇਆ ਕਰਦੀ ਹੈ ਪਿਆਰ ਭਾਵ ਦੀ, ਉਹਨੂੰ ਸਖਾ ਭਾਵ ਕਹਿੰਦੇ ਨੇ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ, ਖੰਜਰ ਪਿਆਲਾ,***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭਠ ਖੇੜਿਆਂ ਦਾ ਰਹਣਾ॥ ਖਿਆਲ ਪਾ: ੧੦***

ਐ ਮਿਤਰਾ! ਜੇ ਤੂੰ ਚਾਹੁੰਦਾ ਹੈਂ ਕਿ ਮਾਛੀਵਾੜੇ ਦੇ ਜੰਗਲਾਂ ਵਿਚ ਮੈਨੂੰ ਦੇਖ ਕੇ ਤੂੰ ਖੁਸ਼ ਹੁੰਦਾ ਹੈਂ, 96 ਘੰਟੇ ਦੇ ਭੁੱਖੇ ਨੂੰ ਦੇਖ ਕੇ ਖੁਸ਼ ਹੁੰਦਾ ਹੈਂ ਤਾਂ ਮੈਂ ਤਿਆਰ ਹਾਂ, ਮੈਨੂੰ ਇਸ ਵਿਚੋਂ ਹੀ ਖੁਸ਼ੀ ਪ੍ਰਾਪਤ ਹੁੰਦੀ ਹੈ। ਜੇ ਤੂੰ ਇਸ ਹਾਲਤ ਵਿਚ ਮੈਨੂੰ ਦੇਖ ਕੇ ਰਾਜ਼ੀ ਹੈਂ ਤਾਂ ਮੈਨੂੰ ਇਸ ਵਿਚ ਕੋਈ ਸ਼ਿਕਵਾ ਨਹੀਂ ਹੈ। ਇਹ ਸਖਾ ਭਾਵ ਭਗਤੀ ਹੋਇਆ ਕਰਦੀ ਹੈ। ਇਸ ਤੋਂ ਬਾਅਦ ਭਗਤੀ ਹੋਇਆ ਕਰਦੀ ਹੈ - ਆਪਾ ਸਮਰਪਣ ਦੀ। ਤਨ ਵੀ, ਮਨ ਵੀ, ਧਨ ਵੀ ਮੈਂ ਸਭ ਤੈਨੂੰ ਅਰਪਣ ਕਰ ਦਿਤਾ ਤੇ ਹੁਣ ਤੇਰੀ ਮਰਜ਼ੀ ਹੀ ਮੇਰੀ ਮਰਜ਼ੀ ਹੈ ਜਿਵੇਂ ਤੂੰ ਚਲਾਉਣਾ ਹੈ, ਮੈਂ ਉਵੇਂ ਹੀ ਰਾਜ਼ੀ ਹਾਂ, ਤੇਰੀ ਖੁਸ਼ੀ ਵਿਚ ਹੀ ਮੇਰੀ ਖੁਸ਼ੀ ਹੈ। ਤੇਰੇ ਕੀਤੇ ਹੋਏ ਤੇ ਮੈਨੂੰ ਕੋਈ ਗਿਲਾ ਨਹੀਂ ਹੋ ਸਕਦਾ। ਜੇ ਤੂੰ ਮੈਨੂੰ ਸੁੱਖ ਵਿਚ ਰੱਖੇਂਗਾ ਤਾਂ ਵੀ ਮੈਂ ਸੁਖੀ ਹਾਂ, ਜੇ ਦੁੱਖ ਵਿਚ ਰੱਖੇਂਗਾ ਤਾਂ ਵੀ ਮੈਂ ਉਸ ਨੂੰ ਸੁੱਖ ਕਰਕੇ ਹੀ ਮੰਨਾਂਗਾ। ਇਸ ਤਰ੍ਹਾਂ ਆਪਾ ਸਮਰਪਣ ਹੋਇਆ ਕਰਦਾ ਹੈ - ਸਭ ਕੁਝ ਗੁਰੂ ਦੇ ਹਵਾਲੇ ਕਰ ਦੇਣਾ, ਗੁਰੂ ਪਰਨੇ ਹੋ ਜਾਣਾ -

***ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ।***
***ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ।***
***ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥***
***ਪੰਨਾ - 919***

ਗੁਰੂ ਪਰਨੇ ਹੋ ਜਾਣਾ ਕਿ ਜਿਥੇ ਉਹ ਰਖਦਾ ਹੈ, ਠੀਕ ਹੈ, ਉਸ ਵਿਚ ਕੋਈ ਕਿੰਤੂ ਪ੍ਰੰਤੂ ਨਾ ਕਰਨਾ। ਸਦਾ ਖੇੜੇ ਵਿਚ ਰਹਿਣਾ, ਮੱਥੇ ਤੇ ਝੁਰੜੀਆਂ ਨਾ ਪੈਣ ਦੇਣੀਆਂ।

ਇਸ ਤੋਂ ਬਾਅਦ ਇਨ੍ਹਾਂ ਨੌਂ ਭਗਤੀਆਂ ਨੂੰ ਫਲ ਲੱਗਿਆ ਕਰਦਾ ਹੈ ਪ੍ਰੇਮ ਦਾ, ਪਿਆਰ ਦਾ। ਜਦੋਂ ਪਿਆਰ ਦਾ ਫਲ ਲਗ ਗਿਆ, ਫੇਰ ਰੱਬ ਪਿਆਰ ਵਿਚ ਬਝਣਾ ਸ਼ੁਰੂ ਹੋ ਜਾਂਦਾ ਹੈ। ਕੋਈ ਚੀਜ਼ ਦੁਨੀਆਂ ਦੀ ਐਸੀ ਨਹੀਂ ਹੈ, ਜਿਹੜੀ ਰੱਬ



Sri Satguru Jagjit Singh Ji eLibrary NamdhariElibrary@gmail.com

ਦੇ ਹੱਥਕੜੀ ਲਾ ਦੇਵੇ। ਕੇਵਲ ਇਕ ਪਿਆਰ ਹੈ ਜਿਹੜਾ ਉਹਦੇ ਹਥਕੜੀ ਲਾ ਦਿੰਦਾ ਹੈ, ਉਹ ਨੂੰ ਪਿਆਰ ਸਰਕਲ ਵਿਚੋਂ ਨਿਕਲਣ ਨਹੀਂ ਦਿੰਦਾ –

***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***
***ਪੰਨਾ – 1105***

ਬਲ ਦੇ ਹਿਰਦੇ ਵਿਚੋਂ ਅੱਜ ਤਕ ਨਹੀਂ ਰੱਬ ਨਿਕਲਿਆ, ਉਥੇ ਹੀ ਰਹਿੰਦਾ ਹੈ। ਉਹਨੂੰ ਤਾਂ ਉਥੇ ਰਹਿਣਾ ਕੋਈ ਔਖਾ ਨਹੀਂ ਹੈ ਕਿਉਂਕਿ ਬਲ ਨੇ ਆਪਣਾ ਆਪ ਵੇਚ ਕੇ ਰੱਬ ਨੂੰ ਮਨਾ ਲਿਆ, ਫੇਰ ਰੱਬ ਨੇ ਜਾਣਾ ਕਿਥੇ ਹੈ, ਉਥੇ ਹੀ ਰਹਿੰਦਾ ਹੈ –

***ਸਾਚ ਕਹੌਂ ਸੁਨ ਲੇਹੁ ਸਭੈ ਜਿਨ***
***ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਪਿਆਰ ਬਹੁਤ ਜ਼ਰੂਰੀ ਹੈ। ਪਿਆਰ ਹੋਣ ਤੋਂ ਬਾਅਦ ਪਰਾ ਭਗਤੀ ਆਉਂਦੀ ਹੈ। ਪਰਾ ਭਗਤੀ ਵਿਚ ਫੇਰ ਕਹਿੰਦਾ ਹੈ? ਤੂੰ ਹੀ ਤੂੰ, ਤੂੰ ਹੀ ਤੂੰ –

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਪੰਨਾ – 407***

ਇਸ ਤੋਂ ਬਾਅਦ ਆਉਂਦੀ ਹੈ – ਅਪਰਾ ਭਗਤੀ। ਅਪਰਾ ਭਗਤੀ ਉਹ ਹੁੰਦੀ ਹੈ ਕਿ ਤੇਰੇ ਬਿਨਾਂ ਕੁਝ ਹੈ ਹੀ ਨਹੀਂ, ਨਾ ਤੂੰ ਹੈਂ, ਨਾ ਮੈਂ ਹਾਂ। ਇਹ ਹੋ ਕੀ ਗਿਆ, ਨਾ ਤੂੰ ਰਿਹਾ, ਨਾ ਮੈਂ ਰਿਹਾ ਆਪੇ ਆਪ ਹੀ ਹੋ ਗਿਆ –

***ਕਬੀਰ ਤੂੰ ਤੂੰ ਕਰਤਾ ਤੂ ਹੁਆ ਮੁਝ ਮਹਿ ਰਹਾ ਨ ਹੂੰ॥***
***ਪੰਨਾ – 1375***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***
***ਪੰਨਾ – 969***

ਪਛਾਣ ਹੀ ਹਟ ਗਈ ਕਿ ਰਾਮ ਕਿਹੜਾ ਹੈ ਤੇ ਕਬੀਰ ਕਿਹੜਾ ਹੈ ਕਿਉਂਕਿ ਅਪਰਾ ਭਗਤੀ ਵਿਚ ਆ ਗਿਆ, ਭੇਦ ਖਤਮ ਹੋ ਗਿਆ, ਜੀਵ ਮੁੜ ਕੇ ਪ੍ਰਮੇਸ਼ਰ ਦੇ ਵਿਚ ਲੀਨ ਹੋ ਕੇ ਪ੍ਰਮੇਸ਼ਰ ਦਾ ਹੀ ਰੂਪ ਹੋ ਗਿਆ। ਫੇਰ ਅਵਸਥਾ ਕਿੰਨੀ ਉਚੀ ਹੋ ਗਈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ)***

ਕੋਈ ਭੇਦ ਹੀ ਨਹੀਂ ਰਹਿੰਦਾ, ਸਭ ਫਰਕ ਮਿਟ ਜਾਂਦਾ ਹੈ, ਗੁਰੂ ਕਿਧਰ ਚਲਾ ਗਿਆ ਤੇ ਸਿਖ ਕਿਧਰ ਚਲਾ ਗਿਆ। ਪ੍ਰਮੇਸ਼ਰ ਹੀ ਬਣ ਗਿਆ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਪੰਨਾ – 273***

ਆਪ ਹੀ ਪ੍ਰਮੇਸ਼ਰ ਬਣ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਬੇਣੀ! ਐਸ ਤਰ੍ਹਾਂ ਭਗਤੀ ਕਰਿਆ ਕਰ ਕਿਉਂਕਿ ਭਗਤੀ ਤੋਂ ਬਗੈਰ ਕੋਈ ਤਰ ਨਹੀਂ ਸਕਦਾ ਕਿਉਂਕਿ ਅੱਜ ਤਕ ਤਾਂ ਕੋਈ ਤਰਿਆ ਨਹੀਂ। ਐਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਹਨ –

***ਧਾਰਨਾ – ਤਰਨ ਕੈਸੇ, ਬਿਨ ਭੈ ਭਗਤੀ – 2, 2.***
***ਬਿਨ ਭੈ ਭਗਤੀ ਤਰਨ ਕੈਸੇ – 2, 2.***
***ਤਰਨ ਕੈਸੇ,.......–2***

***ਬਿਨੁ ਭੈ ਭਗਤੀ ਤਰਨੁ ਕੈਸੇ॥ ਪੰਨਾ – 829***

***ਭਗਤਿ ਭਾਇ ਤਰੀਐ ਸੰਸਾਰੁ॥***
***ਬਿਨੁ ਭਗਤੀ ਤਨੁ ਹੋਸੀ ਛਾਰੁ॥ ਪੰਨਾ – 290***

ਗੁਰੂ ਦਾ ਜੋ ਮਤ ਹੈ, ਇਹਦੇ ਵਿਚ ਤਿੰਨ ਚੀਜ਼ਾਂ ਨੇ– ਵਰਤਣ ਬੈਰਾਗ, ਮੁੱਖ ਭਗਤੀ, ਨਿਹਚੇ ਗਿਆਨ।

ਸੋ ਬੇਣੀ ਨੇ ਸਾਡੇ ਵਾਂਗ ਨਹੀਂ ਸੁਣਿਆ। ਉਹਨੇ 100% (ਸੌ ਫੀ ਸਦੀ) ਸ਼ਰਧਾ ਦੇ ਨਾਲ ਗੁਰੂ ਤੋਂ ਸੁਣ ਲਿਆ ਤੇ ਹਿਰਦੇ ਦੇ ਅੰਦਰ ਪ੍ਰਕਾਸ਼ ਹੋ ਗਿਆ –

***ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਪੰਨਾ – 1192***

ਗੁਰੂ ਨੇ ਕੋਈ ਚੀਜ਼ ਲਕੋ ਕੇ ਨਹੀਂ ਰੱਖੀ, ਸਾਰੀਆਂ ਗੱਲਾਂ ਦਸ ਕੇ ਸਮਝਾ ਦਿਤਾ –

***ਰੇ ਮਨ ਤੂ ਭੀ ਹੋਹਿ ਦਾਸੁ॥ ਪੰਨਾ – 1192***

ਮਹਾਰਾਜ ਕਹਿੰਦੇ ਕਿ ਤੂੰ ਵੀ ਬਣ ਜਾ ਉਸ ਤਰ੍ਹਾਂ ਦਾ। ਤੇਰੇ ਸਾਮ੍ਹਣੇ ਹੀ ਗੁਰੂ ਦੀ ਗੱਲ ਹੋ ਰਹੀ ਹੈ। ਸੋ ਬੇਣੀ ਨੇ ਗੱਲ ਸੁਣ ਕੇ ਛੱਡੀ ਨਹੀਂ, ਉਸੇ ਸਮੇਂ ਤੋਂ ਭਗਤੀ ਕਰਨ ਲਗ ਗਿਆ, ਦਿਨ ਰਾਤ ਇਕ ਕਰ ਦਿਤਾ –

***ਗੁਰਮੁਖਿ ਬੇਣੀ ਭਗਤਿ ਕਰਿ,***
***ਜਾਇ ਇਕਾਂਤ ਬਹੈ ਲਿਵ ਲਾਵੈ।***
***ਭਾਈ ਗੁਰਦਾਸ ਜੀ, ਵਾਰ 10/14***

ਜੰਗਲ ਵਿਚ ਇਕਾਂਤ ਵਿਚ ਚਲਾ ਜਾਂਦਾ ਹੈ, ਜਿਥੇ ਕੋਈ ਆਵਾਜ਼ ਨਹੀਂ ਆਉਂਦੀ। ਦੋ ਰਸਤੇ ਨੇ – ਇਕ ਗਿਆਨ ਮਾਰਗ ਤੇ ਦੂਸਰਾ ਸਬਦ ਸੁਰਤਿ ਮਾਰਗ। ਸਬਦਿ ਸੁਰਤਿ ਮਾਰਗ ਦੇ ਅੰਦਰ ਜਦੋਂ ਆਦਮੀ ਨੂੰ ਨਾਦ ਸੁਣਦਾ ਹੈ, ਉਸ ਵਕਤ ਆਦਮੀ ਨੂੰ ਖੜਕਾ ਦੜਕਾ ਚੰਗਾ ਨਹੀਂ ਲਗਦਾ ਕਿਉਂਕਿ ਉਸ ਸਮੇਂ ਪ੍ਰਮੇਸ਼ਰ ਨਾਲ ਬਿਰਤੀ ਲੱਗੀ ਹੋਈ ਹੁੰਦੀ ਹੈ। ਇਸ ਤਰ੍ਹਾਂ ਹੌਲੀ ਹੌਲੀ ਸ਼ਬਦ ਬਦਲਦਾ ਤੁਰਿਆ ਜਾਂਦਾ ਹੈ ਅਤੇ ਬਿਬੇਕ ਮੰਡਲ ਵਿਚ ਲੈ ਜਾਂਦਾ ਹੈ। ਜੇ ਕੱਚੀ ਬੁਨਿਆਦ ਨਾਲ ਬਿਬੇਕ ਮੰਡਲ ਵਿਚ ਫਰਜੀ ਤੌਰ ਤੇ ਪਹੁੰਚ ਗਿਆ ਤਾਂ ਗੱਲਾਂ ਦਾ ਗਿਆਨੀ ਬਣ ਜਾਂਦਾ ਹੈ, ਜਿਸ ਨੂੰ ਮੁਖ ਗਿਆਨੀ ਕਹਿੰਦੇ ਨੇ। ਮੁੱਖ ਗਿਆਨੀ ਨੂੰ ਮਹਾਰਾਜ ਨੇ ਜਿਉਂਦਿਆਂ ਵਿਚ ਨਹੀਂ ਗਿਣਿਆ, ਮਰਿਆਂ ਹੋਇਆਂ ਵਿਚ ਗਿਣਤੀ ਕੀਤੀ ਹੈ–

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤੁ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 253***

ਜੇ ਹਿਰਦੇ ਵਿਚ ਪ੍ਰੀਤ ਨਹੀਂ ਉਪਜੀ, ਪ੍ਰੀਤ ਦੇ ਨਾਲ ਜੇ ਗਿਆਨ ਹਾਸਲ ਨਹੀਂ ਹੋਇਆ ਤਾਂ ਮੁਰਦਾ ਹੈ ਕਿਉਂਕਿ ਹਿਰਦੇ ਵਿਚ ਨਾਮ ਦਾ ਵਾਸਾ ਨਹੀਂ ਹੋਇਆ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ – 142***

ਸੋ ਬੇਣੀ ਦੀ ਨਾਮ ਧੁਨਿ ਨਾਲ ਬਿਰਤੀ ਲਗ ਗਈ, ਬਿਰਤੀ ਲੱਗਣ ਨਾਲ ਬਹੁਤ ਦੇਰ ਨਾਮ ਜਪਦਾ ਹੈ। ਅੰਮ੍ਰਿਤ ਵੇਲੇ ਉਠਦਾ ਹੈ, ਦਿਨ ਵਿਚ ਵੀ ਜਪਦਾ ਹੈ, ਕਾਰੋਬਾਰ ਸਾਰੇ



Sri Satguru Jagjit Singh Ji eLibrary NamdhariElibrary@gmail.com

ਬਿਸਰ ਗਏ, ਸੰਸਾਰ ਭੁੱਲ ਗਿਆ, ਕੰਮ ਕੋਈ ਨਹੀਂ ਕਰਦਾ-

***ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਦੂਜਿਆਂ ਨੂੰ ਦਸਦਾ ਨਹੀਂ ਹੈ। ਇਥੇ ਤਾਂ ਜੇ ਕਿਸੇ ਨੂੰ ਥੋੜ੍ਹੀ ਜਿੰਨੀ ਕੋਈ ਪ੍ਰਾਪਤੀ ਹੋ ਜਾਵੇ ਤਾਂ ਇਕ ਦਮ ਰੌਲਾ ਪਾ ਦਿੰਦੇ ਨੇ, ਅਖਬਾਰਾਂ ਵਿਚ ਕਢਾਉਣ ਤਕ ਵੀ ਜਾਂਦੇ ਨੇ ਕਿ ਮੇਰੀ ਬਿਰਤੀ ਇਸ ਜਗ੍ਹਾ ਪਹੁੰਚ ਗਈ, ਮੇਰੇ ਨਾਲ ਇਸ ਤਰ੍ਹਾਂ ਦਾ ਕੌਤਕ ਵਰਤਿਆ। ਸੁਣਨ ਵਾਲੇ ਪਰੇਸ਼ਾਨ ਹੋ ਜਾਂਦੇ ਨੇ ਕਿ ਮੇਰੀ ਬਿਰਤੀ ਤਾਂ ਇਥੇ ਪਹੁੰਚੀ ਨਹੀਂ। ਇਹ ਗੱਲਾਂ ਗਲਤ ਹੋਇਆ ਕਰਦੀਆਂ ਹਨ, ਤਰੱਕੀ ਨਹੀਂ ਕਰਨ ਦਿੰਦੀਆਂ, ਚਲਦਾ ਚਲਦਾ ਨਾਮ ਰੁਕ ਜਾਇਆ ਕਰਦਾ ਹੈ, ਬਿਰਤੀ ਲੱਗਣ ਤੋਂ ਹਟ ਜਾਇਆ ਕਰਦੀ ਹੈ। ਇਹ ਤਾਂ ਹੋਛੀਆਂ ਗੱਲਾਂ ਹੋਇਆ ਕਰਦੀਆਂ ਹਨ। ਜੇ ਕੋਈ ਪ੍ਰਾਪਤੀ ਇਸ ਮਾਰਗ ਤੇ ਹੁੰਦੀ ਹੈ ਤਾਂ ਉਸ ਨੂੰ ਗੁਪਤ ਰੱਖਿਆ ਜਾਂਦਾ ਹੈ, ਨਹੀਂ ਤਾਂ ਸਭ ਕੁਝ ਪ੍ਰਾਪਤ ਹੋਇਆ ਹੋਇਆ ਜਾਂਦਾ ਰਹਿੰਦਾ ਹੈ। ਇਥੇ ਤਾਂ ਅਸੰਖ ਭਾਵ ਨੇ -

***ਅਸੰਖ ਜਪ ਅਸੰਖ ਭਾਉ॥ ਪੰਨਾ - 4***

ਇਕ ਭਾਵ ਨਹੀਂ ਹੈ, ਅਸੰਖਾਂ ਭਾਵ ਨੇ, ਅਸੰਖਾਂ ਤਰੀਕੇ ਨੇ, ਗਿਣਤੀ ਤੋਂ ਬਾਹਰ ਨੇ। ਆਪਣੇ ਆਪਣੇ ਤਰੀਕੇ ਨਾਲ ਸਭ ਚੜ੍ਹ ਜਾਂਦੇ ਨੇ। ਸੋ ਉਹ ਇਸ ਤਰ੍ਹਾਂ ਕਿਸੇ ਅਲੱਖ ਨੂੰ ਲਖਾਉਂਦਾ ਨਹੀਂ। ਜਦੋਂ ਘਰ ਵਾਪਸ ਮੁੜਦਾ ਹੈ ਤਾਂ ਘਰ ਵਿਚ ਮਾਂ ਕਹਿੰਦੀ ਹੈ ਕਿ ਰੋਟੀ ਪਾਣੀ ਦਾ ਕੁਝ ਸੋਚਿਆ ਹੈ? ਨਾ ਤਾਂ ਘਰ ਵਿਚ ਆਟਾ ਹੈ, ਨਾ ਲੱਕੜਾਂ ਨੇ, ਨਾ ਕੋਈ ਸਬਜ਼ੀ ਹੈ, ਨਾ ਲੂਣ ਮਿਰਚ ਹੈ; ਦਸ ਮੈਂ ਕੀ ਕਰਾਂ? ਮੈਂ ਤਾਂ ਪੜੌਸੀਆਂ ਤੋਂ ਮੰਗ ਮੰਗ ਕੇ ਥੱਕ ਗਈ, ਹੁਣ ਤਾਂ ਕੋਈ ਦਿੰਦਾ ਵੀ ਨਹੀਂ ਕਿ ਇਨ੍ਹਾਂ ਦਾ ਤਾਂ ਰੋਜ਼ ਦਾ ਇਹੀ ਕੰਮ ਹੈ। ਤੂੰ ਕੋਈ ਕੰਮ ਨਹੀਂ ਕਰਦਾ, ਕੁਝ ਤਾਂ ਕਰਨਾ ਚਾਹੀਦਾ ਹੈ, ਖਾਣ ਵਾਸਤੇ ਕਿਥੋਂ ਆਊ? ਬੇਣੀ ਕਹਿਣ ਲੱਗਿਆ ਮਾਂ ਜਿਹੜਾ ਸਭ ਤੋਂ ਵੱਡਾ ਰਾਜਾ ਹੈ, ਰਾਜਿਆਂ ਦਾ ਰਾਜਾ, ਮੈਂ ਉਹਦੇ ਦੁਆਰੇ ਜਾਂਦਾ ਹਾਂ, ਮੈਂ ਉਥੇ ਕਥਾ ਕਰਦਾ ਹਾਂ। ਜਦੋਂ ਰਾਜਾ ਪ੍ਰਸੰਨ ਹੋ ਗਿਆ ਤਾਂ ਸਭ ਕੁਝ ਦੇਵੇਗਾ। ਤੂੰ ਕਾਹਲ ਨਾ ਕਰ, ਜਦੋਂ ਕਥਾ ਦਾ ਭੋਗ ਪੈ ਗਿਆ, ਸਭ ਕੁਝ ਮਿਲ ਜਾਵੇਗਾ, ਤੂੰ ਫਿਕਰ ਨਾ ਕਰ, ਭਰੋਸਾ ਰੱਖ, ਸਬਰ ਕਰ, ਕਾਹਲੀ ਨਾ ਪੈ। ਉਹ ਰਾਜਾ ਬਹੁਤ ਦਿਆਲੂ ਕ੍ਰਿਪਾਲੂ ਹੈ -

***ਘਰਿ ਆਇਆ ਜਾ ਪੁਛੀਐ ਰਾਜੁ ਦੁਆਰਿ ਗਇਆ ਆਲਾਵੈ॥***
***ਘਰਿ ਸਭ ਵਥੂ ਮੰਗੀਅਨਿ ਵਲ ਛਲੁ ਕਰਿਕੈ ਝਤੁ ਲੰਘਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਜਦੋਂ ਘਰ ਆਉਂਦਾ ਹੈ ਤਾਂ ਮਾਂ ਪੁਛਦੀ ਹੈ ਇਹ ਫਲਾਣੇ ਫਲਾਣੇ ਕੰਮ ਕਰਨ ਵਾਲੇ ਸੀ, ਸਾਰੇ ਰਹਿ ਗਏ ਪਰ ਉਹ ਵਲ ਛਲ ਕਰਕੇ ਗੱਲਾਂ ਬਾਤਾਂ ਕਰਕੇ ਟਾਈਮ ਲੰਘਾ ਦਿੰਦਾ ਹੈ ਕਿ ਤੂੰ ਫਿਕਰ ਨਾ ਕਰ, ਸਭ ਕੁਝ ਆ ਜਾਏਗਾ। ਉਸ ਦੇ ਮਨ ਅੰਦਰ ਵਿਸ਼ਵਾਸ਼ ਹੋ ਚੁੱਕਾ ਹੈ। ਉਹ ਵਲ ਛਲ ਇਸ ਤਰ੍ਹਾਂ ਨਹੀਂ ਸੀ ਕਰਦਾ ਕਿ ਝੂਠ ਬੋਲਦਾ ਸੀ, ਉਸ ਨੂੰ ਆਪਣੇ ਪਿਆਰੇ ਤੇ ਪੂਰਨ ਭਰੋਸਾ ਸੀ ਪਰ ਗੱਲ ਖੁਲ੍ਹ ਕੇ ਨਹੀਂ ਸੀ ਕਹਿੰਦਾ, ਗੁਪਤ ਰੱਖ ਰਿਹਾ ਸੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆਂ - 2, 2.***
***ਤੈਨੂੰ ਕਿਉਂ ਨਾ ਜੀ, ਦੇਵੇ ਬੰਦਿਆ - 2,2.***
***ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ........2.***

***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ***
***ਰਿਜਕੁ ਆਗੈ ਕਰਿ ਧਰਿਆ॥ ਪੰਨਾ - 10***

ਕਹਿਣ ਲੱਗਿਆ, ਪ੍ਰਮੇਸ਼ਰ ਨੇ ਰੋਜ਼ੀ ਤਾਂ ਸਭ ਨੂੰ ਦੇਣੀ ਹੈ, ਦੇਰ ਹੈ ਅੰਧੇਰ ਨਹੀਂ ਹੈ, ਉਹ ਜ਼ਰੂਰ ਦੇਵੇਗਾ। ਸੋ ਗੱਲਾਂ ਬਾਤਾਂ ਕਰਕੇ ਟਾਲੀ ਜਾਂਦਾ ਹੈ। ਭੁੱਖ ਨੂੰ ਮਹਾਰਾਜ ਨੇ ਦੁਖ ਲਿਖਿਆ ਹੈ, ਚਾਰ ਦੁੱਖ ਨੇ -

***ਦੁਖੁ ਵੇਛੋੜਾ ਇਕੁ ਦੁਖੁ ਭੂਖ॥***
***ਇਕੁ ਦੁਖੁ ਸਕਤਵਾਰ ਜਮਦੂਤ॥***
***ਇਕੁ ਦੁਖੁ ਰੋਗੁ ਲਗੇ ਤਨਿ ਧਾਇ॥***
***ਵੈਦ ਨ ਭੋਲੇ ਦਾਰੂ ਲਾਇ॥ ਪੰਨਾ - 1256***

ਸਰੀਰ ਨੂੰ ਐਸਾ ਰੋਗ ਲਗ ਜਾਣਾ ਜਿਸ ਦਾ ਕੋਈ ਦਾਰੂ ਨਾ ਹੋਵੇ, ਜਿਸ ਦਾ ਕੋਈ ਇਲਾਜ ਨਾ ਹੁੰਦਾ ਹੋਵੇ, ਇਹ ਵੱਡਾ ਦੁਖ ਹੈ। ਇਨ੍ਹਾਂ ਵਿਚ ਭੁੱਖ ਵੀ ਇਕ ਦੁਖ ਹੈ। ਜਿਸ ਘਰ ਵਿਚ ਖਰਚ ਨਾ ਚੱਲੇ, ਘਰ ਵਿਚ ਕਲੇਸ਼ ਪਿਆ ਰਹਿੰਦਾ ਹੈ, ਵਿਖਸ਼ੇਪਤਾ ਆ ਜਾਂਦੀ ਹੈ, ਕਲਜੁਗ ਨਾਚ ਕਰਨ ਲਗ ਜਾਂਦਾ ਹੈ; ਪੁੱਤਰ ਪਿਓ ਦਾ ਕਹਿਣਾ ਨਹੀਂ ਮੰਨਦਾ, ਇਸਤ੍ਰੀ ਪਤੀ ਦਾ ਕਹਿਣਾ ਨਹੀਂ ਮੰਨਦੀ ਕਿਉਂਕਿ ਘਰ ਵਿਚ ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਸਾਰਿਆਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ, ਰੌਲਾ ਪਿਆ ਰਹਿੰਦਾ ਹੈ। ਸੋ ਐਸੇ ਰੌਲੇ ਦੇ ਵਿਚ ਪੂਰੇ ਭਰੋਸੇ ਦੇ ਨਾਲ ਅਧਿਆਤਮੀ ਕਰਮ ਕਰਦਾ ਹੈ। ਕਰਮ ਬਹੁਤ ਕਿਸਮ ਦੇ ਹੁੰਦੇ ਨੇ ਤੇ ਉਨ੍ਹਾਂ ਦੇ ਫਲ ਵੀ ਵਖਰੇ ਵਖਰੇ ਹੁੰਦੇ ਨੇ। ਕਿਉਂਕਿ ਹੁਣ ਸਮਾਂ ਇਤਨਾ ਨਹੀਂ ਹੈ, ਇਸ ਲਈ ਮੈਂ ਜ਼ਿਆਦਾ ਇਸ ਪਾਸੇ ਨਹੀਂ ਜਾਂਦਾ।

ਸੋ ਬੇਣੀ ਜੰਗਲ ਦੇ ਅੰਦਰ ਚਲਿਆ ਜਾਂਦਾ ਹੈ ਤੇ ਇਕ ਮਨ ਇਕ ਚਿੱਤ ਹੋ ਕੇ ਨਾਮ ਜਪਦਾ ਹੈ, ਬੰਦਗੀ ਕਰਦਾ ਹੈ। ਇਸ ਤਰ੍ਹਾਂ ਨਹੀਂ ਹੈ ਕਿ ਘਰ ਦੀ ਗਰੀਬੀ ਦੇ ਫੁਰਨੇ ਆਉਂਦੇ ਨੇ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਾਮ ਜਪਦੈ ਪ੍ਰਭ ਜੀ ਦਾ, ਪਿਆਰਿਓ,***
***ਚਿਤ ਨੂੰ ਇਕਾਗਰ ਕਰਕੇ - 2, 2.***
***ਚਿਤ ਨੂੰ ਇਕਾਗਰ ਕਰਕੇ ਪਿਆਰਿਓ***
***ਚਿਤ ਨੂੰ ਇਕਾਗਰ ਕਰਕੇ - 2, 2.***
***ਨਾਮ ਜਪਦੈ ਪ੍ਰਭ ਜੀ ਦਾ ਪਿਆਰਿਓ,.......-2***

***ਵਡਾ ਸਾਂਗੁ ਵਰੱਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਭਾਈ ਗੁਰਦਾਸ ਜੀ ਇਥੇ ਬਹੁਤ ਪਤੇ ਦੀ ਇਕ ਗੱਲ ਕਹਿ ਰਹੇ ਨੇ ਕਿ ਘਰ ਦੇ ਵਿਚ ਤੰਗੀ ਹੋਵੇ, ਘਰ ਦੀਆਂ ਲੋੜਾਂ ਹੋਣ; ਪਤਾ ਹੈ ਕਿ ਘਰ ਦੇ ਵਿਚ ਆਟਾ ਨਹੀਂ ਹੈ, ਲੂਣ ਨਹੀਂ ਹੈ, ਸਬਜ਼ੀ ਨਹੀਂ ਹੈ, ਪਹਿਨਣ ਵਾਸਤੇ ਕੱਪੜਾ ਨਹੀਂ ਹੈ, ਘਰ ਵਾਪਸ ਜਾਂਦੇ ਨਾਲ ਫੇਰ ਕਲੇਸ਼ ਹੋਵੇਗਾ। ਜੇਕਰ ਘਰ ਦੇ ਅੰਦਰ ਜਰਾ ਜਿੰਨਾ ਵੀ ਕੋਈ ਕਲੇਸ਼ ਹੋ ਜਾਵੇ ਤਾਂ ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਤਾਂ ਕੀ ਜਪਣਾ ਹੈ, ਇਸ ਪਾਸੇ ਧਿਆਨ ਵੀ ਨਹੀਂ ਜਾਏਗਾ।

ਚਿਤ ਦੀਆਂ ਪੰਜ ਅਵਸਥਾਵਾਂ ਹੋਇਆ ਕਰਦੀਆਂ ਨੇ, ਪੰਜ ਬਿਰਤੀਆਂ ਹੋਇਆ ਕਰਦੀਆਂ ਹਨ। ਪਹਿਲੀ ਹੋਇਆ


Sri Satguru Jagjit Singh Ji eLibrary NamdhariElibrary@gmail.com

ਕਰਦੀ ਹੈ - ਲੈਅਤਾ ਬਿਰਤੀ। ਲੈਅਤਾ ਬਿਰਤੀ ਉਹ ਹੁੰਦੀ ਹੈ ਕਿ problem (ਮੁਸ਼ਕਲ) ਸਾਮ੍ਹਣੇ ਖੜ੍ਹੀ ਹੋ ਗਈ, ਉਸੇ ਦਾ ਹੀ ਹੱਲ ਸੋਚੀ ਜਾਣਾ। ਭਜਨ ਦੋ ਤਿੰਨ ਚਾਰ ਘੰਟੇ ਕਰੀ ਜਾਣਾ। ਭਜਨ ਦੋ ਤਿੰਨ ਚਾਰ ਘੰਟੇ ਕਰੀ ਜਾਣਾ ਪਰ ਬਿਰਤੀ problem ਦੇ ਪਿਛੇ ਘੁੰਮਦੀ ਰਹਿੰਦੀ ਹੈ। ਜੇ ਕੋਈ ਮੁਕੱਦਮਾ ਹੈ ਤਾਂ ਵਕੀਲਾਂ ਦੇ ਪਿਛੇ ਘੁੰਮਦਾ ਫਿਰੇਗਾ, ਗਵਾਹਾਂ ਦੇ ਪਿਛੇ ਫਿਰਦਾ ਰਹੇਗਾ, ਕਿਤੇ ਪੈਸਿਆਂ ਦਾ ਬੰਦੋਬਸਤ ਕਰਦਾ ਫਿਰੇਗਾ। ਉਸੇ ਸੋਚ ਦੇ ਵਿਚੋਂ ਬਿਰਤੀ ਨਹੀਂ ਨਿਕਲਦੀ, problem ਦੇ ਵਿਚ ਲੈਅ ਹੋ ਜਾਂਦਾ ਹੈ, ਬਹੁਤ ਡੂੰਘਾ ਚਲਿਆ ਜਾਂਦਾ ਹੈ। ਹਿਰਦੇ ਦੇ ਅੰਦਰ ਪਰਤਾਂ ਹੋਇਆ ਕਰਦੀਆਂ ਹਨ। ਜਦੋਂ ਬਿਰਤੀ ਅੰਦਰ ਨੂੰ ਦਾਖਲ ਹੁੰਦੀ ਹੈ ਤਾਂ ਇਨ੍ਹਾਂ ਪਰਤਾਂ ਦੇ ਨਾਲ ਟਕਰਾਅ ਕੇ ਜਾਂਦੀ ਹੈ। ਨਾਮ ਦੀ ਪਰਤ ਸਭ ਤੋਂ ਅਖੀਰ ਤੇ ਹੈ, ਇਸ ਤੋਂ ਅੱਗੇ ਕੁਛ ਵੀ ਨਹੀਂ ਹੈ, ਇਹ ਪਰ੍ਹੇ ਤੋਂ ਪਰ੍ਹੇ ਹੈ। ਉਥੋਂ ਤੱਕ ਪਹੁੰਚਦੇ ਪਹੁੰਚਦੇ ਸਾਡੀਆਂ ਕਈ ਜ਼ਿੰਦਗੀਆਂ ਲੰਘ ਚੁੱਕੀਆਂ, ਬੀਤ ਚੁੱਕੀਆਂ ਗੱਲਾਂ ਦੇ ਨਾਲ ਵਾਹ ਪੈਂਦਾ ਹੈ ਜੋ ਕਿ ਦਬੀਆਂ ਪਈਆਂ ਨੇ। ਜਿਹੜੀਆਂ ਬਚਪਨ ਤੋਂ ਬੀਤੀਆਂ ਹਨ ਉਹ ਵੀ ਤੇ ਜਿਹੜੀਆਂ ਕਰੋੜਾਂ ਜਨਮਾਂ ਤੋਂ ਵਾਪਰਦੀਆਂ ਚਲੀਆਂ ਆ ਰਹੀਆਂ ਨੇ, ਸੰਸਕਾਰ ਬਣੇ ਹੋਏ ਨੇ ਉਹ ਵੀ, ਉਨ੍ਹਾਂ ਸਾਰੀਆਂ ਦੇ ਨਾਲ ਟਕਰਾਅ ਕੇ ਬਿਰਤੀ ਅੰਦਰ ਗਹਿਰੀ ਜਾਂਦੀ ਹੈ। ਇਸੇ ਕਰਕੇ ਸਿਆਣੇ ਕਹਿੰਦੇ ਨੇ ਕਿ ਸ਼ਬਦ ਦਾ ਆਸਰਾ ਲੈ ਕੇ, ਸਬਦਿ ਸੁਰਤਿ ਦਾ ਆਸਰਾ ਲੈ ਕੇ ਤੂੰ ਬਚ ਜਾਵੇਂਗਾ, ਲੰਘ ਜਾਵੇਂਗਾ ਨਹੀਂ ਤਾਂ ਬਹੁਤ ਮੁਸ਼ਕਲ ਹੋ ਜਾਏਗੀ। ਸੋ ਇਕ ਮਨ ਹੋਣਾ ਬਹੁਤ ਔਖਾ ਹੈ। ਲੈਅਤਾ ਬਿਰਤੀ ਵਿਚ ਇਕ ਦੋਸ਼ ਹੋਰ ਹੁੰਦਾ ਹੈ ਕਿ ਆਦਮੀ ਨੂੰ ਕੁਝ ਨਜ਼ਰ ਆ ਗਿਆ, ਉਸ ਨੂੰ ਦੇਖਣ ਲਗ ਜਾਂਦਾ ਹੈ। ਜਦੋਂ ਬਿਰਤੀ ਆਗਿਆ ਚੱਕਰ ਵਿਚ ਜਾਂਦੀ ਹੈ, ਉਥੇ ਕੁਛ ਕੌਤਕ ਹੁੰਦੇ ਨੇ, ਉਨ੍ਹਾਂ ਕੌਤਕਾਂ ਵਿਚ ਫਸਣਾ ਸ਼ੁਰੂ ਹੋ ਜਾਂਦਾ ਹੈ ਕਿ ਮੈਨੂੰ ਆਹ ਦਿਸਿਆ, ਮੈਨੂੰ ਔਹ ਦਿਸਿਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਅਸੀਂ ਦੇਸ਼ ਦੀ ਆਜ਼ਾਦੀ ਲਈ ਬਹੁਤ ਸਖਤੀਆਂ ਭਰੀ ਜੇਲ ਕਟ ਰਹੇ ਸਾਂ, ਇਕ ਕਿਰਪਾ ਸਿੰਘ ਨਾਂ ਦਾ ਸਿੰਘ ਸਾਡੇ ਨਾਲ ਜੇਲ੍ਹ ਵਿਚ ਕੈਦ ਹੋਇਆ ਰਹਿੰਦਾ ਸੀ, ਉਹ ਇਕ ਦਿਨ ਸਵੇਰੇ ਹੀ ਕਹਿਣ ਲਗ ਪਿਆ ਕਿ ਭਾਈ ਸਾਹਿਬ! ਅੱਜ ਤੁਹਾਡੇ ਦੁਧ ਪੀਣ ਲਈ ਇਕ ਗਊ ਆਏਗੀ, ਚਿੱਟੇ ਬੱਛੇ ਵਾਲੀ। ਤੁਸੀਂ ਆਪਣੇ ਹੱਥੀਂ ਸੋਧ ਦਾ ਦੁਧ ਚੋਇਆ ਕਰੋਗੇ। ਥੋੜ੍ਹੀ ਦੇਰ ਬਾਅਦ ਗਊ ਆ ਗਈ, ਚਿੱਟਾ ਬੱਛਾ ਵੀ ਨਾਲ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਭਾਈ ਗੁਰਮੁਖਾ! ਇਹ ਤਾਂ ਨਿਕੀਆਂ ਨਿੱਕੀਆਂ ਗੱਲਾਂ ਨੇ, ਜੇ ਤੂੰ ਇਨ੍ਹਾਂ ਵਿਚ ਪਰਚ ਗਿਆ ਨਾ, ਤਾਂ ਤੇਰੀ ਭਗਤੀ ਜਾਂਦੀ ਰਹਿਣੀ ਹੈ, ਕਿਸੇ ਕੰਮ ਦਾ ਨਹੀਂ ਰਹਿਣਾ। ਤੂੰ ਤਾਂ ਅੰਦਰਲੀਆਂ ਖੇਡਾਂ ਦੇਖਣ ਲਗ ਗਿਆ, ਅਸੀਂ ਤਾਂ ਤੈਨੂੰ ਇਨ੍ਹਾਂ ਗੱਲਾਂ ਤੋਂ ਉਪਰ ਚੁਕਣਾ ਹੈ। ਤੂੰ ਤਾਂ ਤਮਾਸ਼ੇ ਦੇਖੀ ਜਾਂਦਾ ਹੈਂ, ਐਥੇ ਹੀ ਫਸ ਗਿਐਂ, ਤੂੰ ਇਨ੍ਹਾਂ ਚੀਜ਼ਾਂ ਤੋਂ ਕੀ ਲੈਣਾ ਹੈ। ਤੂੰ ਕੇਵਲ ਵਡਿਆਈ ਚਾਹੁੰਦਾ ਹੈਂ ਕਿ ਲੋਕ ਕਹਿਣ ਕਿ ਇਹਦੇ ਕੋਲ ਕੁਛ ਹੈਗਾ? ਇਸੇ ਗੱਲ ਦਾ ਮਾਰਿਆ ਤੂੰ ਆਪਣਾ ਸਮਾਂ ਨਸ਼ਟ ਕਰ ਰਿਹਾ ਹੈਂ, ਇਹਦਾ ਫਾਇਦਾ ਕੀ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ - 593***

ਨਾਮ ਨਹੀਂ ਮਨ ਵਿਚ ਵਸਿਆ ਕਰਦਾ। ਜਿਹੜੇ ਜਰ ਜਾਂਦੇ ਨੇ, ਉਹ ਪਾਰ ਲੰਘ ਜਾਇਆ ਕਰਦੇ ਨੇ। ਉਹ ਤਾਂ ਇਹ ਕਹਿੰਦੇ ਨੇ ਕਿ ਮੈਨੂੰ ਕੀ ਮਤਲਬ ਇਨ੍ਹਾਂ ਗੱਲਾਂ ਨਾਲ, ਮੈਂ ਕੀ ਲੈਣਾ ਹੈ ਕਿਸੇ ਦੀਆਂ ਗੱਲਾਂ ਤੋਂ, ਮੈਂ ਆਪਣਾ ਸਮਾਂ ਕਿਉਂ ਬਿਰਥਾ ਗਵਾਵਾਂ। ਇਨ੍ਹਾਂ ਗੱਲਾਂ ਵਿਚ ਪੈ ਕੇ ਰੂਹਾਨੀ ਤਰੱਕੀ ਰੁਕ ਜਾਇਆ ਕਰਦੀ ਹੈ, ਮਨੋਰਥ ਪੂਰਾ ਨਹੀਂ ਹੋਇਆ ਕਰਦਾ, ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਪਛਤਾਉਣਾ ਪੈਂਦਾ ਹੈ, ਜਦੋਂ ਸਮਾਂ ਲੰਘ ਜਾਂਦਾ ਹੈ।

ਦੂਸਰੀ ਬਿਰਤੀ ਹੁੰਦੀ ਹੈ - ਵਿਖਸ਼ੇਪਤਾ। ਥੋੜ੍ਹਾ ਜਿਹਾ ਕੋਈ ਹਰਖ ਹੋ ਗਿਆ, ਸੋਗ ਹੋ ਗਿਆ, ਮਾਣ ਹੋ ਗਿਆ, ਅਪਮਾਨ ਹੋ ਗਿਆ, ਉਹਦੇ ਵਿਚ ਹੀ ਬਿਰਤੀ ਲੱਗੀ ਰਹਿੰਦੀ ਹੈ।

ਇਕ ਵਾਰ ਮਹਾਰਾਜ ਜੀ (ਰਾੜਾ ਸਾਹਿਬ ਵਾਲਿਆਂ) ਦੇ ਪਾਸ ਇਕ ਮਹਾਤਮਾ ਆਏ ਤੇ ਕਹਿਣ ਲੱਗੇ ਕਿ ਮਹਾਰਾਜ! ਮੇਰੀ ਬਿਰਤੀ ਨਹੀਂ ਟਿਕਦੀ। ਕਹਿੰਦੇ ਕੀ ਗੱਲ, ਤੁਸੀਂ ਤਾਂ ਭਜਨ ਬਹੁਤ ਕਰਦੇ ਹੋਂ? ਕਹਿਣ ਲੱਗਿਆ, "ਮਹਾਰਾਜ! ਭਜਨ ਕਾਹਦਾ ਕਰਦਾ ਹਾਂ, ਮੈਂ ਤਾਂ ਕਦੇ ਕਿਸੇ ਨੂੰ ਦਸਿਆ ਨਹੀਂ ਹੈ।" ਮਹਾਰਾਜ ਕਹਿਣ ਲੱਗੇ ਕਿ ਅਸਲ ਗੱਲ ਦੱਸ? ਕਹਿੰਦਾ, ਗੱਲ ਤਾਂ ਇਸ ਤਰ੍ਹਾਂ ਹੈ ਕਿ ਜਿਹੜਾ ਮੇਰਾ ਆਸ਼ਰਮ ਹੈ ਉਹਦੇ ਉਪਰ ਦੀ ਘੁੰਮ ਕੇ ਰਸਤਾ ਜਾਂਦਾ ਹੈ ਤੇ ਜਿਹੜੇ ਇਥੇ ਆਉਣ ਵਾਲੇ ਨੇ, ਉਨ੍ਹਾਂ ਨੂੰ ਰਸਤਾ ਲੰਬਾ ਪੈ ਜਾਂਦਾ ਹੈ। ਇਸ ਕਰਕੇ ਉਹ ਸਿੱਧੇ ਹੀ ਲੰਘ ਜਾਂਦੇ ਨੇ। ਮੈਂ ਵਾੜ ਕਰ ਦਿੰਦਾ ਹਾਂ ਤੇ ਉਹ ਪੁੱਟ ਦਿੰਦੇ ਨੇ। ਤੇ ਮੈਂ ਉਪਰੋਂ ਉਪਰੋਂ ਪੁੱਛ ਲੈਂਦਾ ਹਾਂ ਕਿ ਕੋਈ ਜਲ ਪਾਣੀ ਦੀ ਸੇਵਾ ਦੱਸੋ। ਮਹਾਰਾਜ! ਜਦੋਂ ਮੈਂ ਭਜਨ ਕਰਨ ਬੈਠਦਾ ਹਾਂ ਤਾਂ ਜਿਸ ਨੇ ਵਾੜ ਪੁੱਟੀ ਹੁੰਦੀ ਹੈ, ਉਹ ਮੇਰੇ ਸਾਮ੍ਹਣੇ ਆ ਕੇ ਖੜ੍ਹ ਜਾਂਦਾ ਹੈ। ਮੈਂ ਉਸ ਨੂੰ ਪੁਛਦਾ ਹਾਂ ਕਿ ਤੂੰ ਵਾੜ ਕਿਉਂ ਪੁੱਟੀ, ਤੇ ਉਸ ਨਾਲ ਲੜ ਪੈਂਦਾ ਹਾਂ। ਉਹ ਮੈਨੂੰ ਗਾਲ੍ਹਾਂ ਕੱਢਦਾ ਹੈ ਤੇ ਮੈਂ ਉਸ ਨੂੰ ਕੱਢਦਾ ਹਾਂ। ਘਸੁੰਨ ਮੁੱਕੀ ਵੀ ਹੋ ਜਾਂਦੇ ਹਾਂ; ਕਦੇ ਉਹ ਥੱਲੇ, ਕਦੇ ਮੈਂ ਥੱਲੇ; ਕਦੇ ਉਹ ਮੇਰੇ ਕੇਸ ਪੁੱਟਦਾ ਹੈ, ਕਦੇ ਮੈਂ ਉਸ ਦੇ ਪੁੱਟਦਾ ਹਾਂ; ਕਦੇ ਉਹਦੀ ਦਾੜ੍ਹੀ ਮੇਰੇ ਹੱਥ ਵਿਚ ਆ ਜਾਂਦੀ ਹੈ, ਕਦੇ ਮੇਰੀ ਉਹਦੇ ਹੱਥ ਵਿਚ; ਐਉਂ ਨਾਮ ਜਪਣ ਦਾ ਸਮਾਂ ਵਿਖਸ਼ੇਪਤਾ ਵਿਚ ਪਿਆਂ ਹੀ ਲੰਘ ਜਾਂਦਾ ਹੈ। ਮੈਨੂੰ ਇਸ ਦਾ ਕੋਈ ਉਪਾਅ ਦੱਸੋ। ਮਹਾਰਾਜ ਕਹਿੰਦੇ ਕਿ ਇਹ ਤਾਂ ਗੱਲ ਹੀ ਸਿੱਧੀ ਜਿਹੀ ਹੈ, ਇਹਦੇ 'ਚ ਕੀ ਔਖਾ ਹੈ, ਤੁਸੀਂ ਆਸ਼ਰਮ ਵਿਚੀਂ ਲੰਘਣ ਲਈ ਸਿਧਾ ਰਾਹ ਹੀ ਬਣਾ ਦਿਓ। ਸੰਤ ਜੀ! ਤੁਹਾਡਾ ਭਜਨ ਦਾ ਸਮਾਂ ਲੰਘਦਾ ਜਾਂਦਾ ਹੈ, ਇਹ ਮੁੜ ਕੇ ਹੱਥ ਨਹੀਂ ਆਉਣਾ। ਜੇ ਰਸਤੇ ਦੇ ਝਗੜੇ ਵਿਚ ਹੀ ਲੱਗੇ ਰਹੇ ਤਾਂ ਕੁਝ ਬਣਨਾ ਨਹੀਂ, ਲੰਘਿਆ ਸਮਾਂ ਫੇਰ ਨਹੀਂ ਆਉਣਾ। ਇਸ ਲਈ ਤੁਸੀਂ ਰਸਤਾ ਬਣਾ ਦਿਓ ਤੇ ਉਨ੍ਹਾਂ ਪ੍ਰੇਮੀਆਂ ਨੂੰ ਕਹਿ ਦਿਓ ਕਿ ਤੁਹਾਨੂੰ ਮੁਸ਼ਕਲ ਹੁੰਦੀ ਸੀ, ਤੁਹਾਡੇ ਲਈ ਹੁਣ ਅਸੀਂ ਰਸਤਾ ਬਣਾ ਦਿਤਾ ਹੈ - ਤੁਹਾਡੇ ਆਰਾਮ ਵਾਸਤੇ। ਇਸ ਲਈ ਹੁਣ ਤੁਹਾਨੂੰ ਆਉਣਾ ਜਾਣਾ ਸੌਖਾ ਹੋ ਜਾਏਗਾ। ਮਹਾਰਾਜ ਦਾ ਬਚਨ ਮੰਨ ਕੇ ਚਲਾ ਗਿਆ, ਮਹੀਨੇ ਬਾਅਦ ਫੇਰ ਮੁੜ ਕੇ ਆਇਆ ਤੇ ਕਹਿਣ ਲੱਗਾ ਕਿ ਮਹਾਰਾਜ! ਤੁਸੀਂ ਤਾਂ ਮੈਨੂੰ ਐਸੀ ਜੁਗਤ ਦਸੀ ਕਿ ਇਕ ਤਾਂ ਸਾਰਾ ਪਿੰਡ ਮੈਨੂੰ ਪ੍ਰੇਮ ਕਰਨ ਲਗ ਪਿਆ ਤੇ ਹੁਣ ਭਜਨ ਵਿਚ ਮਨ ਵੀ ਬਹੁਤ ਲਗਦਾ ਹੈ। ਪਹਿਲਾਂ ਤਾਂ ਮੈਂ ਉਨ੍ਹਾਂ ਨੂੰ ਉਪਰੋਂ ਉਪਰੋਂ ਹੀ ਜਲ



Sri Satguru Jagjit Singh Ji eLibrary NamdhariElibrary@gmail.com

ਪਾਣੀ ਨੂੰ ਕਹਿੰਦਾ ਸੀ ਪਰ ਹੁਣ ਤਾਂ ਮੈਂ ਅੰਦਰੋਂ ਇਹ ਗੱਲ ਕਹਿੰਦਾ ਹਾਂ। ਸੋ ਇਸ ਬਿਰਤੀ ਨੂੰ ਵਿਖਸ਼ੇਪਤਾ ਕਹਿੰਦੇ ਨੇ, ਇਹ ਨਾਮ ਨਹੀਂ ਜਪਣ ਦਿੰਦੀ, ਚਿਤ ਨੂੰ ਇਕਾਗਰ ਨਹੀਂ ਹੋਣ ਦਿੰਦੀ।

ਵਿਖਸ਼ੇਪਤਾ ਦੇ ਅੰਦਰ ਪੰਜ ਚੀਜ਼ਾਂ ਹੁੰਦੀਆਂ ਹਨ ਜਿਹੜੀਆਂ ਬੰਦੇ ਨੂੰ ਖਰਾਬ ਕਰਦੀਆਂ ਹਨ, ਉਹ ਪੰਜ ਵਾਸ਼ਨਾਵਾਂ ਕਹਾਉਂਦੀਆਂ ਹਨ। ਇਕ ਹੁੰਦੀ ਹੈ ਲੋਕ ਵਾਸ਼ਨਾ। ਮੇਰੇ ਪੁੱਤਰ ਹੋ ਜਾਏ, ਮੇਰੇ ਪੁੱਤਰ ਚੰਗੀ ਨੌਕਰੀ ਤੇ, ਉਚੇ ਅਹੁਦੇ ਤੇ ਲੱਗ ਜਾਣ, ਚੰਗੇ ਸੈਟ ਹੋ ਜਾਣ, ਮੇਰੀ ਕੋਠੀ ਬਣ ਜਾਵੇ, ਮੈਂ Election (ਚੋਣਾਂ) ਜਿੱਤ ਜਾਵਾਂ, ਮੇਰੀ ਮਾਨਤਾ ਹੋ ਜਾਵੇ, ਲੋਕ ਮੈਨੂੰ ਮੱਥਾ ਟੇਕਣ, ਮੇਰੀ ਇੱਜ਼ਤ ਕਰਨ; ਇਹ ਲੋਕ ਵਾਸ਼ਨਾ ਕਹਾਉਂਦੀ ਹੈ। ਇਕ ਹੁੰਦੀ ਹੈ ਦੇਹ ਵਾਸ਼ਨਾ। ਦੇਹ ਦੇ ਸੁੱਖ ਵਾਸਤੇ, ਦੇਹ ਦੇ ਭੋਗਾਂ ਵਾਸਤੇ ਬਾਰ-ਬਾਰ ਇਛਿਆ ਕਰਨੀ। ਇਹ ਦੇਹ ਅਧਿਆਸ ਕਰਕੇ ਹੋਇਆ ਕਰਦੀ ਹੈ। ਤੀਸਰੀ ਹੁੰਦੀ ਹੈ ਸਾਸ਼ਤਰ ਵਾਸ਼ਨਾ। ਪੁਸਤਕਾਂ ਪੜ੍ਹੀਆਂ, Quotations ਨੋਟ ਕਰਨੀਆਂ, ਯਾਦ ਕਰਕੇ ਲੋਕਾਂ ਨੂੰ ਸੁਣਾਉਣੀਆਂ। ਇਹ ਦੋ ਤਰ੍ਹਾਂ ਹੁੰਦੀ ਹੈ - ਇਕ ਤਾਂ ਆਪ ਕਮਾ ਕੇ ਬੋਲਦਾ ਹੈ, ਇਕ ਬਿਨਾਂ ਕਮਾਈ ਤੋਂ ਬੋਲਦਾ ਹੈ। ਜੋ ਬਿਨਾਂ ਕਮਾਈ ਤੋਂ ਬੋਲਦਾ ਹੈ, ਉਹ ਅੰਦਰੋਂ ਖੋਖਲਾ ਹੁੰਦਾ ਹੈ; ਉਪਰੋਂ ਦਾਣੇ ਪਾਈ ਜਾਂਦਾ ਹੈ ਤੇ ਥੱਲੋਂ ਨਿਕਲੀ ਜਾਂਦੇ ਨੇ। ਬਾਂਸ ਦੀ ਨਿਆਈ ਹੁੰਦਾ ਹੈ। ਉਹ ਸੁੱਕੇ ਦਾ ਸੁੱਕਾ ਰਹਿ ਜਾਇਆ ਕਰਦਾ ਹੈ, ਉਸ ਦਾ ਕੋਈ ਵੀ ਅਸਰ ਨਹੀਂ ਹੋਇਆ ਕਰਦਾ ਜਿਹੜਾ ਸਾਸ਼ਤਰ ਵਾਸ਼ਨਾ ਵਿਚ ਹੋਵੇ। ਚੌਥੀ ਹੁੰਦੀ ਹੈ- ਅਨੁਸ਼ਠਾਨ ਵਾਸ਼ਨਾ ਕਿ ਮੈਂ ਚਿਲਾ ਕੱਟਾਂ, ਸ਼ਬਦ ਦਾ ਅਭਿਆਸ ਕਰਾਂ ਜਿਸ ਨਾਲ ਮੇਰੇ ਅੰਦਰ ਸਿੱਧੀ ਆ ਜਾਵੇ। ਇਹਨੂੰ ਬਗਾਰੀ ਆਖਿਆ ਗਿਆ ਹੈ, ਮਹਾਂਮੂਰਖ ਆਖਿਆ ਗਿਆ ਹੈ ਕਿਉਂਕਿ ਐਨੀ ਤਪਸਿਆ ਵੀ ਕਰਦਾ ਹੈ ਤੇ ਫਲ ਵੀ ਕੋਈ ਨਹੀਂ ਹੈ, ਉਹ ਸਭ ਲੋਕ ਲੈ ਜਾਂਦੇ ਹਨ। ਪੰਜਵੀਂ ਹੋਇਆ ਕਰਦੀ ਹੈ ਅਨਾਤਮ ਵਾਸ਼ਨਾ। ਅਨਾਤਮ ਵਾਸ਼ਨਾ ਉਹ ਹੁੰਦੀ ਹੈ ਕਿ ਸੰਸਾਰ ਦੀ ਵਾਸ਼ਨਾ ਕਰਨੀ, ਵਾਹਿਗੁਰੂ ਤੋਂ ਬਗੈਰ ਬਾਕੀ ਵਾਸ਼ਨਾਵਾਂ ਕਰਨੀਆਂ; ਇਹ ਮਨ ਨੂੰ ਨਹੀਂ ਟਿਕਣ ਦਿਆ ਕਰਦੀ।

ਤੀਸਰੀ ਬਿਰਤੀ ਹੋਇਆ ਕਰਦੀ ਹੈ - ਮੂੜ੍ਹਤਾ। ਮੂੜ੍ਹਤਾ ਬਿਰਤੀ ਵਿਚ ਆਦਮੀ ਨਾਮ ਜਪਦਾ ਜਪਦਾ ਬਹੁਤ ਸੁਖ ਅਨੁਭਵ ਕਰਦਾ ਹੈ। ਇਹ ਇਕ ਨੀਂਦ ਹੈ ਜਿਸ ਨੂੰ ਯੋਗ ਦੀ ਨੀਂਦ ਕਹਿੰਦੇ ਨੇ, ਤੁੰਦਰਾ ਕਹਿੰਦੇ ਨੇ। ਆਦਮੀ ਸਿੱਧਾ ਬੈਠਾ ਹੁੰਦਾ ਹੈ, ਗਰਦਨ ਵੀ ਸਿੱਧੀ ਹੁੰਦੀ ਹੈ। ਹੌਲੀ ਹੌਲੀ ਗਰਦਨ ਛਾਤੀ ਨਾਲ ਆ ਲਗਦੀ ਹੈ, ਦੇਖਣ ਵਾਲੇ ਸਮਝ ਜਾਂਦੇ ਨੇ ਕਿ ਇਹਦੇ ਤੇ ਤੁੰਦਰਾ ਪਈ ਹੋਈ ਹੈ, ਮੂੜ੍ਹਤਾ ਵਿਚ ਗਿਆ ਹੋਇਆ ਹੈ। ਇਹ ਬਿਰਤੀ ਵੀ ਭਜਨ ਨਹੀਂ ਕਰਨ ਦਿਆ ਕਰਦੀ। ਸੋ ਇਹ ਤਿੰਨ ਜ਼ਬਰਦਸਤ ਦੋਸ਼ ਨੇ ਜੋ ਭਜਨ ਦੇ ਰਸਤੇ ਵਿਚ ਰੁਕਾਵਟ ਬਣਦੇ ਨੇ।

ਸੋ ਬਿਰਤੀ ਟਿਕਾਉਣ ਦਾ ਤਰੀਕਾ ਤਾਂ ਹੈ - ਮਨੋ ਨਾਸ਼, ਵਾਸ਼ਨਾ ਖੈ੍ਹ, ਤੱਤ ਗਿਆਨ; ਤਿੰਨ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ। ਤੱਤ ਗਿਆਨ ਹੁੰਦਾ ਹੈ ਕਿ ਵਾਹਿਗੁਰੂ ਜਿਵੇਂ ਹੈ, ਉਵੇਂ ਜਿਵੇਂ ਦੇਖਣਾ। ਮਨੋ ਨਾਸ਼ ਹੁੰਦਾ ਹੈ - ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ - ਇਨ੍ਹਾਂ ਪੰਜਾਂ ਦੇ ਵਿਚੋਂ ਆਪਣੇ ਮਨ ਨੂੰ ਨਿਰਲੇਪ ਕਰ ਲੈਣਾ; ਪੰਜਾਂ ਬਿਰਤੀਆਂ ਪ੍ਰਮਾਣ ਬਿਰਤੀ, ਬਿਪਰਜੇ ਬਿਰਤੀ, ਨਿੰਦਰਾ ਬਿਰਤੀ, ਵਿਕਲਪ ਬਿਰਤੀ - ਇਨ੍ਹਾਂ ਤੋਂ ਮਨ ਨੂੰ ਨਿਰਲੇਪ ਕਰ ਲੈਣਾ। ਇਨ੍ਹਾਂ ਦੀ ਨਵਿਰਤੀ ਦਾ ਸੰਤਾਂ ਦੇ ਨਾਲ ਮਿਲਕੇ ਪਤਾ ਲਗ ਜਾਇਆ ਕਰਦਾ ਹੈ, ਕਿਹੜੀ ਬਿਰਤੀ ਕਿਸ ਤਰ੍ਹਾਂ ਦੇ ਨਾਲ ਦੂਰ ਹੁੰਦੀ ਹੈ। ਜਦੋਂ ਇਹ ਚੀਜ਼ਾਂ ਦੂਰ ਹੋ ਜਾਣ, ਉਸ ਵੇਲੇ ਚਿੱਤ ਸ਼ਾਂਤ ਹੋ ਜਾਇਆ ਕਰਦਾ ਹੈ।

ਫੇਰ ਚੌਥੀ ਬਿਰਤੀ ਜਿਸਨੂੰ ਇਕਾਗਰਤਾ ਦੀ ਬਿਰਤੀ ਕਹਿੰਦੇ ਨੇ, ਉਹ ਹਾਸਲ ਹੋ ਜਾਇਆ ਕਰਦੀ ਹੈ। ਉਹ ਪ੍ਰਾਪਤ ਹੋ ਜਾਣ ਦੇ ਨਾਲ ਫੇਰ ਮਨ ਟਿਕ ਕੇ ਪ੍ਰਮੇਸ਼ਰ ਵਲ ਨੂੰ ਤਰੱਕੀ ਕਰਦਾ ਹੈ, ਪਹਿਲਾਂ ਤਾਂ ਆਲੇ ਦੁਆਲੇ ਗੇੜੇ ਕਢਦਾ ਹੈ। ਸੋ-

***ਵਡਾ ਸਾਂਗੁ ਵਰੱਤਦਾ ਓਹੁ ਇਕ ਮਨਿ ਪਰਮੇਸਰੁ ਧਿਆਵੈ।***
***ਭਾਈ ਗੁਰਦਾਸ ਜੀ, ਵਾਰ 10/14***

ਇਕ ਮਨ ਹੋਣਾ ਹੀ ਬਹੁਤ ਔਖਾ ਹੈ ਕਿਉਂਕਿ ਜਿੰਨੀ ਦੇਰ ਤਕ ਅੰਤਸ਼ਕਰਣ ਦੇ ਵਿਚ ਮੈਲ ਹੈ, ਓਨੀ ਦੇਰ ਚਿੱਤ ਇਕਾਗਰ ਨਹੀਂ ਹੋਇਆ ਤੇ ਚਿੱਤ ਦੀ ਇਕਾਗਰਤਾ ਦਾ ਫਲ ਗਿਆਨ ਹੁੰਦਾ ਹੈ, ਆਤਮ ਸਰੂਪ ਦੇ ਦਰਸ਼ਨ ਹੁੰਦੇ ਨੇ। ਜਦ ਤਕ ਚਿੱਤ ਇਕਾਗਰ ਨਹੀਂ ਹੁੰਦਾ, ਭਜਨ ਦਾ ਕੁਝ ਬਣਦਾ ਨਹੀਂ, ਕੋਈ ਪ੍ਰਾਪਤੀ ਨਹੀਂ ਹੁੰਦੀ।

ਸੋ ਇਸ ਤਰ੍ਹਾਂ ਦੇ ਨਾਲ ਬੇਣੀ ਇਕ ਮਨ ਇਕ ਚਿੱਤ ਹੋ ਕੇ ਭਜਨ ਕਰਦਾ ਹੈ ਤੇ ਵੱਡਾ ਸਾਂਗ ਵਰਤ ਗਿਆ। ਉਹ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਪ੍ਰਮੇਸ਼ਰ ਕੋਈ ਐਵੇਂ ਨਹੀਂ ਹੈ ਕਿ ਸੁੰਨ-ਮੁੰਨ ਹੈ। ਕਈਆਂ ਨੂੰ ਇਹ ਭੁਲੇਖਾ ਹੋ ਜਾਂਦਾ ਹੈ ਕਿ ਜਿਸਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਬਰਨ ਨਹੀਂ; ਉਹ ਚੀਜ਼ ਕੀ ਹੋਈ। ਉਹ ਤਾਂ ਅਣਹੋਂਦ ਹੋਇਆ, ਜ਼ੀਰੋ ਹੋਇਆ। ਜ਼ੀਰੋ ਦੀ ਕੀ value (ਕੀਮਤ) ਹੁੰਦੀ ਹੈ? ਅੱਜ ਤਕ ਕੋਈ ਸੰਸਾਰ ਤੇ ਨਹੀਂ ਹੋਇਆ ਜਿਹੜਾ ਇਹ ਦਸ ਸਕੇ। ਇਥੋਂ ਲੈ ਕੇ ਕਈ ਕਿਲੋਮੀਟਰ ਤਕ 9 ਅੱਖਰ ਲਿਖਦੇ ਚਲੇ ਜਾਉ, ਫੇਰ ਜ਼ੀਰੋ ਦੇ ਨਾਲ ਗੁਣਾਂ ਕਰ ਦਿਓ, ਸਾਰੇ ਨੂੰ ਜ਼ੀਰੋ ਬਣਾ ਦੇਵੇਗਾ। ਸੋ ਜਿਹੜਾ ਨਿਰਾਕਾਰ ਪ੍ਰਮੇਸ਼ਰ ਹੈ, ਉਹ ਜ਼ੀਰੋ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਜ਼ੀਰੋ ਬਣਾ ਦਿੰਦਾ ਹੈ ਜਦੋਂ ਉਹਦਾ ਫੁਰਨਾ ਜਾਗਦਾ ਹੈ -

***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈ ਮਿਲਤ ਦੇਹ ਧਰ ਸਭਹੂੰ॥ ਚੌਪਈ***

ਸਭ ਨੂੰ ਜ਼ੀਰੋ ਬਣਾ ਦਿੰਦਾ ਹੈ। ਗਿਆਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਦੋਂ ਆਦਮੀ ਦਾ ਚਿਤ ਇਕਾਗਰ ਹੁੰਦਾ ਹੈ। ਫਿਰ ਨਿਰੁੱਧ ਅਵਸਥਾ ਆ ਜਾਂਦੀ ਹੈ - ਪੰਜਵੀਂ ਬਿਰਤੀ। ਨਿਰੁੱਧ ਅਵਸਥਾ ਦੇ ਵਿਚ ਕੋਈ ਫੁਰਨਾ ਨਹੀਂ ਜਾਗਦਾ ਕਿਉਂਕਿ ਫੁਰਨੇ ਖਤਮ ਹੋ ਜਾਂਦੇ ਨੇ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਪੰਜਵੀਂ ਭੂਮਿਕਾ ਵਿਚ ਚਲਿਆ ਜਾਂਦਾ ਹੈ ਜਿਥੇ ਸਾਰੇ ਫੁਰਨੇ ਖਤਮ ਹੋ ਜਾਇਆ ਕਰਦੇ ਨੇ। ਸੋ ਐਸ ਤਰ੍ਹਾਂ ਦੇ ਨਾਲ ਬੇਣੀ ਭਜਨ ਕਰਦਾ ਹੈ। ਭਜਨ ਕਰਨ ਦੇ ਨਾਲ ਸਾਂਗ ਕੀ ਵਰਤਿਆ ਕਿ ਪ੍ਰਮੇਸ਼ਰ ਨੇ ਰਾਜੇ ਦਾ ਰੂਪ ਧਾਰ ਲਿਆ, ਨਾਲ



Sri Satguru Jagjit Singh Ji eLibrary NamdhariElibrary@gmail.com

ਗੱਡੇ ਲੈ ਲਏ, ਰਾਸ਼ਨ ਲੈ ਲਿਆ, ਕੱਪੜੇ ਲੈ ਲਏ, ਗਹਿਣੇ ਲੈ ਲਏ; ਅਣਗਿਣਤ ਪਦਾਰਥ ਨਾਲ ਲੈ ਲਏ ਜਿਹੜੇ ਗਿਣੇ ਹੀ ਨਹੀਂ ਜਾ ਸਕਦੇ। ਚੰਡੀਗੜ੍ਹ 17 ਸੈਕਟਰ ਦੀਆਂ ਦੁਕਾਨਾਂ ਵਿਚ ਚਲੇ ਜਾਓ, ਉਥੇ ਪਤਾ ਲਗਦਾ ਹੈ ਕਿ ਪਦਾਰਥ ਕੀ ਹੁੰਦੇ ਨੇ, ਸਾਨੂੰ ਤਾਂ ਪਤਾ ਹੀ ਨਹੀਂ; ਅਸੀਂ ਤਾਂ ਭਾਂਡੇ ਜਾਣਦੇ ਹਾਂ, ਕਣਕ ਵਗੈਰਾ ਜਾਣਦੇ ਹਾਂ, ਹੋਰ ਤਾਂ ਸਾਨੂੰ ਪਤਾ ਹੀ ਨਹੀਂ। ਨਵੀਆਂ ਤੋਂ ਨਵੀਆਂ ਚੀਜ਼ਾਂ ਉਥੇ ਪਈਆਂ ਨੇ, ਉਹ ਅਣਗਿਣਤ ਪਦਾਰਥ ਹੁੰਦੇ ਨੇ –

***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ॥***
***ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਨਿਰਾਕਾਰ ਪ੍ਰਮੇਸ਼ਰ ਨੇ ਰਾਜੇ ਦਾ ਰੂਪ ਧਾਰ ਲਿਆ ਜਿਹੜਾ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਕਿਉਂਕਿ ਉਹਦਾ ਭਗਤ ਸਮਾਧੀ ਵਿਚ ਬੈਠਾ ਹੈ।

ਚਾਰ ਕਿਸਮ ਦੀ ਸਮਾਧੀ ਹੁੰਦੀ ਹੈ – ਦੋ ਕਿਸਮ ਦੀ ਵਿਕਲਪ ਸਮਾਧੀ ਹੁੰਦੀ ਹੈ, ਦੋ ਕਿਸਮ ਦੀ ਨਿਰਵਿਕਲਪ ਸਮਾਧੀ ਹੁੰਦੀ ਹੈ। ਪੰਜਵੀਂ ਸਮਾਧੀ ਉਹ ਹੁੰਦੀ ਹੈ ਜਿਹੜੀ ਅੱਖਾਂ ਖੋਲ੍ਹ ਕੇ ਲਗਦੀ ਹੈ। ਜਿਹਨੂੰ ਸਹਿਜ ਸਮਾਧ ਕਹਿੰਦੇ ਨੇ –

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਪੰਨਾ – 106***

ਜਿਹਦੀ ਸਹਿਜ ਸਮਾਧ ਲਗ ਜਾਂਦੀ ਹੈ, ਉਸ ਨੂੰ ਉਹੀ ਜਾਣਦਾ ਹੈ। ਬੇਣੀ ਸਹਿਜ ਸਮਾਧ ਦੇ ਵਿਚ ਲੀਨ ਹੋਇਆ ਬੈਠਾ ਹੈ –

***ਧਾਰਨਾ – ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ ਜੀ – 2, 2.***
***ਸੋ ਰਸ ਸੋਈ ਜਾਣੇ ਜੀ,***
***ਸੋ ਰਸ ਸੋਈ ਜਾਣੇ ਜੀ – 2, 2.***
***ਸਹਿਜ ਸਮਾਧ ਲਗੀ ਲਿਵ ਅੰਤਰ,.......–2***

ਇਹ supreme (ਸਭ ਤੋਂ ਉਚੇਰੀ) ਸਮਾਧੀ ਹੋਇਆ ਕਰਦੀ ਹੈ ਜਿਸਨੂੰ ਅਭੇਦ ਰੂਪ ਸਮਾਧੀ ਵੀ ਆਖਦੇ ਨੇ। ਪ੍ਰਮੇਸ਼ਰ ਦਾ ਰੂਪ ਹੀ ਬਣਿਆ ਹੋਇਆ ਹੈ, ਜਿਧਰ ਦੇਖਦਾ ਹੈ ਇਕੋ ਹੀ ਨਜ਼ਰ ਆ ਰਿਹਾ ਹੈ, ਦੂਸਰਾ ਨਹੀਂ ਨਜ਼ਰ ਆਉਂਦਾ। ਐਸੀ ਸਮਾਧੀ ਵਿਚ ਲੀਨ ਹੈ। ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ, ਕਿਤੋਂ ਆਉਣਾ ਨਹੀਂ, ਕਿਤੇ ਜਾਣਾ ਨਹੀਂ, ਨਾਲ ਹੀ ਬੈਠਾ ਹੈ। ਉਹਨੇ ਕੌਤਕ ਰਚ ਦਿਤਾ –

***ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰਿ ਚਲਿ ਆਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਰਾਜੇ ਦਾ ਰੂਪ ਧਾਰ ਲਿਆ, ਪਦਾਰਥਾਂ ਦੇ ਗੱਡੇ ਭਰ ਲਏ, ਆ ਕੇ ਪੁਛਦਾ ਹੈ ਕਿ ਬੇਣੀ ਦਾ ਘਰ ਕਿਹੜਾ ਹੈ? ਮਾਂ ਸੁਣ ਕੇ ਬਾਹਰ ਨਿਕਲੀ ਤੇ ਕਹਿਣ ਲੱਗੀ, ਘਰ ਤਾਂ ਇਹ ਹੀ ਹੈ; ਕੀ ਗੱਲ? ਉਹ ਕਹਿੰਦੇ ਕਿ ਬੇਣੀ ਕਥਾ ਕਰਦਾ ਹੈ, ਰਾਜਿਆਂ ਦਾ ਰਾਜਾ – ਮਹਾਰਾਜਾ ਜੋ ਹੈ ਉਹਦੇ ਦਰਬਾਰ ਵਿਚ ਰੋਜ਼ ਕਥਾ ਕਰਦਾ ਹੈ। ਉਸ ਨੇ ਵੀ ਰਮਜ਼ ਮਾਰੀ ਕਿਉਂਕਿ ਅਕਾਲ ਪੁਰਖ ਹੀ ਸਭ ਤੋਂ ਵੱਡਾ ਰਾਜਾ ਹੈ, ਉਹਦੇ ਦਰਬਾਰ ਵਿਚ ਬਿਰਤੀ ਨਾਲ ਪਹੁੰਚਦਾ ਸੀ। ਬੇਣੀ ਝੂਠ ਨਹੀਂ ਸੀ ਬੋਲਦਾ ਕਿ ਮੈਂ ਰਾਜ-ਦੁਆਰ ਜਾਂਦਾ ਹਾਂ – ਕਥਾ ਕਰਨ ਵਾਸਤੇ। ਗੱਲ ਤਾਂ ਉਹ ਸੱਚੀ ਕਹਿੰਦਾ ਸੀ ਪਰ ਉਹ ਨਹੀਂ ਸੀ ਸਮਝਦੀ। ਰਾਜਾ ਕਹਿਣ ਲੱਗਾ ਕਿ ਅੱਜ ਕਥਾ ਦੇ ਪਹਿਲੇ ਭਾਗ ਦਾ ਭੋਗ ਪਿਆ ਹੈ, ਆਹ ਜੋ ਸਾਮਾਨ ਲਿਆਂਦਾ ਹੈ ਇਹ ਭੇਟਾ ਚੜ੍ਹੀ ਸੀ, ਇਹ ਮੈਂ ਦੇਣ ਵਾਸਤੇ ਆਇਆ ਹਾਂ, ਇਹ ਨੂੰ ਸਾਂਭ ਲਓ –

***ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਬੇਅੰਤ ਖਰਚ ਪਹੁੰਚਾ ਦਿਤਾ, ਗਿਣਤੀ ਤੋਂ ਬਾਹਰ ਚੀਜ਼ਾਂ ਪਹੁੰਚਾ ਦਿਤੀਆਂ। ਉਹ ਹੈਰਾਨ ਹੋਈ ਜਾਂਦੀ ਹੈ, ਗੱਡਿਆਂ ਤੋਂ ਉਤਾਰ ਕੇ ਰੱਖੀ ਜਾਂਦੇ ਨੇ – ਇਹ ਮੋਹਰਾਂ ਨੇ, ਇਹ ਗਹਿਣੇ ਨੇ ਤੇਰੇ ਵਾਸਤੇ, ਆਹ ਰਾਜਿਆਂ ਦੇ ਪਹਿਨਣ ਵਾਲੇ ਕਪੜੇ ਨੇ। ਅਲੌਕਿਕ ਚੀਜ਼ਾਂ ਦੇਖ ਕੇ ਪ੍ਰਸੰਨ ਹੋਈ ਜਾਂਦੀ ਹੈ, ਕਹਿੰਦੀ ਮੈਂ ਤਾਂ ਐਵੇਂ ਉਹਨੂੰ ਗਾਲਾਂ ਕਢਦੀ ਰਹੀ, ਨਿੰਦਿਆ ਵੀ ਕਰਦੀ ਰਹੀ, ਦੁਖੀ ਵੀ ਕੀਤਾ ਵਿਚਾਰੇ ਨੂੰ, ਪਰ ਹੈ ਬਹੁਤ ਚੰਗਾ, ਮੇਰੇ ਕਹੇ ਤੇ ਦੁਖੀ ਨਹੀਂ ਸੀ ਹੁੰਦਾ। ਪਛਤਾਉਣ ਲਗ ਪਈ ਤੇ ਕਹਿੰਦੀ ਕਿ ਇਹੋ ਜਿਹੇ ਰਾਜੇ ਦੇ ਕਥਾ ਕਰਨ ਜਾਂਦਾ ਸੀ, ਮੈਨੂੰ ਖੁਸ਼ ਹੋ ਕੇ ਤੋਰਨਾ ਚਾਹੀਦਾ ਸੀ, ਪਰ ਮੈਂ ਤਾਂ ਨਿਰਾਦਰ ਕਰਕੇ ਤੋਰਦੀ ਸੀ; ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਕਿਉਂ ਉਸ ਨੂੰ ਬੁਰਾ ਭਲਾ ਆਖਦੀ? ਇਸਤ੍ਰੀ ਮਾਇਆ ਰੂਪ ਹੁੰਦੀ ਹੈ, ਕਈ ਵਾਰੀ ਪ੍ਰਮੇਸ਼ਰ ਨਾਲ ਲੜ ਪਿਆ ਕਰਦੀ ਹੈ। ਭਗਤ ਤਰਲੋਚਨ ਦਾ ਜਦੋਂ ਨੌਕਰ ਨੱਠ ਗਿਆ, ਉਸ ਵੇਲੇ ਉਸਦੀ ਪਤਨੀ ਬਹੁਤ ਨਰਾਜ਼ ਹੋਈ ਕਿ ਆਪ ਵੀ ਨਿਪੁਤਾ ਹੈ ਤੇ ਸਾਨੂੰ ਵੀ ਨਿਪੁਤੇ ਕਰ ਛੱਡਿਆ। ਪ੍ਰਮੇਸ਼ਰ ਦਾ ਕਿਹੜਾ ਵਿਆਹ ਹੋਇਆ ਹੋਇਆ ਹੈ, ਸਾਨੂੰ ਵੀ ਉਵੇਂ ਹੀ ਰਖਦਾ ਹੈ। ਮਸਾਂ ਇਕ ਨੌਕਰ ਆਇਆ ਸੀ, ਉਹ ਵੀ ਨਠਾ ਦਿਤਾ। ਲੋਕਾਂ ਦੇ ਬੱਚਿਆਂ ਦੀਆਂ ਧਾੜਾਂ ਫਿਰਦੀਆਂ ਨੇ, ਸਾਨੂੰ ਇਕ ਵੀ ਨਹੀਂ ਦਿਤਾ ਜੋ ਬੁਢਾਪੇ ਦਾ ਹੀ ਸਹਾਰਾ ਬਣ ਜਾਵੇ; ਇਕ ਤਾਂ ਦੇ ਦਿੰਦਾ? ਕਾਹਦੀ ਤੂੰ ਭਗਤੀ ਕਰਦਾ ਹੈਂ? ਇਸ ਤਰ੍ਹਾਂ ਗੁੱਸੇ ਹੋਈ ਜਾਂਦੀ ਹੈ। ਉਹ ਕਹਿਣ ਲੱਗਿਆ, ਕਿਉਂ ਤੂੰ ਗਲਤ ਗੱਲ ਕਰਦੀ ਹੈਂ? ਕਿਉਂ ਪ੍ਰਮੇਸ਼ਰ ਨੂੰ ਦੋਸ਼ ਦਿੰਦੀ ਹੈਂ? ਦੋਸ਼ ਤਾਂ ਤੇਰੇ ਕਰਮਾਂ ਦਾ ਹੈ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ – 433***

ਕਿਉਂ ਦੋਸ਼ ਦੇ ਰਹੀ ਹੈਂ, ਕਿਉਂ ਨਿੰਦਿਆ ਕਰਦੀ ਹੈਂ? ਨਾਰਾਇਣ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਤੂੰ ਤਾਂ ਭੁੱਲ ਗਈ ਐਂ ਨਾਰ ਗਵਾਰੇ,***
***ਨਿੰਦਿਆ ਨਾਰਾਇਣ ਦੀ ਕਰੇਂ – 2, 2***

***ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥***
***ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ਪੰਨਾ – 695***

ਸੋ ਜਦੋਂ ਉਸ ਨੇ ਦੇਖਿਆ ਕਿ ਐਨਾ ਸਾਮਾਨ ਭੇਜ ਦਿਤਾ, ਮੈਂ ਤਾਂ ਐਵੇਂ ਹੀ ਰਾਜੇ ਦੀ ਨਿੰਦਿਆ ਕਰਦੀ ਰਹੀ, ਲੜਦੀ ਰਹੀ, ਗਾਲ੍ਹਾਂ ਕਢਦੀ ਰਹੀ। ਕਹਿਣ ਲੱਗੀ ਕਿ ਤੁਹਾਡਾ ਰਾਜਾ ਤਾਂ ਬਹੁਤ ਚੰਗਾ ਹੈ। ਪ੍ਰਮੇਸ਼ਰ ਤਾਂ ਸਾਮ੍ਹਣੇ ਖੜ੍ਹਾ ਹੈ। ਕਹਿੰਦੇ, ਬੀਬੀ! ਉਸ ਰਾਜੇ ਦੇ ਘਰ ਘਾਟਾ ਤਾਂ ਕੋਈ ਨਹੀਂ ਪਰ ਥੋੜ੍ਹੀ ਜਿਹੀ ਦੇਰ ਹੋ ਗਈ। ਜੋ ਕੁਝ ਕੋਈ ਮੰਗਦਾ ਹੈ,


Sri Satguru Jagjit Singh Ji eLibrary NamdhariElibrary@gmail.com

ਉਹ ਦੇ ਦਿੰਦਾ ਹੈ –

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥ ਪੰਨਾ – 714***

ਪਰ ਬੇਣੀ ਨੇ ਤਾਂ ਮੈਥੋਂ ਕੁਛ ਮੰਗਿਆ ਹੀ ਨਹੀਂ। ਉਹ ਕਹਿਣ ਲੱਗੀ, ਫੇਰ ਇਹ ਕੀ ਗੱਲ, ਬਿਨਾਂ ਮੰਗੇ ਤੋਂ ਹੀ ਦੇ ਦਿਤਾ? ਕਹਿੰਦੇ ਉਹ ਤਾਂ ਬਿਨਾਂ ਮੰਗੇ ਤੋਂ ਹੀ ਦੇ ਦਿੰਦਾ ਹੈ, ਅਣਮੰਗਿਆ ਦਾਨ ਦੇ ਦਿੰਦਾ ਹੈ; ਜਿਹੜੇ ਮੰਗਦੇ ਹਨ ਉਨ੍ਹਾਂ ਨੂੰ ਵੀ ਦਿੰਦਾ ਹੈ, ਜਿਹੜੇ ਨਹੀਂ ਮੰਗਦੇ ਉਨ੍ਹਾਂ ਨੂੰ ਵੀ ਦਿੰਦਾ ਹੈ ਕਿਉਂਕਿ ਉਹ ਰਾਜਾ ਸਭ ਦਾ ਧਿਆਨ ਰਖਦਾ ਹੈ, ਸਾਰੀ ਸ੍ਰਿਸ਼ਟੀ ਦਾ ਪਾਲਣਹਾਰਾ ਹੈ –

***ਦੇਇ ਦਿਲਾਸਾ ਤੁਸਿਕੈ ਅਨਗਣਤੀ ਖਰਚੀ ਪਹੁੰਚਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਫਿਰ ਬੀਬੀ ਅਸੀਸਾਂ ਦੇਣ ਲਗ ਪਈ ਕਿ ਮਹਾਰਾਜ ਰਾਜੇ ਦੀ ਉਮਰ ਵੱਡੀ ਕਰੇ, ਇਹ ਤਾਂ ਬਹੁਤ ਚੰਗਾ ਹੈ, ਮੈਂ ਤਾਂ ਐਵੇਂ ਹੀ ਕਹਿੰਦੀ ਰਹੀ। ਰਾਜਾ ਕਹਿੰਦਾ, ਬੀਬੀ! ਹੁਣ ਬੇਣੀ ਕੋਲ ਜਾਂਦਾ ਹਾਂ ਮੈਂ। ਬੀਬੀ ਕਹਿਣ ਲੱਗੀ, ਜੇ ਭੋਗ ਪੈ ਗਿਆ ਤਾਂ ਉਸ ਨੂੰ ਛੇਤੀਂ ਘਰ ਭੇਜ ਦਿਉ –

***ਓਥਹੁ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ***
***ਉਪਜਾਵੈ॥ ਭਾਈ ਗੁਰਦਾਸ ਜੀ, 10/14***

ਉਥੋਂ ਆ ਕੇ ਜੰਗਲ ਵਿਚ ਚਲਾ ਗਿਆ – ਬੇਣੀ ਦੇ ਕੋਲ। ਬੇਣੀ ਭਗਤੀ ਦੇ ਵਿਚ ਲੀਨ ਹੋਇਆ ਹੋਇਆ ਹੈ। ਉਸ ਦੀ ਬਿਰਤੀ ਬਾਹਰ ਖਿੱਚ ਲਈ। ਬੇਣੀ ਨੇ ਜਦੋਂ ਨੇਤਰ ਖੋਲ੍ਹੇ ਤਾਂ ਕੀ ਦੇਖਦਾ ਹੈ ਕਿ ਜਿਹੜੇ ਸਰੂਪ ਦਾ ਅੰਦਰ ਧਿਆਨ ਧਰਿਆ ਸੀ, ਉਹੀ ਬਾਹਰ ਦਿਸ ਰਿਹਾ ਹੈ, ਬੇਣੀ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਨੇ, ਕਹਿੰਦਾ ਹੇ ਵਾਹਿਗੁਰੂ! ਐਨਾ ਚਿਰ! ਤੁਸੀਂ ਆਪ ਆਏ! ਐਨੀ ਖੇਚਲ ਕੀਤੀ।

ਸੋ ਰੱਬ ਦੇ ਉਤੇ ਕਿਸੇ ਦੀ monopoly (ਖਾਸ ਹੱਕ, ਜ਼ੋਰ) ਨਹੀਂ ਹੁੰਦੀ ਕਿ ਵਾਹਿਗੁਰੂ ਸਾਡਾ ਹੀ ਹੈ। ਉਹ ਤਾਂ ਸਾਰੇ ਸੰਸਾਰ ਦਾ ਹੈ। ਜਿਥੇ ਵੀ ਕੋਈ ਸੁੱਚਤਾ ਦੇ ਨਾਲ ਹਿਰਦੇ ਦੇ ਅੰਦਰ ਉਹਨੂੰ ਯਾਦ ਕਰਦਾ ਹੈ ਭਾਵੇਂ ਉਹ ਹਿੰਦੂ ਹੈ, ਭਾਵੇਂ ਸਿੱਖ ਹੈ, ਭਾਵੇਂ ਮੁਸਲਮਾਨ ਹੈ, ਭਾਵੇਂ ਈਸਾਈ ਹੈ, ਵਾਹਿਗੁਰੂ ਉਸ ਦੇ ਪਿਛੇ ਲੱਗਿਆ ਫਿਰਦਾ ਹੈ, ਉਹ ਜਾਤ ਪਾਤ ਨਹੀਂ ਦੇਖਦਾ, ਉਹ ਤਾਂ ਹਿਰਦੇ ਦੀ ਸਚਾਈ ਦੇਖਦਾ ਹੈ –

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥***
***ਪੰਨਾ – 1367***

ਪ੍ਰਮੇਸ਼ਰ ਤਾਂ ਇਹ ਕਹਿੰਦਾ ਹੈ ਕਿ ਮੈਨੂੰ ਤਾਂ ਆਪਣੇ ਪਿਆਰਿਆਂ ਦੀ ਸੇਵਾ ਕਰਕੇ ਆਨੰਦ ਆਉਂਦਾ ਹੈ। ਉਹ ਮੇਰੀ ਸੇਵਾ ਕਰਦੇ ਨੇ ਤੇ ਮੇਰੀ ਵੀ ਡਿਊਟੀ ਹੈ ਕਿ ਮੈਂ ਉਨ੍ਹਾਂ ਦੀ ਸੇਵਾ ਕਰਾਂ। ਸੋ ਉਥੇ ਪਿਆਰ ਦੇ ਵਿਚ ਦੋਵੇਂ ਇਕ-ਮਿਕ ਹੋਏ ਬੈਠੇ ਨੇ –

***ਭਗਤ ਜਨਾਂ ਜੈਕਾਰੁ ਕਰਾਵੈ॥***
***ਭਾਈ ਗੁਰਦਾਸ ਜੀ, ਵਾਰ 10/14***

ਭਗਤਾਂ ਦੀ ਜੈ ਜੈਕਾਰ ਕਰਾਉਂਦਾ ਹੈ ਕਿਉਂਕਿ ਜੁਗਾਂ ਜੁਗਾਂਤਰਾਂ ਤੋਂ ਐਸਾ ਹੀ ਉਸ ਦਾ ਬਿਰਦ ਹੈ –

***ਧਾਰਨਾ – ਪੈਜ ਜੁਗੋ ਜੁਗ ਰਖਦਾ ਆਇਆ,***
***ਆਪਣਿਆਂ ਭਗਤਾਂ ਦੀ – 2, 2.***
***ਪਿਆਰੇ ਜੀ, ਆਪਣਿਆਂ ਭਗਤਾਂ ਦੀ–2, 2.***
***ਪੈਜ ਜੁਗੋ ਜੁਗ ਰਖਦਾ ਆਇਆ,........2***

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥***
***ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥***
***ਪੰਨਾ – 451***

ਸੋ ਇਸ ਤਰ੍ਹਾਂ ਬੇਨਤੀ ਕੀਤੀ ਸੀ ਕਿ ਜਿਥੇ ਵਾਹਿਗੁਰੂ ਜੀ ਦਾ ਨਾਮ ਅਮੁੱਲਾ ਹੈ, ਉਥੇ ਵਾਹਿਗੁਰੂ ਸੁੰਨ-ਮੁੰਨ ਨਹੀਂ ਹੈ, ਜ਼ੀਰੋ ਨਹੀਂ ਹੈ ਕਿਉਂਕਿ ਬਹੁਤ ਵੱਡਾ ਭੁਲੇਖਾ ਪੈ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਉਹਦਾ ਕੋਈ ਚੱਕਰ ਚਿਹਨ ਨਹੀਂ ਹੈ, ਜਾਤ-ਪਾਤ ਨਹੀਂ ਹੈ, ਰੂਪ-ਰੰਗ ਨਹੀਂ ਹੈ, ਪਰ ਸਾਧ ਸੰਗਤ ਜੀ! ਜਿੰਨਾਂ ਕੁਝ ਦਿਸਦਾ ਹੈ, ਸੁਣਦਾ ਹੈ, ਸਭ ਕੁਝ ਉਹੀ ਹੈ। ਉਹਦਾ ਤਾਂ ਸਭ ਕੁਝ ਹੀ ਹੈ; ਉਹਦਾ ਸਰਗੁਣ ਸਰੂਪ ਦੇਖਣਾ ਹੈ ਤਾਂ ਸੰਸਾਰ ਨੂੰ ਦੇਖ ਲਉ, ਨਿਰਗੁਣ ਸਰੂਪ ਦੇਖਣਾ ਹੈ ਤਾਂ ਮਿਹਨਤ ਕਰ ਲਉ, ਹਰ ਥਾਂ ਤੇ ਨਜ਼ਰ ਆ ਜਾਏਗਾ ਤੇ ਹਿਰਦੇ ਦੇ ਵਿਚ ਹੀ ਪ੍ਰਗਟ ਹੋ ਜਾਏਗਾ। ਸੋ ਏਸ ਕਰਕੇ ਬੇਨਤੀ ਕੀਤੀ ਸੀ, ਸਾਰੇ ਪ੍ਰੇਮ ਨਾਲ ਬੋਲੋ –

***ਧਾਰਨਾ – ਤੂੰ ਪਰਬਤ ਮੇਰਾ ਓਲਾ ਜੀ,***
***ਵਾਰੀ ਵੰਞਾ, ਘੋਲੀ ਵੰਞਾ – 2, 2.***
***ਵਾਰੀ ਵੰਞਾਂ, ਘੋਲੀ ਵੰਞਾਂ,***
***ਵਾਰੀ ਵੰਞਾਂ ਘੋਲੀ ਵੰਞਾਂ – 2, 2.***
***ਤੂ ਪਰਬਤ ਮੇਰਾ ਓਲਾ ਜੀ,......।***

ਸਾਧ ਸੰਗਤ ਜੀ! ਓਲਾ ਵੀ ਕਿਹੋ ਜਿਹਾ ਹੈ, ਨਾ ਹਵਾ ਨਾਲ ਉਡੇ, ਨਾ ਚੁੱਕਿਆ ਜਾਵੇ, ਐਸਾ ਓਲਾ ਪ੍ਰਮੇਸ਼ਰ ਹੈ – ਪਰਬਤ ਵਰਗਾ। ਜਦੋਂ ਇਹ ਵਿਸ਼ਵਾਸ਼ ਮਨ ਵਿਚ ਆ ਜਾਵੇ, ਫੇਰ ਉਹਦੇ ਨਾਲ ਨੇੜਤਾ ਹੋ ਜਾਂਦੀ ਹੈ। ਨਾਮ ਜਪਣ ਵਿਚ ਸੁਆਦ ਆਇਆ ਕਰਦਾ ਹੈ। ਨਾਮ ਜਪਣਾ ਕੋਈ ਨਿਰਾਰਥਕ ਕ੍ਰਿਆ ਵਾਲੀ ਗੱਲ ਨਹੀਂ ਹੈ ਕਿ ਉਹ ਸੁਣਦਾ ਵੀ ਹੈ ਕਿ ਨਹੀਂ, ਸੰਸਾ ਪੈ ਜਾਂਦਾ ਹੈ। ਸੋ ਤਿੰਨ ਦੋਸ਼ ਨੇ ਆਦਮੀ ਦੇ ਅੰਦਰ – ਅਸ਼ਰਧਾ, ਸੰਸਾ ਅਤੇ ਅਗਿਆਨ। ਇਨ੍ਹਾਂ ਤਿੰਨਾਂ ਦੋਸ਼ਾਂ ਨਾਲ ਸਾਰਾ ਸੰਸਾਰ ਦੁਖੀ ਹੈ। ਇਹ ਤਿੰਨੇ ਦੂਰ ਕਰ ਦਿਉ, ਸੁਖ ਤਾਂ ਬਿਲਕੁਲ ਨਾਲ ਹੀ ਨੇੜੇ ਹੀ ਪਿਆ ਹੈ, ਵਾਹਿਗੁਰੂ ਆਪ ਹੀ ਸੁਖ ਸਰੂਪ ਹੈ, ਸੁਖਾਂ ਦਾ ਸਮੁੰਦਰ ਹੈ। ਸੂਰਜ ਦੀਆਂ ਅਰਬਾਂ ਕਿਰਨਾਂ ਨੇ, ਸੰਸਾਰ ਰੂਪ ਹੋ ਪ੍ਰਗਟ ਹੋ ਰਿਹਾ ਹੈ। ਆਪ ਭੀ ਇਹ ਇਕ ਕਿਰਨ ਹੀ ਹੈ। ਜੋ ਸਤਿਸੰਗ ਵਿਚ ਸੁਣਦੇ ਹੋ, ਇਸ ਨੂੰ ਨਾਲ ਦੀ ਨਾਲ ਮਨ ਵਿਚ ਵਸਾਇਆ ਕਰੋ। ਫੇਰ ਰੂਹਾਨੀ ਤਰੱਕੀ ਹੋਵੇਗੀ। ਸੋ ਹੁਣ ਇਥੇ ਹੀ ਸਮਾਪਤ ਕਰਦੇ ਹਾਂ। ਅਰਦਾਸ ਹੋਵੇਗੀ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

**L L L L L L L**



Sri Satguru Jagjit Singh Ji eLibrary NamdhariElibrary@gmail.com

# ਸਮਾਗਮ ਸਰਗਰਮੀਆਂ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਵੱਲੋਂ ਜਿਥੇ ਮਨੁੱਖ ਦੀ ਰੂਹਾਨੀ ਖੁਰਾਕ ਪੂਰੀ ਕਰਨ ਲਈ ਅਨੇਕਾਂ ਉਪਰਾਲੇ ਹੋ ਰਹੇ ਹਨ ਉਥੇ ਨਾਲ ਹੀ ਨਾਲ ਇਸ ਦੇ ਸਰੀਰ ਨੂੰ ਰਿਸ਼ਟ ਪੁਸ਼ਟ ਤੇ ਰੋਗ ਰਹਿਤ ਰੱਖਣ ਲਈ ਵੀ ਅਨੇਕਾਂ ਯਤਨ ਜਾਰੀ ਹਨ। ਪਿਛਲੇ ਦਿਨੀ ਧਮੋਟ ਵਿਖੇ ਨਵੀਂ ਡਿਸਪੈਂਸਰੀ ਉਸਾਰਨ ਦਾ ਪੂਰਾ ਜ਼ੁੰਮਾ ਲੈ ਕੇ ਨਵੇਂ ਸਿਰੇ ਤੋਂ ਬਿਲਡਿੰਗ ਦੀ ਉਸਾਰੀ ਸ਼ੁਰੂ ਕਰ ਦਿਤੀ ਗਈ ਹੈ। ਪਿੰਡ ਦੀ ਪੰਚਾਇਤ ਦੇ ਨਵੇਂ ਪੁਰਾਣੇ ਪੰਚ ਸਰਪੰਚ ਤੇ ਗੁਰਦੁਆਰਿਆਂ ਦੇ ਪ੍ਰਧਾਨ ਸਭ ਇਕੱਠੇ ਹੋ ਕੇ ਇਸ ਪ੍ਰਉਪਕਾਰੀ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਆਪਸ ਵਿਚ ਪ੍ਰੇਮ ਭਾਵ ਤੇ ਉਤਸ਼ਾਹ ਨਾਲ ਮਿਲ ਕੇ ਕੰਮ ਕਰਨ ਲਈ ਯਤਨਸ਼ੀਲ ਹੋ ਰਹੇ ਹਨ।

ਇਸੇ ਤਰ੍ਹਾ ਪਿੰਡ ਚਾਹੜ ਮਾਜਰਾ ਵਿਖੇ ਉਥੋਂ ਦੇ ਮੁਸਲਿਮ ਮੱਤ ਦੇ ਮੰਨਣ ਵਾਲਿਆਂ ਦੀ ਬੇਨਤੀ ਪਰਵਾਨ ਕਰਕੇ ਮਹਾਂਪੁਰਸ਼ਾਂ ਨੇ ਮਸਜਿਦ ਉਸਾਰਨੀ ਸ਼ੁਰੂ ਕੀਤੀ ਸੀ ਜੋ ਕਿ ਬਣ ਕੇ ਤਕਰੀਬਨ ਤਿਆਰ ਹੋ ਚੁਕੀ ਹੈ ਜਿਥੇ ਕਿ ਉਹ ਅੱਲਾ ਦੀ ਇਬਾਦਤ ਕਰਕੇ ਰੂਹਾਨੀ ਖੁਸ਼ੀ ਪ੍ਰਾਪਤ ਕਰ ਸਕਣਗੇ।

26 ਜਨਵਰੀ, ਮੰਗਲਵਾਰ ਵਾਲੇ ਦਿਨ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਦੀ ਉਸਾਰੀ ਹਿਤ ਟੱਕ ਲਾਉਣ ਤੇ ਨੀਂਹ ਰੱਖਣ ਦੀ ਰਸਮ ਪੰਜ ਮਹਾਂਪੁਰਸ਼ਾਂ ਦੇ ਕਰ ਕਮਲਾਂ ਤੋਂ ਕਰਵਾਈ ਜਾਣੀ ਸੀ। ਸੰਗਤਾਂ ਵਿਚ ਇਹ ਸਮਾਗਮ ਦੇਖਣ ਦਾ ਅਥਾਹ ਚਾਅ ਤੇ ਉਮਾਹ ਸੀ। ਬਿਲਡਿੰਗ ਵਾਲੀ ਥਾਂ ਦੀ ਆਰਕੀਟੈਕਟ ਤੇ ਪ੍ਰਬੰਧਕਾਂ ਦੁਆਰਾ 24 ਜਨਵਰੀ ਨੂੰ ਹੀ ਮਾਰਕਿੰਗ ਕਰ ਦਿਤੀ ਗਈ ਸੀ ਤੇ ਬੁਰਜੀਆਂ ਦੇ ਨਿਸ਼ਾਨ ਲਗਾ ਦਿਤੇ ਗਏ ਸਨ। ਇਸ ਥਾਂ ਨੂੰ ਉਚੇਚੇ ਤੌਰ ਤੇ ਸਜਾਇਆ ਗਿਆ ਸੀ। ਪੰਜ ਮਹਾਂਪੁਰਸ਼ਾਂ, ਜਿਨ੍ਹਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਇਹ ਰਸਮ ਅਦਾ ਕਰਨੀ ਸੀ, ਦੇ ਆਦਰ ਵਾਸਤੇ ਇਕ ਗੇਟ ਬਣਾਇਆ ਗਿਆ ਤੇ ਅੰਦਰ ਮੈਟ ਵਿਛਾ ਕੇ ਚਿੱਟੀਆਂ ਚਾਦਰਾਂ ਦੀ ਵਿਛਾਈ ਕੀਤੀ ਗਈ ਸੀ। ਨੀਂਹ ਪੁੱਟਣ ਵਾਲੀ ਥਾਂ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੇ ਜਲ ਤੇ ਰਾੜਾ ਸਾਹਿਬ ਦੇ ਸਰੋਵਰ ਦੇ ਜਲ ਨਾਲ ਸਿੰਚ ਕੇ ਨਰਮ ਬਣਾਇਆ ਗਿਆ ਸੀ ਤੇ ਉੱਤੇ ਫੁੱਲਾਂ ਪੱਤੀਆਂ ਦਾ ਬੈਡ ਬਣਾਇਆ ਗਿਆ ਸੀ। ਇਸ ਥਾਂ ਤੇ ਸਿੰਘਾਂ ਦੁਆਰਾ ਜਪੁਜੀ ਸਾਹਿਬ ਦੇ ਪਾਠਾਂ ਦਾ ਪਰਵਾਹ ਵੀ ਚਲਾਇਆ ਗਿਆ ਸੀ। ਕਿਸੇ ਪ੍ਰੇਮੀ ਨੂੰ ਅੰਦਰ ਜੋੜਾ ਲੈ ਕੇ ਆਉਣ ਦੀ ਇਜ਼ਾਜਤ ਨਹੀਂ ਸੀ। ਇਸ ਥਾਂ ਤੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਕੀਰਤਨ ਦੁਆਰਾ ਵਾਤਾਵਰਨ ਸੁਗੰਧਤ ਹੋ ਰਿਹਾ ਸੀ। ਜਿਉਂ ਪੰਜ ਆਤਮਾ, ਸੰਤ ਬਾਬਾ ਪਰਮਜੀਤ ਸਿੰਘ ਜੀ ਮਾਹਲਪੁਰ, ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ ਵਾਲੇ, ਸੰਤ ਬਾਬਾ ਜਸਵੰਤ ਸਿੰਘ ਜੀ ਰਾੜਾ ਸਾਹਿਬ ਅਤੇ ਸੰਤ ਬਾਬਾ ਬਲਵੰਤ ਸਿੰਘ ਜੀ ਸ੍ਰੀ ਮਾਨ ਰਾੜਾ ਸਾਹਿਬ ਆਪਣੀ ਪਰੰਪਰਾਗਤ ਪੁਸ਼ਾਕਿਆਂ ਵਿਚ ਤੇ ਹੱਥਾਂ ਵਿਚ ਨਿਸ਼ਾਨ ਸਾਹਿਬ ਲੈ ਕੇ ਗੁਰੂ ਮਹਾਰਾਜ ਸ੍ਰੀ ਗੁਰੂ ਗਰੰਥ ਸਾਹਿਬ ਜੀ ਵੱਲ ਵਧੇ ਤਾਂ ਬਾਬਾ ਜੀ, ਬੀਜੀ ਤੇ ਸੰਗਤ ਵਲੋਂ ਇਨ੍ਹਾਂ ਦਾ ਬੈਂਡ ਵਾਜੇ ਤੇ ਜੈਕਾਰਿਆਂ ਦੀ ਧੁੰਨ ਵਿਚ ਹਾਰਦਿਕ ਸਵਾਗਤ ਕੀਤਾ ਗਿਆ। ਉਪਰੰਤ ਅਰਦਾਸ ਕਰਕੇ ਕਾਰਜ ਦੀ ਪਰਾਰੰਭਤਾ ਦਾ ਹੁਕਮ ਨਾਮਾ ਗੁਰੂ ਮਹਾਰਾਜ ਪਾਸੋਂ ਲਿਤਾ ਗਿਆ।

ਬੈਂਡ ਵਾਜੇ ਦੀਆਂ ਧੁੰਨਾਂ ਤੇ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਵਿਚ ਇਹ ਪੰਜ ਪਿਆਰਿਆਂ ਦਾ ਜਥਾ ਵਿਸ਼ੇਸ਼ ਪੁਸ਼ਾਕਿਆਂ ਵਿਚ ਸਜੇ, ਬਾਬਾ ਜੀ ਦੀ ਅਗਵਾਈ ਹੇਠ ਟੱਕ ਲਾਣ ਵਾਲੀ ਥਾਂ ਤੇ ਪਹੁੰਚਿਆ। ਬਾਬਾ ਜੀ ਨੇ ਇਸ ਮੌਕੇ ਤੇ ਸੁਨਿਹਰੀ ਪਲੇਟਿੰਗ ਤੇ ਸੁਨਿਹਰੀ ਦਸਤੇ ਵਾਲੀ ਕਹੀ ਇਕ ਇਕ ਪੰਜ ਪਿਆਰੇ ਨੂੰ ਫੜਾਈ ਤੇ ਸਾਰਿਆਂ ਨੇ ਵਾਰੋ-ਵਾਰ ਪੰਜ ਪੰਜ ਟੱਕ ਲਗਾਏ ਅਤੇ ਟੱਕਾਂ ਰਾਹੀਂ ਨਿਕਲੀ ਮਿੱਟੀ ਨੂੰ ਇਕ ਖਾਸ ਬਰਤਨ ਵਿਚ ਸੰਭਾਲ ਕੇ ਰੱਖ ਲਿਆ ਗਿਆ। ਬਾਬਾ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਇਹ ਪੰਜ ਪਿਆਰੇ ਸਾਡੇ ਲਈ ਦਸ਼ਮੇਸ਼ ਪਿਤਾ ਸਮਾਨ ਹਨ ਤੇ ਆਪ ਉਨ੍ਹਾਂ ਨੂੰ ਨਮਸ਼ਕਾਰ ਕੀਤੀ ਅਤੇ ਕਿਹਾ ਕਿ ਇਨ੍ਹਾਂ ਦੇ ਕਰ ਕਮਲਾਂ ਤੋਂ ਨਿਕਲੀ ਮਿੱਟੀ ਮਹਾਂ ਪਵਿੱਤਰ ਚਰਨਧੂੜ ਹੈ ਜੋ ਇਸ ਸਥਾਨ ਤੇ ਰੱਖੀ ਜਾਏਗੀ। ਇਸੇ ਤਰ੍ਹਾਂ ਇਨ੍ਹਾਂ ਦੇ ਹੱਥਾਂ ਨਾਲ ਛੁਹ ਪ੍ਰਾਪਤ ਕੀਤੀ ਹੋਈ ਕਹੀ ਤੇ ਕਰੰਡੀ ਵੀ ਇਕ ਐਨਟੀਕ ਦੇ ਤੌਰ ਤੇ ਇਸ ਅਸਥਾਨ ਤੇ ਸੁਰਖਿਅਤ ਰੱਖੀ ਜਾਵੇਗੀ।

ਬਾਬਾ ਜੀ ਨੇ ਇਸ ਅਸਥਾਨ ਦੀ ਮਹੱਤਤਾ ਬਾਰੇ ਦੱਸਿਆ ਕਿ ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ ਤੇ ਸੰਤ ਬਾਬਾ ਕਰਤਾਰ ਸਿੰਘ ਭੈਰੋਂ ਮਾਜਰੇ ਵਾਲੇ ਤੇ ਵੱਡੇ ਮਹਾਰਾਜ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਉਨ੍ਹਾਂ ਨੂੰ ਗੁਪਤ ਸੰਕੇਤ ਦੇ ਕੇ ਸਮਝਾਉਂਦੇ ਰਹੇ ਕਿ ਇਹ ਅਸਥਾਨ ਬਣਾਓ ਭਾਵੇਂ ਉਹ ਆਪ ਖੁਦ ਇਹ ਅਸਥਾਨ ਬਨਾਉਣ ਦੇ ਹੱਕ ਵਿਚ ਨਹੀਂ ਸਨ। ਇਸੇ ਤਰ੍ਹਾਂ ਪੰਜਾਂ ਮਹਾਤਮਾਵਾਂ ਨੇ ਵੀ ਵਾਰੋ-ਵਾਰੀ ਦੋ-ਦੋ ਤਿੰਨ-ਤਿੰਨ ਮਿੰਟ ਲਾ ਕੇ ਆਪੋ-ਆਪਣੇ ਅਨੁਭਵ ਦੱਸੇ ਤੇ ਬਾਬਾ ਜੀ ਦੀ ਘਾਲ ਕਮਾਈ ਬਾਰੇ ਸੰਗਤਾਂ ਨੂੰ ਦੱਸਿਆ।

ਇਸ ਤੋਂ ਬਾਅਦ ਆਰਕੀਟੈਕਟ ਦੇ ਨਿਰਦੇਸ਼ ਅਨੁਸਾਰ ਨੀਂਹ ਪੁੱਟੀ ਗਈ ਤੇ ਪੰਜ ਇੱਟਾਂ ਵੀ ਇਨ੍ਹਾਂ ਹੀ ਪੰਜ ਪਿਆਰਿਆਂ ਤੋਂ ਰਖਾਈਆਂ ਗਈਆਂ। ਇਸ ਕੰਮ ਲਈ ਬੀਜੀ ਨੇ ਪੰਜ ਚਾਂਦੀ ਦੇ ਸਿੱਕੇ ਰੱਖੇ ਹੋਏ ਸਨ ਜੋ ਬੀਜੀ ਵਾਰੋ-ਵਾਰੀ ਇਕ ਇਕ ਸਿੱਕਾ ਫੜਾਉਂਦੇ ਗਏ ਤੇ ਪੰਜੇ ਮਹਾਂਪੁਰਸ਼ਾਂ ਨੇ ਜੈਕਾਰਿਆਂ ਦੀ ਗੂੰਜ, ਬੈਂਡ ਵਾਜੇ ਦੀ ਧੁੰਨ ਤੇ ਆਤਸ਼ਬਾਜੀ ਦੀ ਖੁਸ਼ੀ ਵਿਚ ਪੰਜ ਇੱਟਾਂ ਦੁਆਰਾ ਨੀਂਹ ਰੱਖੀ ਤੇ ਇਹ ਰਸਮ ਸੰਪੰਨ ਹੋਈ। ਉਪਰੰਤ ਬਾਬਾ ਜੀ ਵਲੋਂ, ਆਏ ਪੰਜ ਪਿਆਰਿਆਂ ਅਤੇ ਹੋਰ ਆਏ ਹੋਏ ਪ੍ਰਹੁਣੇ ਸੰਤਾਂ ਨੂੰ ਭੇਟਾਵਾਂ ਦੇ ਕੇ ਉਨ੍ਹਾਂ ਦਾ ਆਦਰ ਮਾਣ ਕੀਤਾ।

ਵਲੱਗਣ ਵਾਲੀ ਥਾਂ ਤੇ ਸੰਗਤਾਂ ਦਾ ਮਹਾਨ ਇਕੱਠ ਹੋ ਗਿਆ ਸੀ ਤੇ ਇੰਜ ਪਰਤੀਤ ਹੁੰਦਾ ਸੀ ਕਿ ਮਾਨੋ ਸਵਰਗਾਂ ਦੇ ਦੇਵਤੇ ਹੇਠਾਂ ਉਤਰ ਕੇ ਇਸ ਰਮਣੀਕ ਨਜ਼ਾਰੇ ਦਾ ਅਨੰਦ ਮਾਣ ਰਹੇ ਹੋਣ, ਵਾਤਾਵਰਣ ਬਹੁਤ ਸ਼ਾਂਤ ਤੇ ਰਸਦਾਇਕ ਸੀ, ਕਿਸੇ ਦੀ ਕੋਈ ਫਾਲਤੂ ਆਵਾਜ ਨਹੀਂ ਆ ਰਹੀ ਸੀ, ਸਾਰੇ ਇਕ ਟੱਕ ਇਕ ਰਸ ਇਸ ਅਦਭੁਤ ਨਜ਼ਾਰੇ ਨੂੰ ਮਾਣ ਕੇ ਗੱਦ-ਗੱਦ ਹੋ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

ਉਪਰੰਤ ਸਮਾਪਤੀ ਦੀ ਅਰਦਾਸ ਹੋਈ, ਪੰਜਾਂ ਪਿਆਰਿਆਂ ਨੂੰ ਬੈਂਡ ਵਾਜੇ ਦੀ ਤੇ ਜੈਕਾਰਿਆਂ ਦੀ ਗੂੰਜ ਵਿਚ ਵਿਦਾਇਗੀ ਦਿਤੀ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਜਥੇ ਵਲੋਂ ਦੀਵਾਨ** – 28, 29 ਜਨਵਰੀ ਨੂੰ ਗੁ. ਡੰਡਾ ਸਾਹਿਬ ਸੰਧਵਾਂ (ਨਵਾਂ ਸ਼ਹਿਰ) ਵਿਖੇ ਗੁਰੂ ਹਰ ਰਾਇ ਸਾਹਿਬ ਦਾ ਜਨਮ ਦਿਨ ਬੜੇ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ ਸੰਗਤਾਂ ਨੇ ਜਥੇ ਦੇ ਕੀਰਤਨ ਦਾ ਅਨੰਦ ਮਾਣਿਆ।

ਯੂ.ਪੀ ਵਿਚ ਭਾਈ ਸਾਹਿਬ ਲਖਵੀਰ ਸਿੰਘ ਅਤੇ ਭਾਈ ਗੁਰਦੀਪ ਸਿੰਘ, ਖੁਬੀਆ ਨੰਗਲ ਦੇ ਜਥੇ ਵਲੋਂ 1.12.98 ਨੂੰ 70 ਪ੍ਰਾਣੀਆਂ ਨੇ, 7.12.98 ਨੂੰ ਮਜਾਰਾ ਫਾਰਮ ਪੀਲੀਭੀਤ ਵਿਖੇ 35 ਪ੍ਰਾਣੀਆਂ ਨੇ, 14.12.98 ਨੂੰ ਗੁਰਦੁਆਰਾ ਜੈਦਪੁਰਾ ਤਹਸੀਲ ਪੂਰਨਪੁਰ ਪੀਲੀਭੀਤ ਵਿਖੇ 182 ਪ੍ਰਾਣੀਆਂ ਨੇ, 21.12.98 ਨੂੰ ਗੁਰਦੁਆਰਾ ਭੀਮਰਪੁਰ ਤਹਸੀਲ ਪੁਆਇਆ (ਬੰਡਾ) ਜਿਲਾ ਸਾਹਜਹਾਨਪੁਰ ਵਿਖੇ 42 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਇਸ ਦੌਰਾਨ 700 ਦੇ ਕਰੀਬ ਆਤਮ-ਮਾਰਗ ਮੈਗਜ਼ੀਨ ਦੇ ਨਵੇਂ ਮੈਂਬਰ ਵੀ ਬਣੇ। ਜਨਵਰੀ ਮਹੀਨੇ ਵਿਚ ਯੂ. ਪੀ. ਵਿਚ ਵੱਖ ਵੱਖ ਥਾਵਾਂ ਤੇ ਦੀਵਾਨ ਲਗਾ ਕੇ 1437 ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ।

**ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ**

**ਐਤਵਾਰ –** ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ – 7, 14, 21, 28 ਮਾਰਚ, ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ –** 2 ਮਾਰਚ ਦਿਨ ਮੰਗਲਵਾਰ ਅਤੇ 31 ਮਾਰਚ ਦਿਨ ਬੁੱਧਵਾਰ, ਰਤਵਾੜਾ ਸਾਹਿਬ।

**ਸੰਗਰਾਂਦ** – 14 ਮਾਰਚ, ਦਿਨ ਐਤਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ –** 17 ਮਾਰਚ, ਦਿਨ ਬੁਧਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – ਡੇਰਾ ਹਿਰਦਾਪੁਰ ਚੰਗਰ ਜਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**For more information**

**please visit us on internet at :-**

**http://www.atammarg.org**

**&**

**http://www.atammarg.com**

# ਸਿਹਤ ਵਿਗਿਆਨ

## ਤਿਲੀ

1. ਨਸ਼ਾਦਰ ਦੋ ਰੱਤੀ ਦਹੀਂ ਅੱਧ ਰਿੜਕੇ ਨਾਲ ਰੋਜ਼ ਸਵੇਰੇ ਵੇਲੇ ਦੇਵੋ।

2. ਨੁਸ਼ਾਦਰ ਬਰੀਕ ਪੀਹ ਲਵੋ। ਘੀਕਵਾਰ ਦਾ ਪੱਤਾ ਚੀਰ ਕੇ ਉਸ ਉਤੇ ਛਿੜਕ ਕੇ ਧੁਪੇ ਲਟਕਾ ਦੇਵੋ ਤੇ ਹੇਠਾਂ ਚੀਨੀ ਦਾ ਭਾਂਡਾ ਰੱਖ ਦੇਵੋ। ਜੋ ਪਾਣੀ ਡਿਗੇ, ਉਹ ਸੰਭਾਲ ਲਵੋ ਦੋ ਤਿੰਨ ਬੂੰਦਾਂ ਪਤਾਸੇ ਵਿਚ ਪਾ ਕੇ ਦੇਵੋ।

3. ਕਾਲੀ ਮੂਸਲੀ 1 ਮਾਸਾ, ਮੇਨ ਫਲ 1 ਮਾਸਾ ਬਰੀਕ ਕਰ ਲਵੋ। ਪਾਣੀ ਨਾਲ ਰੋਜ਼ ਇਕ ਖੁਰਾਕ ਦੇਵੋ।

4. ਸਿੱਪ (ਸਾੜੀ ਹੋਈ) ਤਿੰਨ ਮਾਸੇ ਦੁੱਧ ਨਾਲ ਰੋਜ਼ ਦੇਵੋ।

5. ਨਿੰਬੂ ਦਾ ਪਾਣੀ 10 ਤੋਲੇ, ਸੰਖ ਦਾ ਚੂਰਾ 1 ਤੋਲਾ ਮਿਲਾ ਕੇ ਬੋਤਲ ਵਿਚ ਬੰਦ ਕਰ ਦੇਵੋ। ਸਵੇਰੇ ਸ਼ਾਮ ਦੋ ਦੋ ਤੋਲੇ ਬੋਤਲ ਹਿਲਾ ਕੇ ਪਿਲਾਵੋ।

## ਕਬਜ਼

1. ਸਿੱਨਾ ਦੇ ਪੱਤੇ (ਸਾਫ) ਪੰਜ ਤੋਲੇ, ਗਿਰੀ ਬਦਾਮ ਇਕ ਤੋਲਾ ਬਰੀਕ ਪੀਹ ਕੇ ਸ਼ਹਿਦ ਨਾਲ ਕੋਕਨ ਬੇਰ ਬਰਾਬਰ ਗੋਲੀਆਂ ਬਣਾ ਲਵੋ। ਇਕ ਗੋਲੀ ਰੋਜ਼ ਪਾਣੀ ਨਾਲ ਦੇਵੋ।

2. ਛਿਲਕਾ ਪੀਲੀ ਹਰੜ, ਸਿੱਨਾ, ਸੰਦਲ ਲਾਲ ਹਰ ਇਕ ਇਕ ਤੋਲਾ ਬਰੀਕ ਕਰ ਲਵੋ। ਛੇ ਮਾਸੇ ਗਰਮ ਦੁੱਧ ਜਾਂ ਗਰਮ ਪਾਣੀ ਨਾਲ ਦੇਵੋ।

3. ਏਲੂਆ ਇਕ ਤੋਲਾ, ਅਸਾਰਾ ਰੇਵੰਦ ਇਕ ਤੋਲਾ, ਮਸਤਗੀ ਰੂਮੀ ਛੇ ਮਾਸੇ, ਕੁੱਟ ਕੇ ਛੋਲਿਆਂ ਬਰਾਬਰ ਗੋਲੀਆਂ ਬਣਾ ਲਵੋ। ਰਾਤ ਨੂੰ ਸੌਣ ਵੇਲੇ ਦੋ ਗੋਲੀਆਂ ਵਰਤੋ।

4. ਹਰੜ ਜੁਲਾਬਾ ਇਕ ਤੋਲਾ ਕੁੱਟ ਕੇ ਬਦਾਮ ਰੋਗਨ ਨਾਲ ਚੋਪੜ ਕੇ ਇਕ ਤੋਲਾ ਖੰਡ ਮਿਲਾ ਲਵੋ। ਇਕ ਤੋਲਾ ਰਾਤ ਨੂੰ ਗਰਮ ਦੁੱਧ ਜਾਂ ਗਰਮ ਪਾਣੀ ਨਾਲ ਦੇਵੋ।

## ਦਸਤ

1. ਅਫੀਮ ਇਕ ਮਾਸਾ, ਸੁਹਾਗਾ ਖਿਲ ਇਕ ਮਾਸਾ, ਮਸਤਗੀ ਇਕ ਮਾਸਾ, ਸ਼ਿੰਗਰਫ ਇਕ ਮਾਸਾ ਬਰੀਕ ਪੀਹ ਕੇ ਛੋਲਿਆਂ ਬਰਾਬਰ ਗੋਲੀਆਂ ਬਣਾ ਲਵੋ। ਇਕ ਗੋਲੀ ਰੋਜ਼ ਪਾਣੀ ਨਾਲ ਦੇਵੋ।

2. ਰਾਲ ਦੋ ਤੋਲੇ, ਸੁਪਾਰੀ ਛੇ ਮਾਸੇ, ਪੋਸਤ ਛੇ ਮਾਸੇ, ਬਰੀਕ ਕਰ ਲਵੋ। ਸਵੇਰੇ ਸ਼ਾਮ ਤਿੰਨ-ਤਿੰਨ ਮਾਸੇ ਅਰਕ ਸੌਂਫ ਨਾਲ ਦੇਵੋ।

3. ਬਿਲ ਗਿਰੀ ਇਕ ਤੋਲਾ, ਦੇਸੀ ਖੰਡ ਇਕ ਤੋਲਾ ਬਰੀਕ ਕਰਕੇ ਮਿਲਾ ਲਵੋ। ਛੇ-ਛੇ ਮਾਸੇ ਦਿਨ ਵਿਚ ਦੋ ਵਾਰ ਲੱਸੀ ਨਾਲ ਦੇਵੋ।

L L L L L L L



Sri Satguru Jagjit Singh Ji eLibrary NamdhariElibrary@gmail.com